
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 20
August 24, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਸਿੰਧੂ ਅਤੇ ਸਾਕਸ਼ੀ ਨੇ ਬਚਾਈ ਭਾਰਤ ਦੀ ਆਨ

ਰਿਓ ਉਲੰਪਿਕ- ਹਾਲ ਹੀ ਵਿਚ ਰਿਓ ਵਿਖੇ ਹੋਏ ਉਲੰਪਿਕ ਮੁਕਾਬਲਿਆਂ ਵਿਚ ਭਾਰਤ ਦੀਆਂ ਦੋ ਮਹਾਨ ਬੇਟੀਆਂ ਪੀ. ਵੀ. ਸਿੰਧੂ ਅਤੇ ਸਾਕਸ਼ੀ ਮਲਿਕ ਨੇ ਮੈਡਲ ਜਿੱਤ ਕੇ ਭਾਰਤ ਦੀ ਆਨ ਨੂੰ ਬਚਾ ਲਿਆ ਹੈ। ਸਾਕਸ਼ੀ ਮਲਿਕ ਪਹਿਲਵਾਨ ਹੈ ਅਤੇ ਪੀ. ਵੀ. ਸਿੰਧੂ ਬੈਡਮਿੰਟਨ ਖਿਡਾਰਨ ਹੈ। ਇਸ ਦੇ ਨਾਲ ਜਿਮਨਾਸਟਕ ਖਿਡਾਰਨ ਦੀਪਾ ਕਰਮਾਕਰ ਵੀ ਮੈਡਲ ਜਿੱਤਦੀ ਬੇਸ਼ੱਕ ਰਹਿ ਗਈ ਪਰ ਉਸ ਦੀ ਖੇਡ ਦੀ ਸਾਰੀ ਦੁਨੀਆਂ ਵਿਚ ਪ੍ਰਸੰਸਾ ਹੋਈ।

ਭਾਰਤ ਸਰਕਾਰ ਨੇ ਸਾਲ 2016 ਦਾ ਰਾਜੀਵ ਗਾਂਧੀ ਖੇਲ ਰਤਨ ਐਵਾਰਡ ਚਾਰ ਖਿਡਾਰੀਆਂ ਨੂੰ ਦੇਣ ਦਾ ਐਲਾਨ ਕੀਤਾ ਹੈ, ਜਿਹਨਾਂ ਵਿਚ ਸਾਕਸ਼ੀ





ਮਲਿਕ, ਦੀਪਾ ਕਰਮਾਕਰ, ਪੀ. ਵੀ. ਸਿੰਧੂ ਅਤੇ ਸ਼ੂਟਰ ਜੀਤੂ ਰਾਏ ਸ਼ਾਮਲ ਹਨ। ਸਿੰਧੂ ਨੇ ਰਿਓ ਉਲੰਪਿਕ ਵਿਚ ਕਾਂਸੀ ਦਾ ਮੈਡਲ ਜਿੱਤਿਆ ਹੈ, ਜਦਕਿ ਸਾਕਸ਼ੀ ਮਲਿਕ ਨੇ ਕੁਸ਼ਤੀ ਵਿਚ ਕਾਂਸੀ ਦਾ ਮੈਡਲ ਹਾਸਲ ਕੀਤਾ ਹੈ। ਦੀਪਾ ਕਰਮਾਕਰ ਵਿਸ਼ਵ ਮੁਕਾਬਲੇ ਵਿਚ ਚੌਥੇ ਨੰਬਰ ਤੇ ਰਹੀ ਹੈ। ਚਾਰ ਸਾਲ ਪਹਿਲਾਂ ਲੰਡਨ ਓਲੰਪਿਕ ਵਿੱਚ ਭਾਰਤ ਨੇ ਛੇ ਮੈਡਲ ਜਿੱਤੇ ਸਨ। ਨਿਸ਼ਾਨੇਬਾਜ਼ੀ, ਤੀਰਅੰਦਾਜ਼ੀ, ਟੈਨਿਸ, ਮੁੱਕੇਬਾਜ਼ੀ ਤੇ ਕੁਸ਼ਤੀਆਂ ਵਰਗੀਆਂ ਵੰਨਗੀਆਂ ਵਿੱਚ ਵਿਸ਼ਵ ਚੈਂਪੀਅਨਸ਼ਿਪਸ ਤੇ ਹੋਰ ਆਲਮੀ ਮੁਕਾਬਲਿਆਂ ਵਿੱਚ ਭਾਰਤੀ ਕਾਰਗੁਜ਼ਾਰੀ ਦੇ ਆਧਾਰ ਉੱਤੇ ਘੱਟੋ-ਘੱਟ 25 ਖਿਡਾਰੀ ਤਗ਼ਮਿਆਂ ਦੇ ਸੰਜੀਦਾ ਦਾਅਵੇਦਾਰ ਜਾਪਦੇ ਸਨ। ਅਜਿਹੀ ਸਥਿਤੀ ਹੋਣ ਦੇ ਬਾਵਜੂਦ ਇਨ੍ਹਾਂ ਪੱਚੀਆਂ ਵਿੱਚੋਂ ਪੰਜ ਨੇ ਵੀ ਚੰਗਾ ਪ੍ਰਦਰਸ਼ਨ ਨਹੀਂ ਦਿਖਾਇਆ। ਜਿਹੜੇ ਦੋ ਮੈਡਲ ਆਏ, ਉਹ ਵੀ ਦੋ ਖਿਡਾਰਨਾਂ ਨੇ ਹੀ ਸੰਭਵ ਬਣਾਏ।

ਅਦਾਰਾ 'ਦੇਸ਼ ਦੁਆਬਾ' ਇਹਨਾਂ ਖਿਡਾਰਨਾਂ ਦੀ ਕਾਮਯਾਬੀ 'ਤੇ ਇਹਨਾਂ ਨੂੰ ਵਧਾਈ ਦਿੰਦਾ ਹੈ ਅਤੇ ਦੀਪਾ ਕਰਮਾਕਰ ਦੇ ਸੰਘਰਸ਼ ਨੂੰ ਸਲਾਮ ਕਰਦਾ ਹੈ।



ਪ੍ਰੋ: ਗੁਰਦਿਆਲ ਸਿੰਘ- ਪੰਜਾਬੀ ਸਾਹਿਤ ਦੇ ਇਤਿਹਾਸ ਦਾ ਅਨਮੋਲ ਰਤਨ- ਪ੍ਰੋ. ਐਚ. ਐਲ. ਕਪੂਰ ਦਾ ਵਿਸ਼ੇਸ ਲੇਖ **ਦੇਖੋ ਸਫਾ 15 'ਤੇ।** ਅਦਾਰਾ 'ਦੇਸ਼ ਦੁਆਬਾ' ਪੰਜਾਬੀ ਦੇ ਸਿਰਮੌਰ ਸਾਹਿਤਕਾਰ ਪ੍ਰੋ. ਗੁਰਦਿਆਲ ਸਿੰਘ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਅਤੇ ਪੰਜਾਬੀ ਸਾਹਿਤ ਲਈ ਉਹਨਾਂ ਦੇ ਪਾਏ ਯੋਗਦਾਨ ਨੂੰ ਸਲਾਮ ਕਰਦਾ ਹੈ। **-ਪੀ ਕੇ ਚੁੰਬਰ**

## ਹਾਊਸ ਲੀਡਰ ਬਣ ਕੇ ਬੀਬੀ ਬਰਦੀਸ਼ ਚੱਗੜ ਨੇ ਬਣਾਇਆ ਇਤਿਹਾਸ

ਉਟਾਵਾ (ਬਿਊਰੋ)- ਕੈਨੇਡੀਅਨ ਸਰਕਾਰ 'ਚ ਛੋਟੀਆਂ ਸਨਅਤਾਂ ਤੇ ਸੈਰ-ਸਪਾਟਾ ਮੰਤਰੀ ਬੀਬੀ ਬਰਦੀਸ਼ ਚੱਗੜ ਨੂੰ ਹੁਣ 'ਹਾਊਸ ਲੀਡਰ' ਚੁਣ ਲਿਆ ਗਿਆ ਹੈ। ਦੱਸਣਯੋਗ ਹੈ ਕਿ ਉਹ ਕੈਨੇਡਾ ਦੇ ਇਤਿਹਾਸ 'ਚ ਇਹ ਅਹੁਦਾ ਸੰਭਾਲਣ ਵਾਲੀ ਪਹਿਲੀ ਮਹਿਲਾ, ਪਹਿਲੀ ਪੰਜਾਬਣ ਅਤੇ ਸਭ ਤੋਂ ਛੋਟੀ ਉਮਰ ਦੀ ਹੈ। 36 ਸਾਲਾ ਬਰਦੀਸ਼ ਨੂੰ ਅੱਜ ਸਹੁੰ ਚੁਕਾਈ ਗਈ। ਬੀਬੀ ਚੱਗੜ ਨੇ ਕਿਹਾ ਕਿ ਉਹ ਇਸ ਅਹੁਦੇ ਦੀਆਂ ਜ਼ਿੰਮੇਵਾਰੀਆਂ ਨੂੰ ਸਮਝਦਾਰੀ ਤੇ ਇਮਾਨਦਾਰੀ ਨਾਲ ਨਿਭਾਵੇਗੀ ਅਤੇ ਸਭ ਦੇ ਸਹਿਯੋਗ ਦੀ



ਆਸ ਕਰਦੀ ਹੈ। ਉਹ ਪਿਛਲੀਆਂ ਚੋਣਾਂ 'ਚ ਉਨਟਾਰੀਓ ਸੂਬੇ ਦੇ ਸ਼ਹਿਰ ਵਾਟਰਲੂ ਤੋਂ ਪਹਿਲੀ ਵਾਰ ਜਿੱਤ ਕੇ ਐਮ ਪੀ ਬਣੀ। ਇਸੇ ਸ਼ਹਿਰ 'ਚ ਜੰਮੀ ਪਲੀ ਅਤੇ ਪੜ੍ਹੀ ਬਰਦੀਸ਼ ਨੇ ਬੀਐਸਸੀ ਦੀ ਡਿਗਰੀ ਕੀਤੀ ਹੋਈ ਹੈ। ਬਰਦੀਸ਼ ਦੇ ਮਾਪੇ 1970 'ਚ ਕੈਨੇਡਾ ਆਏ ਅਤੇ ਉਸ ਦੇ ਪਿਤਾ ਗੁਰਮਿੰਦਰ ਚੱਗੜ ਪੁਰਾਣੇ ਲਿਬਰਲ ਹਮਾਇਤੀ ਰਹੇ ਹਨ। ਸਰਕਾਰ ਦੇ ਏਜੰਡੇ ਨੂੰ ਪਾਰਲੀਮੈਂਟ ਦੀ ਬਹਿਸ ਵਿੱਚ ਸੁਚਾਰੂ ਰੂਪ 'ਚ ਪੇਸ਼ ਕਰਨਾ ਬਰਦੀਸ਼ ਦੀਆਂ ਜ਼ਿੰਮੇਵਾਰੀਆਂ 'ਚ ਸ਼ਾਮਲ ਹੋਵੇਗਾ। ਸੂਤਰਾਂ ਮੁਤਾਬਕ ਉਹ 'ਹਾਊਸ ਲੀਡਰ' ਦੇ ਨਾਲ ਨਾਲ ਆਪਣੇ ਮੰਤਰਾਲੇ ਦਾ ਕਾਰਜਭਾਰ ਵੀ ਸੰਭਾਲੇਗੀ।

## ਹੁਣ ਹਥਿਆਰ ਲੈ ਕੇ ਕੈਨੇਡਾ ਨਹੀਂ ਜਾ ਸਕਣਗੇ ਅਮਰੀਕੀ

**ਓਟਾਵਾ-** ਕੈਨੇਡਾ ਵਿੱਚ ਘੁੰਮਣ ਫਿਰਨ ਆਉਣ ਵਾਲੇ ਅਸਲੇ ਦੇ ਸ਼ੌਕੀ ਅਮੈਰੀਕੀਆਂ ਕਾਰਨ ਦੇਸ਼ ਦੀ ਸਰਹੱਦੀ ਏਜੰਸੀ ਨੂੰ ਜਾਗਰੂਕਤਾ ਮੁਹਿੰਮ ਛੇੜਨੀ ਪਈ ਹੈ ਤਾਂ ਜੋ ਅਮਰੀਕਾ ਵਾਸੀਆਂ ਨੂੰ ਦੱਸਿਆ ਜਾ ਸਕੇ ਕਿ ਉਨ੍ਹਾਂ ਦੇ ਉੱਤਰ ਵਿੱਚ ਵਸਦੇ ਗੁਆਂਢੀ ਮੁਲਕ ਵਿੱਚ ਘਾਤਕ ਹਥਿਆਰਾਂ ਸਬੰਧੀ ਸਖ਼ਤ ਕਾਨੂੰਨ ਹਨ। ਕੈਨੇਡਾ ਦੀ ਬਾਰਡਰ ਸਰਵਿਸਜ਼ ਏਜੰਸੀ ਨੇ ਬੀਤੇ ਦਿਨੀ ਬਿਆਨ ਜਾਰੀ ਕੀਤਾ, 'ਕੈਨੇਡਾ ਦੇ ਕਾਨੂੰਨ ਅਮਰੀਕਾ ਨਾਲੋਂ ਵੱਖਰੇ ਹਨ।'

ਇਸ ਬਿਆਨ ਮੁਤਾਬਕ, 'ਸ਼ਿਕਾਰ ਲਈ ਅਤੇ ਦੂਰ-ਦੁਰਾਡੇ ਖੇਤਰਾਂ ਵਿੱਚ ਜੰਗਲੀ ਜਾਨਵਰਾਂ ਤੋਂ ਰੱਖਿਆ ਲਈ ਗ਼ੈਰਪਾਬੰਦੀਸ਼ੁਦਾ ਅਸਲਾ ਵਰਤਿਆ ਜਾ ਸਕਦਾ ਹੈ ਪਰ ਨਿੱਜੀ ਜਾਂ ਸੰਪਤੀ ਦੀ ਰੱਖਿਆ ਲਈ ਕੈਨੇਡਾ ਵਿੱਚ ਅਸਲਾ ਲਿਆਉਣ ਦੀ ਆਗਿਆ ਨਹੀਂ ਹੈ।' ਉਨ੍ਹਾਂ ਦੱਸਿਆ ਕਿ ਕੈਨੇਡਾ ਵਿੱਚ ਬਟਨ ਵਾਲੇ ਚਾਕੂ, ਤੀਰ-ਕਮਾਨ, ਬਲੋਅਗੰਨ ਅਤੇ ਪੰਚ ਉਤੇ ਵੀ ਪਾਬੰਦੀ ਹੈ। ਸੇਂਟ ਸਟੀਫਨ ਸਰਹੱਦੀ ਚੌਕੀ ਉਤੇ ਟੈਕਸਸ ਦੇ ਦੋ ਸੇਵਾਮੁਕਤ ਵਿਅਕਤੀਆਂ ਨੂੰ ਅਸਲੇ ਸਮੇਤ ਜਾਣ ਤੋਂ ਰੋਕਣ ਦੀਆਂ ਘਟਨਾਵਾਂ ਬਾਅਦ ਇਹ ਐਲਾਨ ਕੀਤਾ ਗਿਆ ਹੈ। ਇਨ੍ਹਾਂ ਵਿਅਕਤੀਆਂ ਦੇ ਵਾਹਨਾਂ ਦੀ ਚੈਕਿੰਗ ਦੌਰਾਨ ਕਈ ਪਿਸਤੌਲ, ਇਕ ਬੰਦੂਕ ਅਤੇ ਕਾਰਤੂਸ ਮਿਲੇ ਸਨ, ਜਿਨ੍ਹਾਂ ਨੂੰ ਜ਼ਬਤ ਕਰ ਲਿਆ ਗਿਆ। ਇਨ੍ਹਾਂ ਦੋਵੇਂ ਸੈਲਾਨੀਆਂ ਨੂੰ ਇਕ ਹਜ਼ਾਰ ਕੈਨੇਡੀਅਨ ਡਾਲਰ ਜੁਰਮਾਨਾ ਵੀ ਕੀਤਾ ਗਿਆ। ਇਨ੍ਹਾਂ ਨੂੰ ਪਤਨੀਆਂ ਸਮੇਤ ਕੈਨੇਡਾ ਤੋਂ ਬਾਹਰ ਕਰ ਦਿੱਤਾ ਗਿਆ। ਇਸ ਸਾਲ ਦੇ ਪਹਿਲੇ ਛੇ ਮਹੀਨਿਆਂ ਵਿੱਚ ਸਰਹੱਦ ਤੋਂ 413 ਬੰਦੂਕਾਂ ਤਸਕਰਾਂ ਤੇ ਅਸਲੇ ਦੇ ਸ਼ੌਕੀਆਂ ਕੋਲੋਂ ਬਰਾਮਦ ਕੀਤੀਆਂ ਗਈਆਂ ਹਨ। 2015 ਵਿੱਚ ਇਸ ਸਮੇਂ ਦੌਰਾਨ 386 ਹਥਿਆਰ ਜ਼ਬਤ ਕੀਤੇ ਗਏ ਸਨ।

## ਪੰਜਾਬ ਵਿਚ ਆਮ ਆਦਮੀ ਪਾਰਟੀ ਨੂੰ 'ਆਪਣਿਆਂ' ਦਾ ਵੀ ਕਰਨਾ ਪਵੇਗਾ ਸਾਹਮਣਾ

ਚੰਡੀਗੜ੍ਹ- ਆਮ ਆਦਮੀ ਪਾਰਟੀ (ਆਪ) ਦੇ ਬਾਗੀਆਂ ਨੇ 'ਆਪ' ਵਿੱਚੋਂ ਬਰਖ਼ਾਸਤ ਕੀਤੇ ਮੈਂਬਰ ਲੋਕ ਸਭਾ ਧਰਮਵੀਰ ਗਾਂਧੀ ਦੀ ਅਗਵਾਈ ਹੇਠ ਵੱਖਰਾ ਸਿਆਸੀ ਫਰੰਟ ਬਣਾ ਕੇ ਚੋਣਾਂ ਵਿੱਚ ਕੁੱਦਣ ਦਾ ਐਲਾਨ ਕੀਤਾ ਹੈ। ਬਾਗੀਆਂ ਦੇ ਇਸ ਐਲਾਨ ਤੋਂ ਬਾਅਦ ਹੁਣ 'ਆਪ' ਨੂੰ ਅਕਾਲੀ ਦਲ-ਭਾਜਪਾ ਗੱਠਜੋੜ ਅਤੇ ਕਾਂਗਰਸ ਤੋਂ ਇਲਾਵਾ 'ਆਪਣਿਆਂ' ਦੀ ਚੁਣੌਤੀ ਦਾ ਵੀ ਸਾਹਮਣਾ ਕਰਨਾ ਪਵੇਗਾ।

ਸੰਸਦ ਮੈਂਬਰ ਡਾਕਟਰ ਗਾਂਧੀ ਨੇ ਇਥੇ 'ਆਪ' ਦੇ ਵੱਡੀ ਗਿਣਤੀ ਵਿੱਚ ਪੁੱਜੇ ਬਾਗੀਆਂ ਦੀ ਮੌਜੂਦਗੀ ਵਿੱਚ ਵੱਖਰਾ ਸਿਆਸੀ ਫਰੰਟ ਬਣਾਉਣ ਦਾ ਐਲਾਨ ਕਰਦਿਆਂ ਦਾਅਵਾ ਕੀਤਾ ਕਿ ਸਵਰਾਜ ਅਭਿਆਨ ਦੇ ਮੁਖੀ ਯੋਗੇਂਦਰ ਯਾਦਵ ਨੇ ਵੀ ਇਸ ਨਵੇਂ ਫਰੰਟ ਨੂੰ ਸਮਰਥਨ ਦੇਣ ਦਾ ਭਰੋਸਾ ਦਿੱਤਾ ਹੈ। ਇਸ ਮੌਕੇ



ਡਾਕਟਰ ਗਾਂਧੀ ਨਾਲ ਸਵਰਾਜ ਪਾਰਟੀ ਪੰਜਾਬ ਦੇ ਪ੍ਰਧਾਨ ਪ੍ਰੋਫੈਸਰ ਮਨਜੀਤ ਸਿੰਘ ਤੇ ਜਨਰਲ ਸਕੱਤਰ ਹਰਬੰਸ ਸਿੰਘ ਢੋਲੇਵਾਲ, 'ਆਪ' ਵਿੱਚੋਂ ਨਿਕਲ ਕੇ ਪੰਜਾਬ ਪਾਰਟੀ ਬਣਾਉਣ ਵਾਲੇ ਸਾਬਕਾ ਆਈਏਐਸ ਅਧਿਕਾਰੀ ਕਰਮਜੀਤ ਸਿੰਘ ਸਰਾਂ ਅਤੇ 'ਆਪ' ਛੱਡ ਚੁੱਕੇ ਹਰਦੀਪ ਕਿੰਗਰਾ ਵੀ ਮੌਜੂਦ ਸਨ। ਇਸ ਮੌਕੇ ਜੈ ਜਵਾਨ ਜੈ ਕਿਸਾਨ ਪਾਰਟੀ ਦੇ ਆਗੂ ਵੀ ਮੌਜੂਦ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਡਾਕਟਰ ਗਾਂਧੀ ਨੇ ਕਿਹਾ ਕਿ ਉਹ ਹੋਰ ਪੰਜਾਬੀ ਹਿਤੈਸ਼ੀ ਸੰਸਥਾਵਾਂ ਨੂੰ ਸ਼ਾਮਲ ਕਰਕੇ 10-15 ਦਿਨਾਂ ਵਿਚ ਸਿਆਸੀ ਮੋਰਚੇ ਦਾ ਐਲਾਨ ਕਰ ਦੇਣਗੇ। ਇਸ ਤੋਂ ਬਾਅਦ ਉਹ ਕਨਵੈਨਸ਼ਨ ਕਰ ਕੇ ਫਰੰਟ ਨੂੰ ਸਿਆਸੀ ਪਾਰਟੀ ਦਾ ਰੂਪ ਦੇ ਕੇ ਚੋਣ ਮੈਦਾਨ ਵਿੱਚ ਨਿੱਤਰ ਕੇ ਆਪਣੀ ਸਮਰੱਥਾ ਮੁਤਾਬਕ ਉਮੀਦਵਾਰ ਮੈਦਾਨ ਵਿੱਚ ਉਤਾਰਨਗੇ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)




ONE | REALTYONEGROUP
AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ
510-689-4625
CalBre # 01423409





RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539

# INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL TO HAPPY
Cell: (415) 706-7027
Ph: (209) 478-0285
Fax: (209) 477-3206

WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com



# Raja

SWEETS & CATERING



AUTHORIZED CATERER FOR
MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਦੁੱਗਾ ਅਤੇ ਗੁਰਜੀਤ ਕੌਰ ਦੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC
ARTIFICIAL
JEWELRY, SWEETS,
FRESH VEGETABLES
& MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow
Threading Now Open

Eyebrow Threading
& Henna Tattoo

7 times,
Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916- 396-8939
916-338-5511
Email: IndiaMarketRoseville@gmail.com

# ਲੈਫਟੀਨੈਂਟ ਜਨਰਲ ਭੁਪਿੰਦਰ ਸਿੰਘ ਦਾ ਫਰਿਜ਼ਨੋ ਵਿਖੇ ਨਿੱਘਾ ਸੁਆਗਤ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ਕੁਲਵੰਤ ਧਾਲੀਆਂ–** ਲੰਘੇ ਸ਼ਨੀਵਾਰ ਇੰਡੋ ਅਮੈਰਕਿਨ ਹੈਰੀਟੇਜ਼ ਫੋਰਮ ਅਤੇ ਕੌਂਸਲ ਆਫ਼ ਇੰਡੀਅਨ ਆਰਗੇਨਾਈਜੇਸ਼ਨ ਆਫ਼ ਸੈਂਟਰਲ ਵੈਲੀ ਦੇ ਸਾਝੇ ਯਤਨਾਂ ਸਦਕੇ ਭਾਰਤ ਦਾ 70ਵਾਂ ਅਜਾਦੀ ਦਿਹਾੜਾ ਫਰਿਜ਼ਨੋ ਵਿਖੇ ਇੰਡੀਆ ਓਵਨ ਰੈਸਟੋਰੈਂਟ ਵਿੱਚ ਸਰਧਾ ਭਾਵਨਾਂ ਨਾਲ ਮਨਾਇਆ ਗਿਆ। ਇਸ ਮੌਕੇ ਭਾਰਤ ਤੋਂ ਆਏ ਮੁੱਖ ਮਹਿਮਾਨ ਲੈਫ਼ਟੀਨੈਂਟ ਜਨਰਲ ਭੁਪਿੰਦਰ ਸਿੰਘ ਅਤੇ ਉਹਨਾਂ ਦੀ ਪਤਨੀ ਭਵਾਨੀ ਸਿੰਘ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਪ੍ਰੋਗ੍ਰਾਮ ਦੀ ਸੂਰੂਆਤ ਰੂਬੀ ਸਰਾਂ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਪਿਛੋਂ ਜਸ ਸਿੰਘ ਨੇ ਸੁਰਿੰਦਰ ਮੰਢਾਲੀ ਨੂੰ ਸਟੇਜ ਸੰਚਾਲਨ ਕਰਨ ਦਾ ਸੱਦਾ ਦਿੱਤਾ। ਇੰਡੋ ਅਮੈਰਕਿਨ ਹੈਰੀਟੇਜ ਫੋਰਮ ਦੇ ਮੋਢੀ ਮੈਂਬਰ ਸ੍ਰ. ਗੁਰਦੀਪ ਸਿੰਘ ਅਣਖੀ ਨੇਂ ਦੇਸ਼ ਦੀ ਅਜ਼ਾਦੀ ਲਈ ਜਾਨਾ ਵਾਰਨ ਵਾਲੇ ਸੂਰਬੀਰ ਯੋਧਿਆਂ ਨੂੰ ਯਾਦ ਕਰਦਿਆ ਸ਼ਹੀਦਾ ਨੂੰ ਸਰਧਾ ਦੇ ਫੂਲ ਭੇਟ ਕੀਤੇ। ਡਾ. ਅਰਜਨ ਸਿੰਘ ਜੋਸ਼ਨ ਨੇ ਪੰਜਾਬ ਅੰਦਰ ਵੱਧ ਰਹੇ ਨਸ਼ੇ, ਕਿਸਾਨ ਖੁਦਕੁਸ਼ੀਆਂ ਅਤੇ ਡਿੱਗ ਰਹੇ ਪੜ੍ਹਾਈ ਦੇ ਪੱਧਰ ਤੇ ਚਿੰਤਾ ਪ੍ਰਗਟ ਕੀਤੀ। ਕਰਨਲ ਹਰਦੇਵ ਸਿੰਘ ਨੇ ਲੈਫ਼ਟੀਨੈਂਟ ਜਨਰਲ ਭੁਪਿੰਦਰ ਸਿੰਘ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਉਹਨਾਂ ਨੇ 1965 ਅਤੇ 1971 ਦੀ ਲੜਾਈ ਇਕੱਠਿਆ ਲੜੀ ਅਤੇ ਇਸ ਤੋਂ ਬਿਨਾਂ ਜਨਰਲ ਭੁਪਿੰਦਰ ਸਿੰਘ ਅੰਡੇਮਾਨ-ਨਿਕੋਬਾਰ ਦੇ ਗਵਰਨਰ ਵੀ ਰਹੇ ਅਤੇ ਉਹ ਦੁਨਿਆਂ ਭਰ ਵਿੱਚ ਭਾਰਤੀ ਡਿਪਲੋਮੈਟ ਦੇ ਤੌਰ ਤੇ ਵੀ ਵਿੱਚਰੇ "ਤੇ ਬਹੁਤ ਸਾਰੇ ਰਾਸਟਰਪਤੀਆਂ ਦੇ ਸਲਾਹਕਾਰ ਵੀ ਰਹਿ ਚੁਕੇ ਹਨ। ਇਸ ਮੌਕੇ ਬੋਲਦਿਆ ਲੈਫ਼ਟੀਨੈਂਟ ਜਨਰਲ ਭੁਪਿੰਦਰ ਸਿੰਘ ਨੇ ਸਭਨਾਂ ਨੂੰ ਅਜਾਦੀ ਦਿਵਸ ਦੀ ਵਧਾਈ ਦਿੱਤੀ ਅਤੇ ਭਾਰਤੀ ਸੈਨਾਂ ਦੇ ਜਵਾਨਾਂ ਦੀ ਅੱਛੀ ਤਰੀਫ਼ ਕੀਤੀ। ਉਹਨਾਂ ਸਿੱਖ ਫੌਜੀਆਂ ਵੱਲੋਂ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਦਿੱਤੇ ਬਲੀਦਾਨ ਨੂੰ ਸਜਦਾ ਕੀਤਾ ਅਤੇ ਨਾਲ ਦੀ ਨਾਲ ਪੰਜਾਬ ਅੰਦਰ ਵੱਧ ਰਹੇ ਨਸ਼ੇ ਤੇ ਚਿੰਤਾ ਪ੍ਰਗਟ ਕੀਤੀ ਅਤੇ ਐਨ ਆਰ ਆਈ ਵੀਰਾਂ ਨੂੰ ਪੰਜਾਬ ਬਚਾਉਣ ਲਈ ਗੁਹਾਰ ਵੀ ਲਾਈ। ਹਰਿੰਦਰ ਕੌਰ ਮੰਢਾਲੀ ਨੇ ਸ਼ਹੀਦਾ ਨੂੰ ਸਮਰਪਿਤ ਕਵਿਤਾ "ਹੋਣੀ ਨੇ ਫੇਰ ਇੱਕ ਵਾਰ ਓਹੀ ਕਿੱਸਾ ਦੁਹਰਾਇਆ" ਬੋਲਕੇ ਮਹੌਲ ਨੂੰ ਭਾਵੁਕ ਕੀਤਾ। ਹੋਰ ਬੋਲਣ ਵਾਲੇ ਬੁਲਾਰਿਆ ਵਿੱਚ ਮੁਨੀਸ਼ ਘਈ, ਚਰਨਜੀਤ ਸਿੰਘ ਬਾਠ, ਮਹਿੰਦਰ ਸਿੰਘ ਗਰੇਵਾਲ, ਗੈਰੀ ਬਰੈਡਫੀਲਡ, ਕਾਂਗਰਸਮੈਂਨ ਡੇਵਿਡ ਵੈਲਡੇਹੋ, ਇਕਬਾਲ ਗਰੇਵਾਲ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ।



ਇਸ ਮੌਕੇ ਜਨਰਲ ਭੁਪਿੰਦਰ ਸਿੰਘ ਨੇ ਹਾਜ਼ਰੀਨ ਦੇ ਸੁਆਲਾ ਦੇ ਉਤਰ ਵੀ ਦਿੱਤੇ। ਕੌਂਸਲ ਆਫ਼ ਇੰਡੀਅਨ ਆਰਗੇਨਾਈਜੇਸ਼ਨ ਦੇ ਪ੍ਰਧਾਨ ਪਾਲ ਸਹੋਤੇ ਨੇ ਸ਼ਭਨਾਂ ਦਾ ਧੰਨਵਾਦ ਕੀਤਾ ਅਤੇ ਕਾਂਗਰਸਮੈਂਨ ਡੇਵਿਡ ਵੈਲਡੇਹੋ ਵੱਲੋਂ ਸਿੱਖ ਕਾਕਸ ਬਣਾਉਣ ਲਈ ਨਿਭਾਈ ਭੂਮਿਕਾ ਦੀ ਸਰਾਨਾ ਕੀਤੀ। ਇੰਡੋ ਅਮੈਰਕਿਨ ਹੈਰੀਟੇਜ ਫੋਰਮ ਦੇ ਸੈਕਟਰੀ ਸੁਰਿੰਦਰ ਮੰਢਾਲੀ ਨੇ ਸਟੇਜ ਸੰਚਾਲਕ ਦੀ ਭੂਮਿਕਾ ਬਾਖੂਬੀ ਨਿਭਾਈ। ਅਖੀਰ ਵਿੱਚ ਰਾਤਰੀ ਦੇ ਸੁਆਦਿਸ਼ਟ ਖਾਣੇ ਉਪਰੰਤ ਅਮਿੱਟ ਪੈੜਾ ਛੱਡਦਾ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ।

# ਆਮ ਆਦਮੀ ਪਾਰਟੀ ਫਰਿਜ਼ਨੋਂ ਇਕਾਈ ਦੇ ਵਲੰਟੀਅਰ ਵੱਲੋਂ ਅਹਿਮ ਮੀਟਿੰਗ

**ਫਰਿਜ਼ਨੋਂ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪੰਜਾਬ ਅੰਦਰ ਇਸ ਸਮੇਂ ਚੋਣਾਂ ਦਾ ਮੌਸਮ ਪੂਰਾ ਗਰਮਾਇਆ ਹੋਇਆ ਹੋਂਣ ਕਰਕੇ ਜਿਥੇ ਪੰਜਾਬ ਅੰਦਰ ਸਿਆਸੀ ਸਰ-ਗਰਮੀਆਂ ਤੇਜ ਹੋਈਆ ਨੇਂ ਉੱਥੇ ਪ੍ਰਦੇਸਾਂ ਵਿੱਚ ਬੈਠੇ ਪੰਜਾਬੀ ਵੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਅੱਡੀ ਚੋਟੀ ਦਾ ਜੋਰ ਲਾ ਰਹੇ ਹਨ। ਇਸੇ ਕਰਕੇ ਪਿਛਲੇ ਐਂਤਵਾਰ ਆਮ ਆਦਮੀਂ ਪਾਰਟੀ ਫਰਿਜ਼ਨੋਂ ਇਕਾਈ ਦੇ ਵਲੰਟੀਅਰਾਂ ਦੀ ਇੱਕ ਅਹਿਮ ਮੀਟਿੰਗ ਸਥਾਨਕ ਇੰਡੀਆ ਓਵਨ ਰੈਸਟੋਰੈਂਟ ਵਿਖੇ ਹੋਈ। ਜਿਥੇ ਪੰਜਾਬ ਅੰਦਰ ਆਪ ਪਾਰਟੀ ਦੇ ਵੱਧ ਰਹੇ ਪ੍ਰਭਾਵ, ਪਾਰਟੀ ਵਰਕਰਾਂ ਤੇ ਹੋ ਰਹੇ ਪੁਲਿਸ ਤਸ਼ੱਦਦ ਸਬੰਧੀ ਚਰਚਾ ਕੀਤੀ ਗਈ। ਇਸ ਮੌਕੇ ਵਲੰਟੀਅਰਾਂ ਨੂੰ ਆਪ ਪਾਰਟੀ ਨੂੰ ਪੰਜਾਬ ਅੰਦਰ ਮਜਬੂਤ ਕਰਨ ਲਈ ਲਈ ਵਿੱਤੀ ਮੱਦਦ ਭੇਜਣ ਲਈ ਵੀ ਪ੍ਰੇਰਿਆ ਗਿਆ ਅਤੇ ਫਰਿਜ਼ਨੋ ਆਪ ਚੈਪਟਰ ਦੀ ਰੂਪ ਰੇਖਾ ਵੀ ਤਿਆਰ ਕੀਤੀ ਗਈ। ਇਸ ਮੌਕੇ ਬੋਲਣ ਵਾਲੇ ਬੁਲਾਰਿਆ ਵਿੱਚ ਗੁਰਨੇਕ ਸਿੰਘ ਬਾਗੜੀ, ਹਰਮਨਪ੍ਰੀਤ ਗਿੱਲ, ਡਾ. ਅਰਜਨ ਸਿੰਘ ਜੋਸ਼ਨ, ਹੈਰੀ ਮਾਨ, ਹਾਕਮ ਸਿੰਘ ਢਿੱਲੋਂ, ਹਰਪ੍ਰੀਤ ਸਿੰਘ ਆਦਿ ਨੇ ਆਪਣੇ ਵਿਚਾਰ ਰੱਖੇ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਕੀਤਾ।



# ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਸੰਗਰਾਂਦ ਦਾ ਦਿਹਾੜਾ ਮਨਾਇਆ ਗਿਆ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 16 ਅਗਸਤ ਦਿਨ ਮੰਗਲਵਾਰ ਸ਼ਾਮ ਨੂੰ ਸੰਗਰਾਂਦ (ਭਾਦੋਂ) ਦਾ ਦਿਹਾੜਾ ਮਨਾਇਆ ਗਿਆ, ਜਿਸ ਮੌਕੇ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਅਤੇ ਬਾਰਾ ਮਾਹ ਬਾਣੀਆਂ ਦੇ ਪਾਠ ਕੀਤੇ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਇਸ ਤੋਂ ਬਾਅਦ 21 ਅਗਸਤ ਨੂੰ ਪ੍ਰਬੰਧਕ ਕਮੇਟੀ ਵੱਲੋਂ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ, ਜਿਸ ਵਿਚ ਸਵੇਰੇ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਫਰਿਜ਼ਨੋ ਨਿਵਾਸੀ ਸਰਪੰਚ ਹਰੀ ਸਿੰਘ ਦਿਓਲ ਨੂੰ ਸਦਮਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪਿਛਲੇ ਦਿਨੀਂ ਫਰਿਜ਼ਨੋ ਨਿਵਾਸੀ ਸਰਪੰਚ ਹਰੀ ਸਿੰਘ ਦਿਓਲ ਦੇ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾਂ ਲੱਗਾ ਜਦੋਂ ਉਹਨਾਂ ਦੀ ਧਰਮ ਪਤਨੀ ਸ੍ਰੀ ਮਤੀ ਬਲਜੀਤ ਕੌਰ ਦਿਓਲ (77) ਪਿਛਲੇ ਦਿਨੀਂ ਲੰਮੀ ਬਿਮਾਰੀ ਪਿੱਛੋਂ ਅਕਾਲ ਚਲਾਣਾ ਕਰ ਗਏ। ਉਹਨਾਂ ਨੇ ਆਪਣੀ ਜਿੰਦਗੀ ਦਾ ਵਧੇਰੇ ਸਮਾਂ ਪੰਜਾਬ ਦੇ ਪਿੰਡ ਢੀਮਾਂ-ਵਾਲੀ ਜਿਲ੍ਹਾ ਫਰੀਦਕੋਟ ਵਿੱਚ ਲੋਕ ਸੇਵਾ ਕਰਦਿਆਂ ਬਤੀਤ ਕੀਤਾ।

ਉਹ ਪਿੱਛਲੇ ਨੌ ਸਾਲ ਤੋਂ ਫਰਿਜ਼ਨੋ ਵਿਖੇ ਆਪਣੇ ਪੁਤਰ ਡਾਕਟਰ ਗੁਰਮੀਤ ਦਿਓਲ ਕੋਲ ਰਹਿ ਰਹੇ ਸਨ। ਉਹਨਾਂ ਦਾ ਦੂਸਰਾ ਬੇਟਾ ਗੁਰਜੀਤ ਸਿੰਘ ਦਿਓਲ ਪਿੰਡ ਢੀਮਾਂ-ਵਾਲੀ ਵਿਖੇ ਪ੍ਰਾਈਵੇਟ ਸਕੂਲ ਚਲਾਕੇ ਗਰੀਬ ਲੋਕਾਂ ਦੀ ਇਨਸਾਨੀਅਤ ਦੇ ਨਾਤੇ ਸੇਵਾ ਕਰ ਰਿਹਾ ਹੈ। ਮਾਤਾ ਜੀ ਪੋਤੇ-ਪੋਤੀਆਂ, ਦੋਹਤੇ-ਦੋ-ਹਤੀਆਂ ਵਾਲਾ ਹਰਿਆ ਭਰਿਆ ਪਰਿਵਾਰ ਛੱਡਕੇ ਗਏ ਹਨ, ਉਹਨਾਂ ਦੀ ਦੇਹ ਦਾ ਅੰਤਿਮ ਸੰਸਕਾਰ ਮਿੱਤੀ 28 ਅਗਸਤ ਦਿਨ ਐਂਤਵਾਰ ਸਵੇਰੇ11 ਤੋਂ ਦੁਪਿਹਰ 1 ਵਜੇ ਦਰਮਿਆਂਨ ਸ਼ਾਂਤ ਭਵਨ ਫਿਊਨਰਲ ਹੋਮ ਫਾਉਲਰ ਵਿਖੇ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਦੁਪਿਹਰ 1.30 ਵਜੇ ਗੁਰਦਵਾਰਾ ਨਾਨਕਸਰ ਸੱਤਸੰਗ ਸਭਾ ਕਰਨੀਲਿਆ ਰੋਡ (3860 N Cornelia Ave Fresno Ca 93722) ਵਿਖੇ ਹੋਵੇਗੀ। ਦੁਖ ਸਾਝਾ ਕਰਨ ਲਈ ਸੰਪਰਕ ਡਾਕਟਰ ਗੁਰਮੀਤ ਸਿੰਘ ਦਿਓਲ (559) 412-6361



## ਆਲੋਚਨਾ ਦਾ ਡੰਗ!

ਲਿਖਦੇ-ਬੋਲਦੇ ਸਾਰੇ 'ਵਿਦਵਾਨ' ਬਣਕੇ
ਭਾਵੇਂ ਦੂਜਿਆਂ ਲਈ ਉਹ ਝੱਖ ਹੋਵੇ।

ਦਾਅਵਾ ਕਰੇ ਨਾ 'ਮੇਰੀ ਹੀ ਗੱਲ ਸੱਚੀ'
ਜਿਸਨੇ ਰੱਖਣ 'ਵੱਖਰਾ' ਪੱਖ ਹੋਵੇ।

ਉਂਝ ਦੇਖਣ ਨੂੰ ਜਾਪਦੇ ਬਹੁਤ ਬੀਬੇ
ਦਾਗ ਖੱਟਿਆ ਭਾਵੇਂ ਕਈ ਲੱਖ ਹੋਵੇ।

ਮਿੱਠਾ ਖਾਧੇ ਦੀ ਪਰਖ ਤਾਂ ਉਦੋਂ ਹੁੰਦੀ
ਕਿਤੇ 'ਕੌੜਾ-ਕਸੈਲਾ' ਜਦ ਚੱਖ ਹੋਵੇ।

ਅਵਗੁਣ ਸੁਣਦਿਆਂ ਆਪਣੇ ਕਿਸੇ ਮੂੰਹੋਂ
ਸਬਰ ਵਿਰਲਿਆਂ ਕੋਲੋਂ ਹੀ ਰੱਖ ਹੋਵੇ।
ਸੁਣ ਆਲੋਚਨਾ ਭੁੜਕਦੇ ਕਈ ਏਦਾਂ
ਜਿਵੇਂ ਗਿੱਟੇ 'ਤੇ ਲੜ ਗਿਆ ਮੱਖ ਹੋਵੇ।



ਤਰਲੋਚਨ ਸਿੰਘ 'ਦੁਪਾਲਪੁਰ'
001-408-915-1268

# ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵਲੋਂ "ਦਲਿਤ ਸਾਹਿਤ : ਪ੍ਰਗਤੀਵਾਦੀ ਸੰਦਰਭ" ਵਿਸ਼ੇ ਉਪਰ ਰਾਸ਼ਟਰੀ ਸੈਮੀਨਾਰ

**ਹੁਸ਼ਿਆਰਪੁਰ–** ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਅਤੇ ਮੀਤ ਪ੍ਰਧਾਨ ਦੀਪ ਦੇਵਿੰਦਰ ਨੇ ਪੈਸ ਦੇ ਨਾ ਬਿਆਨ ਵਿਚ ਦੱਸਿਆ ਕਿ ਕੇਂਦਰੀ ਸਭਾ ਵਲੋਂ "ਦਲਿਤ ਸਾਹਿਤ : ਪ੍ਰਗਤੀਵਾਦੀ ਸੰਦਰਭ" ਵਿਸ਼ੇ ਉਪਰ ਦੇਸ਼ ਭਗਤ ਹਾਲ ਜਲੰਧਰ ਵਿਚ ਇਕ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ ਜਿਸਦੀ ਪ੍ਰਧਾਨਗੀ ਡਾ. ਚਮਨ ਲਾਲ ਨੇ ਕੀਤੀ। ਹੋਰ ਬੁਲਾਰੇ ਸਨ-ਡਾ. ਸ਼ਿਓਰਾਜ ਸਿੰਘ ਬੇਚੈਨ, ਡਾ. ਦਿਨੇਸ਼ ਰਾਮ, ਬਲਬੀਰ ਮਾਧੋਪੁਰੀ ਅਤੇ ਮਦਨ ਵੀਰਾ। ਸਭਾ ਦੇ ਸਕੱਤਰ ਕਰਮ ਸਿੰਘ ਵਕੀਲ ਨੇ ਵਿਦਵਾਨਾਂ ਅਤੇ ਆਏ ਲੇਖਕਾਂ ਨੂੰ ਜੀ ਆਇਆਂ ਕਿਹਾ। ਹਾਜ਼ਰ ਲੇਖਕਾਂ ਨੇ ਦੋ ਮਿੰਟ ਖੜ੍ਹੇ ਹੋ ਕੇ ਪੰਜਾਬੀ ਦੇ ਸਮਰੱਥ ਨਾਵਲਕਾਰ ਗੁਰਦਿਆਲ ਸਿੰਘ ਨੂੰ ਸ਼ਰਧਾਂਜਲੀ ਦਿੰਦਿਆਂ ਉਨ੍ਹਾਂ ਦੇ ਸਮੁੱਚੇ ਸਾਹਿਤ ਉਪਰ ਇਕ ਝਾਤ ਪਾਈ। ਡਾ. ਕਰਮਜੀਤ ਸਿੰਘ ਨੇ ਸੈਮੀਨਾਰ ਦਾ ਮਨੋਰਥ ਸਪੱਸ਼ਟ ਕਰਦਿਆਂ ਵਿਦਵਾਨ ਬੁਲਾਰਿਆਂ ਨਾਲ਼ ਜਾਣ ਪਛਾਣ ਕਰਵਾਉਂਦਿਆਂ ਦਲਿਤ ਚਿੰਤਨ ਨਾਲ਼ ਜੁੜੇ ਲੇਖਕਾਂ ਅਤੇ ਪ੍ਰਗਤੀਵਾਦੀ ਚਿੰਤਕਾਂ ਨੂੰ ਅਜੋਕੇ ਚੁਣੌਤੀਆਂ ਭਰੇ ਸਮੇਂ ਵਿਚ ਇਕ ਹੋ ਕੇ ਕੱਟੜਪੰਥੀਆਂ ਦਾ ਮੁਕਾਬਲਾ ਕਰਨ ਦੀ ਲੋੜ ਉੱਪਰ ਬਲ ਦਿੱਤਾ। ਸ਼ਿਓਰਾਜ ਸਿੰਘ ਬੇਚੈਨ ਨੇ ਇਨ੍ਹਾਂ ਸ਼ਬਦਾਂ ਨਾ਼ਲ ਭਾਸ਼ਣ ਆਰੰਭ ਕੀਤਾ ਕਿ, "ਜੇ ਪ੍ਰਗਤੀ ਸ਼ੀਲ ਸੰਦਰਭ ਨਾ ਹੁੰਦਾ ਤਾਂ ਮੈਂ ਵੀ ਇੱਥੇ ਨਹੀਂ ਹੁੰਦਾ।" ਅਗਲੇ ਬੁਲਾਰਿਆਂ ਨੇ ਵੀ ਇਹ ਤੱਥ ਰੇਖਾਂਕਿਤ ਕੀਤਾ ਕਿ ਬਹੁਤੇ ਦਲਿਤ ਲੇਖਕਾਂ ਦਾ ਆਧਾਰ ਪ੍ਰਗਤੀਸ਼ੀਲ ਚਿੰਤਨ ਰਿਹਾ ਹੈ। ਸ਼ਿਓਰਾਜ ਸਿੰਘ ਨੇ ਭਗਤ ਸਿੰਘ ਅਤੇ ਪੰਜਾਬ ਵਿਚ ਗੁਰੂਆਂ ਦੇ ਹਾਂ-ਪੱਖੀ ਪ੍ਰਭਾਵ ਨੂੰ ਕਬੂਲਦਿਆਂ ਜ਼ੋਰ ਦਿੱਤਾ ਕਿ ਲੇਖਕ ਨੂੰ ਕਮਜ਼ੋਰਾਂ ਨਾ਼ਲ ਖੜ੍ਹਨਾ ਚਾਹੀਦਾ ਹੈ ਤੇ ਇਹ ਦਲਿਤ ਅਤੇ ਪ੍ਰਗਤੀਸ਼ੀਲ ਸਾਹਿਤ ਦੀ ਵਿਸ਼ੇਸ਼ਤਾ ਵੀ ਹੈ। ਡਾ. ਦਿਨੇਸ਼ ਰਾਮ ਨੇ ਕਿਹਾ ਕਿ ਦੋਨਾਂ ਧਾਰਾਵਾਂ ਵਿਚ ਸਾਂਝ ਵਧੇਰੇ ਹੈ ਵਿਰੋਧ ਨਹੀਂ। ਬੁਲਾਰਿਆਂ ਨੇ ਮੰਨਿਆਂ ਕਿ ਸਾਹਿਤਕਾਰ ਦਲਿਤ ਨਾ ਹੋਕੇ ਵੀ ਦਲਿਤਾਂ ਬਾਰੇ ਉਚੇਰੀ ਸਾਹਿਤਿਕ ਕਿਰਤ ਦੇ ਸਕਦਾ ਹੈ ਜਿਵੇਂ ਜਗਦੀਸ਼ ਸ਼ਰਮਾ ਦੇ ਨਾਵਲ ਇਸ ਸੰਦਰਭ ਵਿਚ ਵਿਚਾਰੇ ਜਾ ਸਕਦੇ ਹਨ। ਪਰ ਫਿਰ ਵੀ ਇਹ ਸੱਚਾਈ ਹੈ ਕਿ ਜੁੱਤੀ ਜਿਸ ਦੇ ਪੈਰ ਨੂੰ ਲੱਗਦੀ ਹੈ ਦਰਦ ਦਾ ਸਹੀ ਪਤਾ ਉਸੇ ਨੂੰ ਹੀ ਹੋ ਸਕਦਾ ਹੈ। ਦਲਿਤ ਧਾਰਾ ਵਿਰੋਧ ਦੀ ਧਾਰਾ ਹੈ। ਦਿਨੇਸ਼ ਰਾਮ ਦਾ ਵਿਚਾਰ ਸੀ ਕਿ ਭਗਤੀ ਅੰਦੋਲਨ ਤੋਂ ਬਾਅਦ ਦਲਿਤ ਅੰਦੋਲਨ ਇਕ ਤਰ੍ਹਾਂ ਨਾ਼ਲ ਦੇਸ਼ ਪੱਧਰ ਦਾ ਅੰਦੋਲਨ ਹੈ ਜਿਸ ਰਾਹੀਂ ਦਲਿਤ ਆਪਣੀ ਪਛਾਣ ਬਣਾਉਣ ਦਾ ਯਤਨ ਕਰਦਾ ਹੈ। ਬਲਬੀਰ ਮਾਧੋਪੁਰੀ ਦਾ ਵਿਚਾਰ ਸੀ ਕਿ ਦਲਿਤ ਸਾਹਿਤ ਰੋਹ ਤੇ ਵਿਦਰੋਹ ਦਾ ਸਾਹਿਤ ਹੈ। ਪ੍ਰਗਤੀਵਾਦੀ ਸਾਹਿਤ ਨਾ਼ਲ ਇਸ ਸਾਂਝ ਤੋਂ ਇਲਾਵਾ ਇਹ ਦੋਨੋਂ ਸ਼ੋਸ਼ਿਤ ਮਨੁੱਖ ਕੇਂਦ੍ਰਿਤ ਹਨ, ਦਰਜਿਆਂ ਵਿਚ ਸਮਾਜ ਦੀ ਵੰਡ ਦੇ ਵਿਰੋਧੀ ਹਨ, ਧਾਰਮਿਕ ਕਟੱੜਤਾ ਦੇ ਵਿਰੋਧੀ ਅਤੇ ਭਵਿੱਖ ਵਿਚ ਵਿਸ਼ਵਾਸ ਰੱਖਣ ਵਾ਼ਲੇ ਪ੍ਰੇਰਣਾ ਦੇ ਸਰੋਤ ਹਨ। ਮਾਧੋਪੁਰੀ ਅਨੁਸਾਰ ਦਲਿਤ ਸਵੈਜੀਵਨੀਆਂ ਸਭ ਤੋਂ ਵੱਧ ਦਲਿਤ ਯਥਾਰਥ ਪੇਸ਼ ਕਰਦੀਆਂ ਹਨ। ਮਦਨ ਵੀਰਾ ਨੇ ਸਾਰੇ ਮੁੱਦਿਆਂ ਨੂੰ ਛੂੰਹਦੇ ਹੋਏ ਗ਼ੈਰ ਦਲਿਤ ਸਾਹਿਤਕਾਰਾਂ ਦੀਆਂ ਸੀਮਾਵਾਂ ਨੂੰ ਸਾਹਮਣੇ ਲਿਆਂਦਾ ਅਤੇ ਸਮੁੱਚੇ ਤੌਰ ਤੇ ਪ੍ਰਗਤੀਸ਼ੀਲ ਧਾਰਣਾਵਾਂ ਦਾ ਸਮੱਰਥਨ ਕੀਤਾ। ਮਹਿਮਾਨ ਬੁਲਾਰਿਆਂ ਨੂੰ ਗ਼ਦਰ ਲਹਿਰ ਨਾ਼ਲ ਸੰਬੰਧਿਤ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਸਾਰੀ ਕਾਰਵਾਈ ਦਾ ਸੰਚਾਲਨ ਡਾ. ਕਰਮਜੀਤ ਸਿੰਘ ਨੇ ਕੀਤਾ।ਬਹਿਸ ਨੂੰ ਸਮੇਟਦਿਆਂ ਡਾ. ਚਮਨ ਲਾਲ ਨੇ ਕਿਹਾ ਕਿ ਰੋਹਿਤ ਵੈਮੂਲਾ ਦੀ ਸ਼ਹੀਦੀ ਅਤੇ ਕਨ੍ਹਈਆ ਕੁਮਾਰ ਦੀ ਘਟਨਾ ਤੇ ਦੂਸਰੀਆਂ ਘਟਨਾਵਾਂ ਨੇ ਲੋਕਾਂ ਦੀਆਂ ਧਾਰਣਾਵਾਂ ਨੂੰ ਬਦਲ ਕੇ ਰੱਖ ਦਿੱਤਾ ਅਤੇ ਏਕਤਾ ਵੱਲ ਮੋੜਾ ਆਇਆ। ਚਮਨ ਲਾਲ ਦੀ ਧਾਰਣਾ ਸੀ ਕਿ ਕਾ਼ਲੇ ਲੋਕਾਂ, ਨਾਰੀ, ਪ੍ਰਗਤੀਵਾਦੀ ਅਤੇ ਦਲਿਤ ਸਾਹਿਤ ਦਾ ਇਕ ਸਾਂਝਾ ਲੱਛਣ ਹੈ ਕਿ ਇਹ ਨਸਲ ਆਧਾਰਿਤ ਭੇਦ ਭਾਵ ਦਾ, ਗ਼ੁਲਾਮੀ ਦਾ ਵਿਰੋਧੀ ਹੈ। ਦਲਿਤ ਤੇ ਪ੍ਰਗਤੀਵਾਦੀ ਸਾਹਿਤ ਜੀਵਨਵਾਦੀ ਅਤੇ ਯਥਾਰਥਵਾਦੀ ਹੋਣ ਦੇ ਨਾ਼ਲ ਨਾ਼ਲ ਆਲੋਚਨਾਤਮਿਕ ਤਰਕਵਾਦੀ ਦ੍ਰਿਸ਼ਟੀ ਵੀ ਰੱਖਦੇ ਹਨ। ਤਿੰਨ ਘੰਟੇ ਤੋਂ ਉੱਪਾਰ ਚਲੇ ਸੈਮੀਨਾਰ ਦੇ ਅੰਤ ਤੇ ਕੇਂਦਰੀ ਸਭਾ ਦੇ ਮੀਤ ਪ੍ਰਧਾਨ ਦੀਪ ਦੇਵਿੰਦਰ ਨੇ ਵਿਦਵਾਨਾਂ ਅਤੇ ਦੂਰੋਂ ਦੂਰੋਂ ਆਏ ਲੇਖਕਾਂ ਦਾ ਧੰਨਵਾਦ ਕੀਤਾ ਅਤੇ ਆਪਣੇ ਵਿਚਾਰ ਵੀ ਰੱਖੇ।




ਇਸ ਸਮੇਂ ਪ੍ਰੋ. ਬਲਦੇਵ ਬੱਲੀ, ਨਵਤੇਜ ਗੜ੍ਹਦੀਵਾ਼ਲਾ, ਦਰਸ਼ਨ ਸਿੰਘ, ਅਰਵਿੰਦਰ ਕੌਰ ਕਾਕੜਾ, ਸੋਮਾ ਸਬਲੋਕ, ਰਾਮ ਲਾਲ ਭਗਤ, ਜਸਬੀਰ ਧੀਮਾਨ, ਮੱਖਣ ਕੁਹਾੜ, ਡਾ. ਹਰਵਿੰਦਰ ਅਟਵਾਲ, ਮੰਗਤ ਚੰਚਲ, ਕੁਲਤਾਰ ਸਿੰਘ ਕੁਲਤਾਰ, ਮਲਕੀਤ ਜੌੜਾ, ਐਸ ਐਲ ਵਿਰਦੀ, ਸੁੱਖੀ ਬਾਠ ਕੈਨੇਡਾ, ਸ਼ੈਲਿੰਦਰ ਜੀਤ ਰਾਜਨ, ਹਰਪ੍ਰੀਤ ਹੁੰਦਲ, ਤਸਕੀਨ, ਰਾਜਿੰਦਰ ਵਿਮਲ, ਡਾ. ਭੁਪਿੰਦਰ ਕੌਰ, ਪ੍ਰੋ. ਵੀਨਾ ਅਰੋੜਾ, ਸ਼ਮਸ਼ੇਰ ਮੋਹੀ, ਡਾ. ਸੁਖਵਿੰਦਰ ਸਿੰਘ ਸੰਘਾ, ਹਜ਼ਾਰਾ ਸਿੰਘ ਚੀਮਾ, ਪੰਮੀ ਦਵੇਦੀ, ਇਕਬਾਲ ਸਿੰਘ, ਪ੍ਰੋ. ਲਾਲ ਸਿੰਘ, ਡਾ. ਰਵਿੰਦਰ ਕੌਰ, ਗੋਪਾਲ ਸਿੰਘ ਬੁੱਟਰ, ਦੀਦਾਰ ਦੇਵਿੰਦਰ ਸਿੰਘ, ਡਾ. ਜਸਵੰਤ ਰਾਇ, ਰੰਗੀਲਪਰ, ਸੁਰਿੰਦਰ ਕੌਰ ਮੈਂਬਰ ਐਸ. ਜੀ. ਪੀ. ਸੀ., ਮੋਹਨ ਮਤਿਆਲਵੀ, ਅਮਨਗੀਤ ਅਤੇ ਕੇਸਰ ਪੰਜਆਬ ਆਦਿ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।

**ਰਿਪੋਰਟ– ਡਾ. ਕਰਮਜੀਤ ਸਿੰਘ**

# ਆਕਸਫਰਡ ਯੂਨੀਵਰਸਿਟੀ ਨੇ ਹਿਟਲਰ ਨਾਲ ਕੀਤੀ ਟਰੰਪ ਦੀ ਤੁਲਨਾ

**ਲੰਡਨ–** ਆਕਸਫਰਡ ਯੂਨੀਵਰਸਿਟੀ ਵੱਲੋਂ ਕੀਤੇ ਗਏ ਅਧਿਐਨ ਦੀ ਰਿਪੋਰਟ ਵਿੱਚ ਇਹ ਗੱਲ ਸਾਹਮਣੇ ਆਈ ਹੈ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਡੋਨਲਡ ਟਰੰਪ ਵਿੱਚ ਨਾਜ਼ੀ ਤਾਨਾਸ਼ਾਹ ਅਡੌਲਫ ਹਿਟਲਰ ਤੋਂ ਵੱਧ 'ਮਨੋਰੋਗੀ ਲੱਛਣ' ਹਨ। ਇਸ ਅਧਿਐਨ ਲਈ ਮਨੋਵਿਗਿਆਨੀ ਕੇਵਿਨ ਡੱਟੋਨ ਨੇ ਸਾਈਕੋਪੈਥਿਕ ਪਰਸਨੈਲਿਟੀ ਇਨਵੈਂਟਰੀ ਰਿਵਾਈਜ਼ਡ (ਪੀਪੀਆਈ) ਨਾਮੀਂ ਟੂਲ ਦੀ ਵਰਤੋਂ ਕੀਤੀ ਹੈ।



ਟਰੰਪ ਨੇ ਡਰ ਨਾ ਕਬੂਲਣ ਅਤੇ ਸਮਾਜਿਕ ਪ੍ਰਭਾਵ ਸਬੰਧੀ ਹਿਟਲਰ ਨੂੰ ਪਿੱਛੇ ਛੱਡਿਆ ਹੈ, ਜਦਕਿ ਨਾਜ਼ੀ ਤਾਨਾਸ਼ਾਹ ਨੂੰ ਬੇਰਹਿਮੀ ਤੇ ਸੁਆਰਥੀਪੁਣੇ ਸਬੰਧੀ ਵੱਧ ਅੰਕ ਦਿੱਤੇ ਗਏ ਹਨ। ਇਸ ਅਧਿਐਨ ਵਿੱਚ ਟਰੰਪ ਦੀ ਵਿਰੋਧੀ ਉਮੀਦਵਾਰ ਹਿਲੇਰੀ ਕਲਿੰਟਨ ਦਾ ਨਾਮ ਟਰੰਪ ਨਾਲੋਂ ਪਿੱਛੇ ਹੈ। ਮਾਹਿਰਾਂ ਨੂੰ ਪੀਪੀਆਈ–ਆਰ ਟੈੈਸਟ ਤਹਿਤ 56 ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਗਿਆ ਸੀ। ਇਸ ਟੈੈਸਟ ਡਰ ਨਾ ਕਬੂਲਣ, ਬੇਰਹਿਮੀ, ਸੁਆਰਥੀਪੁਣੇ, ਸਵੈ ਭਰੋਸੇ, ਬੇਇਮਾਨੀ ਆਦਿ ਦੇ ਆਧਾਰ 'ਤੇ ਕੀਤਾ ਗਿਆ ਹੈ। ਦਿ ਟੈਲੀਗ੍ਰਾਫ਼ ਦੀ ਰਿਪੋਰਟ ਮੁਤਾਬਕ ਇਸ ਟੈੈਸਟ ਵਿੱਚ ਹਿਟਲਰ ਨੂੰ 169 ਅੰਕ ਤੇ ਟਰੰਪ ਨੂੰ 171 ਅੰਕ ਮਿਲੇ ਹਨ। ਬਰਤਾਨੀਆ ਦੀ ਸਾਬਕਾ ਪ੍ਰਧਾਨ ਮੰਤਰੀ ਮਾਰਗਰੈਟ ਥਰੈਚਰ ਨੂੰ 136 ਅੰਕ ਮਿਲੇ ਹਨ।

ਸ੍ਰੀ ਡੱਟੋਨ ਨੇ ਕਿਹਾ ਕਿ ਇਹ ਟੈੈਸਟ ਇਹ ਨਹੀਂ ਦੱਸਦਾ ਕਿ ਕੋਈ ਮਨੋਰੋਗੀ ਹੈ ਜਾਂ ਨਹੀਂ। ਇਸ ਤਹਿਤ ਮਨੋਰੋਗੀ ਲੱਛਣਾਂ ਦੇ ਆਧਾਰ 'ਤੇ ਅੰਕ ਦਿੱਤੇ ਜਾਂਦੇ ਹਨ। ਟਰੰਪ ਨੇ ਨਿਡਰ ਤੇ ਦਬਦਬੇ ਵਰਗੇ ਲੱਛਣਾਂ ਵਿੱਚ ਵੱਧ ਅੰਕ ਹਾਸਲ ਕੀਤੇ ਹਨ ਤੇ ਇਹ ਕਾਮਯਾਬ ਰਾਸ਼ਟਰਪਤੀਆਂ ਨਾਲ ਸਬੰਧਿਤ ਹਨ।

# ਅਮਰੀਕੀ ਸਿੱਖਾਂ ਵੱਲੋਂ ਕਾਲੀ ਸੂਚੀ 'ਚੋਂ ਨਾਮ ਹਟਾਉਣ ਦਾ ਸਵਾਗਤ

**ਵਾਸ਼ਿੰਗਟਨ–** ਅਮਰੀਕੀ ਸਿੱਖਾਂ ਨੇ ਭਾਰਤ ਸਰਕਾਰ ਵੱਲੋਂ 225 ਸਿੱਖਾਂ ਦੇ ਨਾਮ ਕਾਲੀ ਸੂਚੀ 'ਚੋਂ ਹਟਾਏ ਜਾਣ ਦਾ ਸਵਾਗਤ ਕੀਤਾ ਹੈ। ਸਿੱਖਸ ਆਫ਼ ਅਮਰੀਕਾ ਜਥੇਬੰਦੀ ਦੇ ਬਾਨੀ ਜਸਦੀਪ ਸਿੰਘ ਨੇ ਕਿਹਾ ਕਿ ਇਹ ਸਹੀ ਦਿਸ਼ਾ 'ਚ ਚੁੱਕਿਆ ਗਿਆ ਕਦਮ ਹੈ। ਜਥੇਬੰਦੀ ਨੇ ਪਿਛਲੇ ਸਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਿਲੀਕਾਨ ਵੈਲੀ ਦੇ ਦੌਰੇ ਮੌਕੇ ਉਨ੍ਹਾਂ ਨੂੰ ਇਸ ਸਬੰਧੀ ਮੰਗ ਪੱਤਰ ਸੌਂਪਿਆ ਸੀ।

# ਤੁਰਕੀ ਵਿੱਚ ਵਿਆਹ ਦੌਰਾਨ ਅੱਤਵਾਦੀ ਹਮਲਾ, 50 ਮੌਤਾਂ

**ਅੰਕਾਰਾ–** ਤੁਰਕੀ ਵਿੱਚ ਸੀਰੀਆ ਦੀ ਹੱਦ ਨਾਲ ਲੱਗਦੇ ਸ਼ਹਿਰ ਗਾਜ਼ੀਆਂਤੇਪ ਵਿੱਚ ਵਿਆਹ ਸਮਾਗਮ ਵਿੱਚ ਇਸਲਾਮਿਕ ਸਟੇਟ ਨਾਲ ਸਬੰਧ ਆਤਮਘਾਤੀ ਹਮਲਾਵਰ ਨੇ ਹਮਲਾ ਕਰਕੇ ਘੱਟੋ ਘੱਟ 50 ਵਿਅਕਤੀਆਂ ਨੂੰ ਮਾਰ ਦਿੱਤਾ। ਰਾਸ਼ਟਰਪਤੀ ਰੇਸੇਪ ਤੈਯਪ ਅਰਦੋਗਨ ਨੇ ਕਿਹਾ ਕਿ ਦੇਸ਼ ਦੇ ਦੱਖਣ ਪੂਰਬੀ ਸ਼ਹਿਰ ਗਾਜ਼ੀਆਂਤੇਪ ਵਿੱਚ ਬੀਤੀ ਰਾਤ ਹੋਏ ਬੰਬ ਹਮਲੇ ਵਿੱਚ ਜਹਾਦੀ ਸਮੂਹ ਆਈਐਸ ਦਾ ਹੱਥ ਹੋ ਸਕਦਾ ਹੈ। ਤੁਰਕੀ ਵਿੱਚ ਹੋਏ ਇਸ ਤਾਜ਼ਾ ਹਮਲੇ ਨੇ ਨਾਟੋ ਦੇ ਇਸ ਅਹਿਮ ਮੁਲਕ ਨੂੰ ਹਿਲਾ ਦਿੱਤਾ ਹੈ। ਤੁਰਕੀ ਵਿੱਚ ਇਸ ਸਾਲ ਤਖ਼ਤਾ ਪਲਟਣ ਦੀ ਕੋਸ਼ਿਸ਼ ਸਣੇ ਕਈ ਹਮਲੇ ਹੋਏ ਹਨ। ਗਾਜ਼ੀਆਂਤੇਪ ਦੇ ਗਵਰਨਰ ਅਲੀ ਯਰਲਿਕਾਯਾ ਨੇ ਇਕ ਬਿਆਨ ਵਿੱਚ ਕਿਹਾ ਕਿ ਹਮਲੇ ਵਿੱਚ 50 ਵਿਅਕਤੀ ਮਾਰੇ ਗਏ ਤੇ 94 ਲੋਕ ਜ਼ਖ਼ਮੀ ਹੋਏ ਹਨ।ਖ਼ਬਰਾਂ ਵਿੱਚ ਕਿਹਾ ਗਿਆ ਹੈ ਕਿ ਇਸ ਵਿਆਹ ਸਮਾਗਮ ਵਿੱਚ ਕੁਰਦ ਲੋਕਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਸੀ। ਲਾੜਾ ਤੇ ਲਾੜੀ ਦਾ ਸਬੰਧ ਸਿਰਤ ਦੇ ਕੁਰਦ ਖੇਤਰ ਨਾਲ ਹੈ। ਕੁਰਦਿਸ਼ ਪੀਪਲਜ਼ ਡੈਮੋਕਰੈ–ਟਿਕ ਪਾਰਟੀ ਨੇ ਕਿਹਾ ਹੈ ਕਿ ਲਾੜੀ ਬਸਨਾ ਤੇ ਲਾੜਾ ਨੁਰੇਤਿਨ ਅਰਦੋਗਨ ਹਸਪਤਾਲ ਵਿੱਚ ਭਰਤੀ ਹਨ ਪਰ ਉਨ੍ਹਾਂ ਦੀ ਜਾਨ ਨੂੰ ਕੋਈ ਖਤਰਾ ਨਹੀਂ ਹੈ।

ਪੁਲਿਸ ਹੁਣ ਉਨ੍ਹਾਂ ਲੋਕਾਂ ਦੀ ਭਾਲ ਕਰ ਰਹੀ ਹੈ ਜਿਹੜੇ ਹਮਲਵਾਰ ਨਾਲ ਵਿਆਹ ਵਿੱਚ ਸ਼ਾਮਲ ਹੋਏ ਸਨ। ਇਕ ਬਰਾਤੀ ਨੇ ਕਿਹਾ ਕਿ ਉਹ ਹਮਲੇ ਵੇਲੇ ਆਪਣੇ ਸਾਥੀ ਨਾਲ ਗੱਲਬਾਤ ਕਰ ਰਿਹਾ ਸੀ ਤੇ ਧਮਾਕੇ ਵਿੱਚ ਉਸ ਦੇ ਸਾਥੀ ਦੀ ਮੌਤ ਹੋ ਗਈ ਤੇ ਉਹ ਉਸ ਦੇ ਉਪਰ ਆ ਡਿੱਗਿਆ ਜੇ ਉਹ ਉਪਰ ਨਾ ਡਿੱਗਦਾ ਤਾਂ ਉਸ ਨੇ ਵੀ ਮਰ ਜਾਣਾ ਸੀ। ਸੁਰੱਖਿਆ ਏਜੰਸੀਆਂ ਇਸ ਮਾਮਲੇ ਦੀ ਵੱਖ ਵੱਖ ਪੱਖਾਂ ਤੋਂ ਪੁਣਛਾਣ ਕਰ ਰਹੀਆਂ ਹਨ।

# ਜ਼ੁਲਮਾਂ ਦੇ ਸ਼ਿਕਾਰ ਬੱਚਿਆਂ ਲਈ ਵਰਦਾਨ ਬਣੀ 1098 ਚਾਈਲਡ ਹੈਲਪਲਾਈਨ

**ਬਟਾਲਾ (ਐਨ ਐਸ ਬਰਨਾਲ)–** ਬੱਚਿਆਂ ਉੱਪਰ ਹੁੰਦੇ ਅੱਤਿਆਚਾਰਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਟੌਲ ਫਰੀ ਚਾਈਲਡ ਹੈਲਪ ਲਾਈਨ 1098 ਚਲਾਈ ਜਾ ਰਹੀ ਹੈ। ਜੇਕਰ ਛੋਟੇ ਬੱਚਿਆਂ ਨੂੰ ਕੋਈ ਪਰੇਸ਼ਨੀ ਜਾਂ ਮੁਸਕਲ ਦਰਪੇਸ਼ ਹੋਵੇ ਤਾਂ ਉਹ ਚਾਈਲਡ ਹੈਲਪ ਲਾਈਨ 1098 ਉੱਪਰ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਟਾਲਾ ਦੇ ਬਾਲ ਵਿਕਾਸ ਤੇ ਪ੍ਰੋਜੈਕਟ ਅਫਸਰ (ਸੀ.ਡੀ.ਪੀ.ਓ.) ਸ੍ਰੀ ਵਰਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਇਸ ਹੈਲਪ ਲਾਈਨ ਨੰਬਰ 'ਤੇ ਇਹ ਸਹੂਲਤ 24 ਘੰਟੇ ਉਪਲੱਬਧ ਹੈ ਅਤੇ ਹੈਲਪ ਲਾਈਨ ਵੱਲੋਂ ਇਹ ਸਹਾਇਤਾ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਵਾਂ ਵਿਚ ਦਿੱਤੀ ਜਾ ਰਹੀ ਹੈ।

ਸੀ.ਡੀ.ਪੀ.ਓ. ਬਟਾਲਾ ਨੇ ਅੱਗੇ ਦੱਸਿਆ ਕਿ ਸਰਕਾਰ ਵੱਲੋਂ ਇਹ ਹੈਲਪ ਲਾਈਨ ਬਾਲ ਮਜ਼ਦੂਰੀ ਕਰਦੇ ਬੱਚਿਆਂ, ਬੇਸਹਾਰਾ ਬੱਚਿਆਂ, ਘਰੋਂ ਕੱਢੇ ਬੱਚਿਆਂ, ਵੱਖ–ਵੱਖ ਜੁਲਮਾਂ ਦੇ ਸ਼ਿਕਾਰ ਬੱਚਿਆਂ, ਮਾਨਸਿਕ ਤੇ ਸਰੀਰਕ ਤੌਰ 'ਤੇ ਬਿਮਾਰ ਬੱਚਿਆਂ ਦੀ ਸਹਾਇਤਾ ਲਈ ਸ਼ੁਰੂ ਕੀਤੀ ਗਈ ਹੈ। ਉਨਾਂ ਦੱਸਿਆ ਕਿ ਚਾਈਲਡ ਹੈਲਪ ਲਾਈਨ ਉੱਪਰ ਕਿਸੇ ਵੀ ਸਥਾਨ ਤੋਂ ਕਿਸੇ ਵੀ ਸਮੇਂ ਮੁਫਤ ਫੋਨ ਕੀਤਾ ਜਾ ਸਕਦਾ ਹੈ। ਉਨਾਂ ਅੱਗੇ ਦੱਸਿਆ ਕਿ ਚਾਈਲਡ ਲਾਈਨ ਵੱਲੋਂ ਬੱਚਿਆਂ ਨਾਲ ਸਬੰਧਤ ਸਲਾਹ ਮਸ਼ਵਰਾ, ਬੱਚਿਆਂ ਦੇ ਰਹਿਣ ਦੀ ਸੁਵਿਧਾ, ਅੱਤਿਆਚਾਰਾਂ ਤੋਂ ਸੁਰੱਖਿਆ, ਡਾਕਟਰੀ ਸਹਾਇਤਾ, ਵਜ਼ੀਫਾ, ਕਾਨੂੰਨੀ ਸਹਾਇਤਾ, ਰਿਹਾਇਸ਼ ਦੀ ਸਹੂਲਤ ਅਤੇ ਗੁਆਚੇ ਬੱਚੇ ਨੂੰ ਲੱਭਣ ਤੇ ਉਸਨੂੰ ਘਰ ਵਾਪਸ ਪਹੁੰਚਾਉਣ ਦੀ ਸੇਵਾ ਵੀ ਦਿੱਤੀ ਜਾਂਦੀ ਹੈ। ਸ੍ਰੀ ਵਰਿੰਦਰ ਸਿੰਘ ਗਿੱਲ ਨੇ ਅੱਗੇ ਦੱਸਿਆ ਕਿ ਇਹ ਚਾਈਲਡ ਹੈਲਪ ਲਾਈਨ ਰਾਸ਼ਟਰ ਪੱਧਰ 'ਤੇ ਚੱਲ ਰਹੀ ਹੈ ਅਤੇ ਬੱਚਿਆਂ 'ਤੇ ਜੁਲਮਾਂ ਨੂੰ ਰੋਕਣ ਲਈ ਇਹ ਹੈਲਪ ਲਾਈਨ ਬਹੁਤ ਸਹਾਈ ਹੋ ਰਹੀ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਹਨਾਂ ਦੇ ਆਲੇ–ਦੁਆਲੇ ਕਿਸੇ ਬੱਚੇ ਨਾਲ ਜੁਲਮ ਹੋ ਰਹੇ ਹੋਣ ਜਾਂ ਖੁਦ ਬੱਚੇ ਇਸ ਗੱਲ ਦੀ ਸਮਝ ਰੱਖਦੇ ਹੋਣ ਤਾਂ ਉਹ 1098 ਨੰਬਰ ਡਾਈਲ ਕਰਕੇ ਆਪਣੀ ਮੁਸ਼ਕਲ ਜਾਂ ਸ਼ਿਕਾਇਤ ਦਰਜ ਕਰਾ ਸਕਦੇ ਹਨ, ਜਿਸ ਉਪਰ ਫੌਰੀ ਤੌਰ 'ਤੇ ਕਾਰਵਾਈ ਕੀਤੀ ਜਾਵੇਗੀ।

# ਚੰਡੀਗੜ੍ਹ 'ਤੇ ਸਿਰਫ਼ ਪੰਜਾਬ ਦਾ ਹੱਕ: ਬਾਦਲ

**ਲੰਬੀ–** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹਲਕੇ ਵਿੱਚ ਸੰਗਤ ਦਰਸ਼ਨ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਚੰਡੀਗੜ੍ਹ 'ਤੇ ਸਿਰਫ਼ ਪੰਜਾਬ ਦਾ ਹੱਕ ਹੈ ਤੇ ਇਹ ਹਰ ਹਾਲ ਪੰਜਾਬ ਨੂੰ ਹੀ ਮਿਲਣਾ ਚਾਹੀਦਾ ਹੈ। ਚੰਡੀਗੜ੍ਹ ਪੰਜਾਬ ਨੂੰ ਨਾ ਮਿਲਣ ਤੱਕ ਪੰਜਾਬ ਦੇ ਰਾਜਪਾਲ ਨੂੰ ਹੀ ਚੰਡੀਗੜ੍ਹ ਦਾ ਮੁੱਖ ਪ੍ਰਸ਼ਾਸਕ ਬਣੇ ਰਹਿਣ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੁਨਰਗਠਨ ਕਾਨੂੰਨ ਮੁਤਾਬਕ ਹਰ ਪਿੱਤਰੀ ਰਾਜ ਦਾ ਉਸ ਦੀ ਰਾਜਧਾਨੀ 'ਤੇ ਹੱਕ ਰਿਹਾ ਹੈ, ਪਰ ਚੰਡੀਗੜ੍ਹ ਪੰਜਾਬ ਨੂੰ ਨਾ ਦੇ ਕੇ ਸੂਬੇ ਨਾਲ ਧੱਕਾ ਕੀਤਾ ਗਿਆ। ਸ੍ਰੀ ਬਾਦਲ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹਰ ਫ਼ਰੰਟ 'ਤੇ ਫੇਲ੍ਹ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਕੇਜਰੀਵਾਲ ਪੰਜਾਬ ਵਿਰੋਧੀ ਮਾਨਸਿਕਤਾ ਤੋਂ ਪੀੜਤ ਹਨ ਅਤੇ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਦਿੱਲੀ ਸਰਕਾਰ ਵੱਲੋਂ ਲਿਆ ਪੰਜਾਬ ਵਿਰੋਧੀ ਸਟੈਂਡ ਇਸ ਗੱਲ ਦਾ ਪ੍ਰਮਾਣ ਹੈ। ਮੁੱਖ ਮੰਤਰੀ ਨੇ ਕਾਂਗਰਸੀ ਆਗੂਆਂ ਵੱਲੋਂ ਸਰਕਾਰੀ ਬੱਸਾਂ ਤੋਂ ਪੰਜਾਬ ਸਰਕਾਰ ਦੇ ਪੋਸਟਰ ਪਾੜੇ ਜਾਣੇ ਨੂੰ ਕਾਂਗਰਸੀ ਆਗੂਆਂ ਦੀ ਬੁਖਲਾਹਟ ਦਾ ਸਿੱਟਾ ਦੱਸਿਆ। ਸੂਬਾ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਪੰਜਾਬ ਦਾ ਮਾਲਵਾ ਖਿੱਤਾ ਸੇਮ ਤੋਂ ਤਕਰੀਬਨ ਮੁਕਤ ਹੋ ਚੁੱਕਾ ਹੈ।

Speak to a SolarCity energy consultant to save on your monthly electricity bill

With no upfront cost and predictable energy rates, SolarCity makes switching to solar easy



Dilwinder Ralh

ਨੋਟ: ਤੁਸੀਂ ਮੇਰੇ ਨਾਲ ਪੰਜਾਬੀ ਅਤੇ ਹਿੰਦੀ ਵਿਚ ਵੀ ਗੱਲ ਕਰ ਸਕਦੇ ਹੋ।

ਸਾਡੇ ਕੋਲ ਲੀਜ਼ ਪ੍ਰੋਗਰਾਮ ਵੀ ਉਪਲੱਬਧ ਹਨ

For more information call me:

SolarCity

Free Installation, Maintenance, Repair & Monitoring by SolarCity for 20 years

* 10 ਸਾਲਾਂ ਲਈ ਕਰਜ਼ਾ 2.99 ਪ੍ਰਤੀਸ਼ਤ ਵਿਆਜ, 0 ਡਾਲਰ ਡਾਊਨ ਪੇਮੈਂਟ
* 20 ਸਾਲਾਂ ਲਈ ਕਰਜ਼ਾ 4.99 ਪ੍ਰਤੀਸ਼ਤ ਵਿਆਜ, 0 ਡਾਲਰ ਡਾਊਨ ਪੇਮੈਂਟ

There are special own program options 2016:

1. 10 years loan term @2.99% interest $0 down payment
2. 20 years loan term @4.99% interest $0 down payment
3. We have also speacial lease programme.
4. Also 30% off Federal Tax Credit.

ਜੇਕਰ ਕੋਈ ਸਾਨੂੰ ਕਸਟਮਰ ਰੈਫਰ ਕਰਦਾ ਹੈ ਤਾਂ ਕੰਪਨੀ ਉਸ ਨੂੰ 200 ਡਾਲਰ ਦੇਵੇਗੀ



Dilwinder Ralh
Field Energy Consultant (FEC)
Yuba City. CA 95993
dralh@solarcity.com Ph: 530-933-3938



Green CLEANING

Elm Discount Dry Cleaners

$3.50 Most Garments Dry Clean
$1.25 Laundered Shirts

Bring in 6 Garments, 1 Regulat Garment is Free
Addition 10% OFF on Business Accounts

6 ਗਾਰਮੈਂਟਸ ਲਿਆਓ, ਇਕ ਰੈਗੂਲਰ ਗਾਰਮੈਂਟ ਮੁਫਤ
10 ਫੀਸਦੀ ਬਿਜਨਸ ਅਕਾਊਂਟਸ ਤੇ ਛੋਟ

Service Includes :
Expert Alterations, Rugs, Draperies, Gowns, Shoes, Comforters Households, Leather & Swede

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 7 ਤੋਂ ਸ਼ਾਮ 7 ਵਜੇ ਤੱਕ,
ਸ਼ਨਿਚਰਵਾਰ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ

Manager Shobhna Singh (650) 995-0785

www.elmdiscountdrycleaners.com

ਪੰਜਾਬੀ ਸੂਟ ਵੀ ਇੱਥੇ ਡ੍ਰਾਈਕਲੀਨ ਕੀਤੇ ਜਾਂਦੇ ਹਨ

4207 Elverta Road, Suite 111, Antelope CA 95843

(916) 729-7900 Customer Satisfaction Guaranteed

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਗੁਰਦਿਆਲ ਸਿੰਘ ਨੂੰ ਸ਼ਰਧਾਂਜਲੀ



ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ, ਸੀਨੀਅਰ ਮੀਤ ਪ੍ਰਧਾਨ ਅਤਰਜੀਤ ਅਤੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਇਕ ਸਾਂਝੇ ਬਿਆਨ ਵਿਚ ਸਮਰੱਥ ਗਲਪਕਾਰ ਗੁਰਦਿਆਲ ਸਿੰਘ ਦੇ ਚਲਾਣੇ ਉੱਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੇ ਤੁਰ ਜਾਣ ਨਾ਼ਲ ਕਦੇ ਨਾ ਭਰਿਆ ਜਾਣ ਵਾ਼ਲਾਂ ਖ਼ਲਾਅ ਪੈਦਾ ਹੋਇਆ ਹੈ। ਗੁਰਦਿਆਲ ਸਿੰਘ ਦੇ ਜਾਣ ਨਾ਼ਲ ਪੰਜਾਬੀ ਨਾਵਲ ਦੇ ਇਕ ਯੁੱਗ ਦਾ ਅੰਤ ਹੋਇਆ ਹੈ। ਆਪਣੇ ਨਾਵਲਾਂ ਮੜ੍ਹੀ ਦਾ ਦੀਵਾ, ਅਣਹੋਏ, ਅੱਧ ਚਾਨਣੀ ਰਾਤ, ਪਰਸਾ ਅਤੇ ਆਹਣ ਆਦਿ ਰਾਹੀਂ ਗੁਰਦਿਆਲ ਸਿੰਘ ਨੇ ਪੰਜਾਬੀ ਨਾਵਲ ਨੂੰ ਪੰਜਾਬ ਵਿਚ ਹੀ ਨਹੀਂ ਸਗੋਂ ਵਿਸ਼ਵ ਪੱਧਰ ਤੇ ਪਛਾਣ ਦੁਆਈ। ਮੜ੍ਹੀ ਦਾ ਦੀਵਾ ਨਾਵਲ ਹਿੰਦੀ, ਅੰਗਰੇਜ਼ੀ ਅਤੇ ਰੂਸੀ ਭਾਸ਼ਾ ਵਿਚ ਵੀ ਅਨੁਵਾਦ ਹੋਇਆ।

ਹੋਰ ਨਾਵਲ ਵੀ ਹਿੰਦੀ ਅਨੁਵਾਦ ਰਾਹੀਂ ਭਾਰਤੀ ਪਾਠਕਾਂ ਤਕ ਪਹੁੰਚੇ। ਅਣਹੋਇਆਂ ਦੇ ਨਾਵਲਕਾਰ ਵਜੋਂ ਜਾਣੇ ਜਾਂਦੇ ਗੁਰਦਿਆਲ ਸਿੰਘ ਦੀ ਪੰਜਾਬੀ ਸਭਿਆਚਾਰ, ਉਸਦੇ ਪਾਤਰਾਂ ਅਤੇ ਮਲਵਈ ਭਾਸ਼ਾ ਉਪਰ ਪਕੜ ਬੜੀ ਪੀਡੀ ਸੀ। ਉਨ੍ਹਾਂ ਦਾ ਕਹਾਣੀਕਾਰ ਦੇ ਤੌਰ ਤੇ ਦਰਜਾ ਵੀ ਕਿਸੇ ਗੱਲੋਂ ਘੱਟ ਨਹੀਂ ਸੀ। ਪੰਜਾਬ ਦੇ ਦੂਸਰੇ ਮਸਲੇ ਵੀ ਉਨ੍ਹਾਂ ਦੀ ਚਿੰਤਾ ਅਤੇ ਲਿਖਤ ਦਾ ਵਿਸ਼ਾ ਰਹੇ। ਉਨ੍ਹਾਂ ਦੇ ਨਾਵਲਾਂ ਉਪਰ ਬਣੀਆਂ ਤਿੰਨ ਫਿਲਮਾਂ ਨੇ ਭਾਰਤੀ ਕਲਾ ਫਿਲਮਾਂ ਦੇ ਖੇਤਰ ਵਿਚ ਨਾਮਣਾ ਖੱਟਿਆ।

ਸਾਹਿਤ ਅਕਾਡਮੀ, ਅਤੇ ਪਦਮ ਸ਼੍ਰੀ ਜਿਹੇ ਸਤਾਰਾਂ ਸਨਮਾਨਾਂ ਨਾ਼ਲ ਨਿਵਾਜੇ ਗਏ ਗੁਰਦਿਆਲ ਸਿੰਘ ਜਿਹੇ ਸਾਹਿਤਕਾਰ ਦਾ ਤੁਰ ਜਾਣਾ ਪੰਜਾਬੀ ਸਾਹਿਤ ਲਈ ਇਕ ਵੱਡਾ ਦੁਖਾਂਤ ਹੈ। ਕੇਂਦਰੀ ਸਭਾ ਦੇ ਅਹੁਦੇਦਾਰ ਮਨਜੀਤ ਕੌਰ ਮੀਤ, ਜਸਵੀਰ ਝੱਜ, ਦੀਪ ਦੇਵਿੰਦਰ, ਤਰਲੋਚਨ ਝਾਂਡੇ, ਡਾ. ਮਾਨ ਸਿੰਘ ਢੀਂਡਸਾ, ਅੰਮ੍ਰਿਤਬੀਰ ਕੌਰ, ਸੁਰਿੰਦਰ ਪ੍ਰੀਤ ਘਣੀਆਂ, ਕਰਮ ਸਿੰਘ ਵਕੀਲ ਅਤੇ ਵਰਗਿਸ ਸਲਾਮਤ, ਕਾਰਜਕਾਰਨੀ ਅਤੇ ਕੇਂਦਰੀ ਸਭਾ ਦੇ ਸਾਰੇ ਮੈਂਬਰ ਗੁਰਦਿਆਲ ਸਿੰਘ ਦੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੁੰਦੇ ਹਨ।

# "ਦੁਸਾਂਝ ਕਲਾਂ ਦਾ ਮਾਣਮੱਤਾ ਇਤਿਹਾਸ" ਕਿਤਾਬ ਰਿਲੀਜ਼

**ਗੁਰਾਇਆ (ਨਿਰਮਲ ਗੁੜਾ)–** ਜਿਲਾ ਜਲੰਧਰ ਦਾ ਇਨਕਲਾਬੀ ਅਤੇ ਇਤਿਹਾਸਕ ਪਿੰਡ ਦੁਸਾਂਝ ਕਲਾਂ ਜਿਸ ਦਾ ਨਾਮ ਰਾਜਨੀਤੀ, ਖੇਡਾਂ, ਵਿਦਿਆ, ਧਾਰਮਿਕ, ਗਾਇਕੀ ਅਤੇ ਸਾਹਿਤਕ ਤੌਰ ਤੇ ਸੰਸਾਰ ਭਰ ਵਿੱਚ ਪ੍ਰਸਿੱਧ ਹੈ। ਇਸ ਪਿੰਡ ਦੇ ਰਿਟਾਇਰਡ ਪ੍ਰਿੰਸੀਪਲ ਗਿਆਨ ਸਿੰਘ ਨੇ ਦੁਸਾਂਝ ਕਲਾਂ ਦੇ ਨਾਮ ਨੂੰ ਆਪਣੀ ਕਲਮ ਦੇ ਜਰੀਏ ਇਤਿਹਾਸ ਵਿੱਚ ਹੋਰ ਵੀ ਸੁਨਿਹਰੀ ਅੱਖਰਾਂ ਵਿੱਚ ਪੱਕਿਆਂ ਕਰਨ ਦੀ ਕੋਸ਼ਿਸ਼ ਕੀਤੀ ਹੈ "ਦੁਸਾਂਝ ਕਲਾਂ ਦਾ ਮਾਣਮੱਤਾ



ਇਤਿਹਾਸ" ਕਿਤਾਬ ਲਿਖ ਕੇ। ਇਸ ਇਤਿਹਾਸਕ ਕਿਤਾਬ ਨੂੰ ਰਿਲੀਜ਼ ਕਰਨ ਲਈ ਦੁਸਾਂਝ ਕਲਾਂ ਦੇ ਗੁਰਦੁਆਰਾ ਧਰਮਦੁਆਰਾ ਸਾਹਿਬ ਵਿਖੇ ਕਿਤਾਬ ਰਿਲੀਜ਼ ਸਮਾਰੋਹ ਕਰਵਾਇਆ ਗਿਆ। ਇਸ ਸਮਾਰੋਹ ਵਿੱਚ ਮਾਰਕੀਟ ਕਮੇਟੀ ਗੁਰਾਇਆ ਦੇ ਚੇਅਰਮੈਨ ਸ. ਅਮਰਜੀਤ ਸਿੰਘ ਸੰਧੂ ਉਚੇਚੇ ਤੌਰ ਤੇ ਪੁੱਜੇ ਅਤੇ ਇਲਾਕੇ ਭਰ ਦੀਆਂ ਨਾਮਵਾਰ ਅਤੇ ਸਾਹਿਤ ਨਾ਼ਲ ਜੁੜੀਆਂ ਸਖਸ਼ੀਅਤਾਂ ਨੇ ਭਾਗ ਲਿਆ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਦੁਸਾਂਝ ਕਲਾਂ ਦੀਆਂ ਪ੍ਰਮੁਖ ਸਖਸ਼ੀਅਤਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਿੰਡ ਦੁਸਾਂਝ ਕਲਾਂ ਤੇ ਪੰਜਾਬ ਨੂੰ ਮਾਣ ਹੈ ਜਿਥੇ ਅਕਾਲੀ ਪਤ੍ਰਿਕਾ ਅਖਬਾਰ ਦੇ ਬਾਨੀ ਅਮਰ ਸਿੰਘ ਦੁਸਾਂਝ, ਬ੍ਰਿਸ਼ਟਕੁਲੰਬੀਆ ਤੇ ਰਾਜ ਕਰਨ ਵਾ਼ਲੇ ਉਜਲ ਦੁਸਾਂਝ ਅਤੇ ਵਾਲੀਵੁਡ ਵਿੱਚ ਦੁਸਾਂਝ ਕਲਾਂ ਦਾ ਨਾਮ ਰੌਸ਼ਨ ਕਰਨ ਵਾ਼ਲੇ ਦਿਲਜੀਤ ਦੁਸਾਂਝ ਨੇ ਜਨਮ ਲਿਆ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਇਲਾਕੇ ਭਰ ਦੀਆਂ ਸਖਸ਼ੀਅਤਾਂ ਨੇ ਪ੍ਰਿੰਸੀਪਲ ਗਿਆਨ ਸਿੰਘ ਵਲੋਂ ਲਿਖੀ ਕਿਤਾਬ 'ਦੁਸਾਂਝ ਕਲਾਂ ਦਾ ਮਾਣਮੱਤਾ ਇਤਿਹਾਸ' ਰਿਲੀਜ ਕੀਤੀ ਗਈ।

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਨੇ ਵਿਛੜ ਗਿਆਂ ਨੂੰ ਕੀਤਾ ਯਾਦ

**ਫਰਿਜਨੋ–** ਵਿਸ਼ਵ ਪੰਜਾਬੀ ਸਾਹਿਤ ਅਕਾਡਮੀ ਦੇ ਫਰਿਜਨੋ ਚੈਪਟਰ ਵੱਲੋਂ, ਅਕਾਦਮੀ ਦੇ ਚੇਅਰਮੈਨ ਡਾ. ਗੁਰੂਮੇਲ ਸਿੱਧੂ ਦੇ ਘਰ, ਸਦੀਵੀ ਵਿਛੋੜਾ ਦੇ ਗਏ ਪੰਜਾਬੀ ਨਾਵਲਕਾਰ ਪ੍ਰੋ ਗੁਰਦਿਆਲ ਸਿੰਘ ਅਤੇ ਮੀਤ ਪ੍ਰਧਾਨ ਗਜਲਗੋ ਕੁਲਵਿੰਦਰ ਦੇ ਮਾਤਾ-ਪਿਤਾ ਦੀ ਯਾਦ ਵਿੱਚ ਕੀਤੀ, ਗੈਰਰਸਮੀ ਮੀਟਿੰਗ ਵਿੱਚ ਸ਼ੋਕ ਮਤੇ ਪਾਏ ਗਏ।

ਹਾਲ ਹੀ ਵਿੱਚ ਫਰੀਦਕੋਟ ਜਿਲੇ ਦੇ ਸ਼ਹਿਰ ਜੈਤੋ ਵਿਖੇ, ਨਾਵਲਕਾਰ ਪ੍ਰੋ ਗੁਰਦਿਆਲ ਸਿੰਘ ਆਪਣੀ ਘਾਲਣਾਭਰੀ 83 ਵਰ੍ਹਿਆਂ ਦੀ ਉਮਰ ਭੋਗ ਕੇ ਪਰਿਵਾਰ ਤੇ ਸਾਹਿਤਕ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ।ਉਹ ਕਈ ਸਕੂਲਾਂ, ਅਤੇ ਸਰਕਾਰੀ ਬ੍ਰਜਿੰਦਰਾ ਕਾਲਜ ਫਰੀਦਕੋਟ ਵਿੱਚ ਪੜ੍ਹਾਉਣ, ਉਪਰੰਤ ਪੰਜਾਬੀ ਦੇ ਰੀਜਨਲ ਸੈਂਟਰ ਬਠਿੰਡਾ ਤੋਂ ਸੇਵਾ ਮੁਕਤ ਹੋਏ ਸਨ।

ਆਪਣੇ ਵਿਦਿਆਂਰਥੀ ਜੀਵਨ ਨੂੰ ਯਾਦ ਕਰਦਿਆਂ ਕਵੀ ਸੰਤੋਖ ਮਿਨਹਾਸ ਨੇ ਕਿਹਾ ਕਿ ਬਤੌਰ ਅਧਿਆਪਕ ਉਸ ਦੀ ਨਿੱਜੀ ਤੇ ਸਾਹਿਤਕ ਜਿੰਦਗੀ ਵਿੱਚ ਪ੍ਰੋ ਗੁਰਦਿਆਲ ਸਿੰਘ ਦਾ ਨੁਮਾਇਆ ਰੋਲ ਹੈ। 'ਗਿਆਨਪੀਠ' ਅਤੇ ਸਾਹਿਤ ਅਕਾਦਮੀ ਇਨਾਮ ਜੇਤੂ ਪ੍ਰੋ ਗੁਰਦਿਆਲ ਸਿੰਘ ਬਾਰੇ ਮਿਨਹਾਸ ਦਾ ਕਹਿਣਾ ਸੀ ਕਿ ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਉਨਾਂ ਦੀਆਂ ਰਚਨਾਵਾਂ ਨੇ ਹੀ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਕੌਮੀ ਅਤੇ ਕੌਮਾਂਤਰੀ ਪਛਾਣ ਬਖਸ਼ੀ।

ਪ੍ਰੋ. ਗੁਰਦਿਆਲ ਸਿੰਘ ਨੇ 10 ਨਾਵਲ, ਗਿਆਰਾਂ ਕਹਾਣੀ ਸੰਗ੍ਰਹਿ, ਤਿੰਨ ਨਾਟਕ, ਦੋ ਦਰਜਨ ਬਾਲ ਪੁਸਤਕਾਂ ਅਤੇ ਵਾਰਤਕ ਦੀਆਂ ਅੱਠ ਪੁਸਤਕਾਂ ਪੰਜਾਬੀ ਬੋਲੀ ਦੀ ਝੋਲੀ ਪਾਈਆਂ।ਉਨਾਂ ਦੇ ਦੋ ਨਾਵਲਾਂ, 'ਮੜੀ ਦਾ ਦੀਵਾ' ਅਤੇ 'ਅੰਨ੍ਹੇ ਘੋੜੇ ਦਾ ਦਾਨ' ਉੱਤੇ ਇਨਾਮ ਜੇਤੂ ਫਿਲਮਾਂ ਬਣੀਆਂ ।ਉਹ ਜਿੰਦਗੀ ਦੇ ਆਖਰੀ ਸਮੇਂ ਤੱਕ, ਸਾਹਿਤ ਸਿਰਜਣਾ ਦੇ ਨਾਲ ਨਾਲ ਲੋਕਾਂ ਨਾਲ ਜੁੜੇ ਮੁੱਦਿਆਂ ਬਾਰੇ ਆਪਣੇ ਵਿਚਾਰ ਬੇਬਾਕੀ ਨਾਲ ਪ੍ਰਗਟ ਕਰਦੇ ਰਹੇ ।

ਆਪਣੇ ਪਿਤਾ ਦੀਆਂ ਅੰਤਮ ਰਸਮਾਂ ਵਿੱਚ ਸ਼ਾਮਿਲ ਹੋਣ ਲਈ ਭਾਰਤ ਗਏ ਕੁਲਵਿੰਦਰ ਬਾਰੇ ਡਾ. ਸਿੱਧੂ ਨੇ ਦੱਸਿਆਂ ਕਿ ਉਸ ਨੂੰ ਦੂਹਰਾ ਸਦਮਾ ਲੱਗਿਆ ਹੈ।ਉਨਾਂ ਦੇ 85 ਸਾਲਾਂ ਪਿਤਾ ਗੁਰਦੇਵ ਸਿੰਘ ਨੇ ਲੁਧਿਆਣੇ ਦੇ ਦਯਾਨੰਦ ਹਸਪਤਾਲ ਵਿੱਚ ਅੰਤਮ ਸਾਹ ਲਿਆ।ਉਹ ਦੁਆਬੇ ਦੇ ਮਸ਼ਹੂਰ ਕਸਬੇ, ਕਾਮਰੇਡ ਸੁਰਜੀਤ ਸਿੰਘ ਦੇ ਪਿੰਡ ਬੰਡਾਲਾ ਦੇ ਵਾਸੀ ਸਨ। ਇਲਾਕੇ ਵਿੱਚ ਉਹ "ਦੇਵੀ ਹਾਕੀ ਵਾਲਾ" ਕਰਕੇ ਜਾਣੇ ਜਾਂਦੇ ਸਨ।ਉਨਾਂ ਦੀਆਂ ਪ੍ਰਾਪਤੀਆਂ ਬਾਰੇ, ਡਾ. ਗੁਰਮੇਲ ਦਾ ਕਹਿਣਾ ਸੀ ਕਿ ਸਰਦਾਰ ਗੁਰਦੇਵ ਸਿੰਘ ਹਠ ਵਾਲੇ ਹਿੰਮਤੀ ਇਨਸਾਨ ਸਨ।1974 ਵਿੱਚ, ਉਨਾਂ ਦੁਆਰਾ ਸ਼ੁਰੂ ਕੀਤੀ 'ਕਰਤਾਰ ਇੰਜਨੀਅਰਿੰਗ ਕੰਪਨੀ',ਪੰਜਾਬ ਦੀ ਮਸ਼ਹੂਰ ਕੰਪਨੀ "ਗੁਰੂ ਨਾਨਕ ਔਟੋ ਇੰਡਸਟਰੀ" ਦਾ ਹਿੱਸਾ ਬਣੀ। ਉਹ ਆਪਣੇ ਸਮਕਾਲੀ ਕਵੀ ਗੁਰਦਾਸ ਆਲਮ ਅਤੇ ਗਜਲਗੋ ਜਗਤਾਰ ਦੇ ਗੂੜ੍ਹੇ ਮਿੱਤਰ ਸਨ ਅਤੇ ਉਨਾਂ ਨੇ ਹੀ ਕੁਲਵਿੰਦਰ ਨੂੰ ਸਾਹਿਤ ਦੀ ਜਾਗ ਲਾਈ।ਡਾ. ਸਿੱਧੂ ਨੇ ਕਿਹਾ ਕਿ ਉਨਾਂ ਦੇ ਭੋਗ ਸਮੇਂ ਹੀ ਕੁਲਵਿੰਦਰ ਦੀ ਮਾਤਾ ਜੀ ਵੀ ਚੱਲ ਵਸੇ।ਉਨਾਂ ਦਾ ਨਾਂ ਪ੍ਰੀਤਮ ਕੌਰ ਸੀ ਅਤੇ ਬੱਚੇ ਪਿਆਰ ਨਾਲ ਉਨਾਂ ਨੂੰ ਭਾਬੋ ਪ੍ਰੀਤਮ ਕਰੋ ਵਜੋਂ ਬੁਲਾਉਂਦੇ ਸਨ। ਇਸ ਸ਼ੋਕ ਮੀਟਿੰਗ ਵਿਚ ਡਾ. ਗੁਰੂਮੇਲ ਸਿੱਧੂ, ਸ਼ਾਇਰ ਹਰਜਿੰਦਰ ਕੰਗ ਤੋਂ ਇਲਾਵਾ ਸੁੱਖੀ ਧਾਲੀਵਾਲ, ਸੰਤੋਖ ਮਿਨਹਾਸ, ਅਸ਼ਰਫ ਗਿੱਲ, ਅਵਤਾਰ ਗੋਂਦਾਰਾ, ਕਹਾਣੀਕਾਰ ਤ੍ਰਿਲੋਕ ਮਿਨਹਾਸ ਹਾਜਰ ਸਨ।

**ਰਿਪੋਰਟ– ਅਵਤਾਰ ਗੋਂਦਾਰਾ** (559 375-2589)

# ਇੰਨਰ-ਵ੍ਹੀਲ ਕਲੱਬ ਵਲੋਂ ਬਿਰਧ ਆਸ਼ਰਮ ਨੂੰ ਲੋੜੀਂਦਾ ਸਮਾਨ ਭੇਂਟ

**ਗੁਰਾਇਆ (ਨਿਰਮਲ ਗੁੜਾ)–** ਗੁਰੂ ਨਾਨਕ ਬਿਰਧ, ਅਨਾਥ, ਅਪਾਹਰ ਤੇ ਨੇਤਰਹੀਣ ਆਸ਼ਰਮ ਵਿਰਕਾਂ ਵਿਖੇ ਰਹਿ ਰਹੇ 174 ਪ੍ਰਾਣੀਆਂ ਵਾਸਤੇ ਸਮਾਜ-ਸੇਵੀ ਬੀਬੀਆਂ ਦੁਆਰਾ ਗਠਿਤ ਕੀਤੀ ਗਈ ਇੰਨਰ-ਵ੍ਹੀਲ ਕਲੱਬ ਸਊਥ ਫਗਵਾੜਾ ਦੀ ਪ੍ਰੇਰਣਾ ਸਦਕਾ ਸ਼੍ਰੀ ਰਤਨ ਲਾਲ ਕਾਲੜਾ ਵਲੋਂ ਵੱਖ-ਵੱਖ ਤਰ੍ਹਾਂ ਦਾ ਲੋੜੀਂਦਾ ਸਮਾਨ ਭੇਂਟ ਕੀਤਾ ਗਿਆ।ਇਸ ਮੌਕੇ ਟਰੱਸਟ ਦੇ ਪ੍ਰਧਾਨ ਸ.ਅਮਰੀਕ ਸਿੰਘ ਨਾਮਧਾਰੀ ਨੇ ਦੱਸਿਆ ਕਿ ਆਸ਼ਰਮ ਵਿੱਚ ਜਿਆਦਾਤਰ 50 ਤੋਂ 60 ਸਾਲ ਦੇ ਬਜੁਰਗ ਰਹਿ ਰਹੇ ਹਨ।ਜਿਨ੍ਹਾਂ ਵਿੱਚੋਂ ਬਹੁਤੇ ਭਿਆਨਕ ਬਿਮਾਰੀਆਂ ਤੋਂ ਪ੍ਰਭਾਵਿਤ ਹਨ।ਉਨ੍ਹਾਂ ਦੇ




ਇਲਾਜ ਵਾਸਤੇ ਸਮਾਜ-ਸੇਵੀ ਲੋਕਾਂ ਦੀ ਵਧੇਰੇ ਜਰੂਰਤ ਹੈ ।ਇਸ ਮੌਕੇ ਬਾਬਾ ਦਿਆਲ ਸਿੰਘ ਮੁੱਖ ਸੇਵਾਦਾਰ, ਬੀਬੀ ਸੁੱਖਵਿੰਦਰ ਕੌਰ,ਅੰਜਲੀ ਕੁਮਾਰੀ ਪ੍ਰਧਾਨ, ਸਤਿੰਦਰਪਾਲ ਕੌਰ, ਮਨਜੀਤ ਸਿਧਵਾਂ, ਕੁਲਜੀਤ ਕੋਹਲੀ, ਪਰੇਮ ਚੱਗਰ, ਰਾਣੀ ਸੋਢੀ, ਸੋਮ ਨਾਥ, ਪ੍ਰਵੀਨ ਕੁਮਾਰੀ, ਦੀਪਕ ਕੁਮਾਰੀ, ਨਿਤਾਸ਼ਾ,ਹਰਜਿੰਦਰ ਸਿੰਘ, ਵੀ.ਪੀ.ਅਰੋੜਾ, ਗੁਰਮੇਲ ਸਿੰਘ, ਐਡਵੋਕੇਟ ਏ.ਕੇ. ਵਰਮਾ, ਗੁਰਪ੍ਰੀਤ ਸਿੰਘ, ਬਲਵੀਰ ਸਿੰਘ, ਬਲਵਿੰਦਰ ਸਿੰਘ ਬਚੜਾ ਅਤੇ ਹੋਰ ਟਰੱਸਟੀਆਂ ਨੇ ਦਾਨੀਆਂ ਦਾ ਧੰਨਵਾਦ ਕੀਤਾ।

# ਗੁਪਤ ਰਿਪੋਰਟ ਸਬੰਧੀ ਵਿਭਾਗ ਦਾ ਫਾਰਮੂਲਾ ਅਤਿ ਨਿੰਦਣਯੋਗ- ਅਧਿਆਪਕ ਦਲ

**ਬਟਾਲਾ (ਬਰਨਾਲ)–** ਬੀਤੇ ਦਿਨ ਅਧਿਆਪਕ ਦਲ ਦੀ ਵਿਸ਼ੇਸ਼ ਮੀਟਿੰਗ ਜਿਲਾ ਪ੍ਰਧਾਨ ਬਾਬਾ ਤਾਰਾ ਸਿੰਘ ਅਤੇ ਜਨਰਲ ਸਕੱਤਰ ਸ: ਰਵਿੰਦਰਜੀਤ ਸਿੰਘ ਪੰਨੂ ਦੀ ਪ੍ਰਧਾਨਗੀ ਹੇਠ ਹੋਈ ਜਿਸ ਦੌਰਾਨ ਸਿਖਿਆ ਵਿਭਾਗ ਵੱਲੋਂ ਅਧਿਆਪਕਾਂ ਦੀ ਸਾਲਾਨਾ ਪ੍ਰਗਤੀ ਰਿਪੋਰਟ ਸਬੰਧੀ ਨਵੇਂ ਜਾਰੀ ਹੋਏ ਪ੍ਰੋਫਾਰਮੇ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਸਬੰਧੀ ਪ੍ਰੈਸ ਨੋਟ ਜਾਰੀ ਕਰਦੇ ਹੋਏ ਸਟੇਟ ਬਾਡੀ ਮੈਂਬਰ ਸ਼੍ਰੀ ਤਰਸੇਮ ਪਾਲ ਸ਼ਰਮਾ ਨੇ ਦੱਸਿਆ ਕਿ ਅਧਿਆਪਕਾਂ ਦੀ ਸਾਲਾਨਾ ਗੁਪਤ ਰਿਪੋਰਟ ਸਬੰਧੀ ਵਿਭਾਗ ਦਾ ਫਾਰਮੂਲਾ ਅਤਿ ਨਿੰਦਣਯੋਗ ਹੈ ਅਤੇ ਅਧਿਆਪਕ ਦਲ ਵੱਲੋਂ ਸਿਖਿਆ ਵਿਭਾਗ ਦੀ ਇਸ ਹਰਕਤ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਜਾਂਦੀ ਹੈ ਅਤੇ ਇਹ ਪ੍ਰੋਫਾਰਮਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਜਾਂਦੀ ਹੈ। ਉਹਨਾਂ ਦੱਸਿਆ ਕਿ ਇਸ ਪ੍ਰੋਫਾਰਮੇ ਵਿੱਚ ਕੇਵਲ ਸਾਲਾਨਾ ਵਿਦਿਅਕ ਨਤੀਜਿਆਂ ਉੱਪਰ ਹੀ ਫੋਕਸ ਕੀਤਾ ਗਿਆ ਹੈ ਅਤੇ ਅਧਿਆਪਕ ਵਰਗ ਵੱਲੋਂ ਸਾਰਾ ਸਾਲ ਹਰ ਖੇਤਰ ਵਿੱਚ ਪੂਰੀ ਤਨਦੇਹੀ ਨਾਲ ਨਿਭਾਈਆਂ ਜਾ ਰਹੀਆਂ ਹੋਰ ਡਿਊਟੀਆਂ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਗਈ । ਇਸ ਮੌਕੇ ਅਧਿਆਪਕ ਦਲ ਦੇ ਜਿਲਾ ਪ੍ਰਧਾਨ ਬਾਬਾ ਤਾਰਾ ਸਿੰਘ ਨੇ ਦੱਸਿਆ ਕਿ ਸਿਖਿਆ ਵਿਭਾਗ ਵੱਲੋਂ ਜਾਰੀ ਕੀਤੇ ਨਵੇਂ ਫਾਰਮੂਲੇ ਅਨੁਸਾਰ ਸੌ ਪ੍ਰਤੀਸ਼ਤ ਨਤੀਜਾ ਦੇਣ ਵਾਲਾ ਅਧਿਆਪਕ ਵੀ ਉੱਤਮ ਗ੍ਰੇਡ ਦਾ ਹੱਕਦਾਰ ਨਹੀਂ ਬਣ ਸਕਦਾ ਜਿਸ ਕਾਰਨ ਅਧਿਆਪਕ ਵਰਗ ਵਿੱਚ ਸਿਖਿਆ ਵਿਭਾਗ ਪ੍ਰਤੀ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੀਟਿੰਗ ਦੌਰਾਨ ਸਿਖਿਆ ਮੰਤਰੀ ਪੰਜਾਬ ਸ: ਦਲਜੀਤ ਸਿੰਘ ਚੀਮਾ ਤੋਂ ਮੰਗ ਕੀਤੀ ਗਈ ਕਿ ਪੁਰਾਣੀ ਏ.ਸੀ.ਆਰ ਪ੍ਰਣਾਲੀ ਨੂੰ ਹੀ ਲਾਗੂ ਕੀਤਾ ਜਾਵੇ ਅਤੇ ਇਸ ਨਵੇਂ ਪ੍ਰੋਫਾਰਮੇ ਨੂੰ ਰੱਦ ਕਰ ਕੇ ਅਧਿਆਪਕਾ ਦੀ ਮਾਨਸਿਕ ਪ੍ਰੇਸ਼ਾਨੀ ਦੂਰ ਕੀਤੀ ਜਾਵੇ। ਇਸ ਮੌਕੇ ਜਿਲਾ ਪ੍ਰਧਾਨ ਬਾਬਾ ਤਾਰਾ ਸਿੰਘ, ਜਨਰਲ ਸਕੱਤਰ ਰਵਿੰਦਰਜੀਤ ਸਿੰਘ ਪੰਨੂ, ਸਟੇਟ ਬਾਡੀ ਮੈਂਬਰ ਤਰਸੇਮ ਪਾਲ ਸ਼ਰਮਾ, ਜਤਿੰਦਰ ਮਹਾਜਨ, ਰਜਨੀਸ਼ ਕੁਮਾਰ, ਮੰਗਲ ਸਿੰਘ, ਅਜੇ ਅਰੋੜਾ, ਪਰਵੀਨ ਸਿੰਘ, ਜਗਜੀਤ ਸਿੰਘ, ਅਸ਼ੋਕ ਕੁਮਾਰ, ਸੁਖਵਿੰਦਰ ਸਿੰਘ, ਰਜਿੰਦਰ ਸਿੰਘ, ਅਰੁਣਜੀਤ ਸਿੰਘ, ਕੰਸ ਰਾਜ, ਹਰਪ੍ਰੀਤ ਸਿੰਘ, ਰਵਿੰ-ਦਰਪਾਲ ਸਿੰਘ, ਰਜੇਸ਼ ਕੁਮਾਰ, ਜੋਗਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਹਾਜ਼ਰ ਸਨ।

# ਨਿਊਜ਼ੀਲੈਂਡ 'ਚ ਭਾਰਤੀ ਕਮਿਊਨਿਟੀ ਦੇ ਬਜ਼ੁਰਗ ਆਗੂ ਸ. ਗੇਂਜਸ ਸਿੰਘ ਨਹੀਂ ਰਹੇ

**ਆਕਲੈਂਡ– (ਹਰਜਿੰਦਰ ਸਿੰਘ ਬਸਿਆਲਾ)–** ਭਾਰਤੀ ਭਾਈਚਾਰੇ ਦੇ ਵਿਚ ਇਹ ਗੱਲ ਬੜੇ ਦੁੱਖ ਨਾਲ ਸਾਂਝੀ ਕੀਤੀ ਜਾਂਦੀ ਹੈ ਕਿ ਨਿਊਜ਼ੀਲੈਂਡ ਦੇ ਵਿਚ ਭਾਰਤੀ ਕਮਿਊਨਿਟੀ ਦੇ ਬਜ਼ੁਰਗ ਆਗੂ ਸ. ਗੇਂਜਸ ਸਿੰਘ (80) ਨਹੀਂ ਰਹੇ। ਬੀਤੇ ਕੱਲ੍ਹ ਉਨ੍ਹਾਂ ਅੰਤਿਮ ਸਵਾਸ ਲਿਆ। ਉਹ ਕੁਝ ਦਿਨਾਂ ਤੋਂ ਬਿਮਾਰ ਸਨ। ਸ. ਗੇਂਜਸ ਸਿੰਘ 1989 ਦੇ ਵਿਚ ਜਸਟਿਸ ਆਫ ਪੀਸ ਬਣੇ ਸਨ ਅਤੇ 1990 ਦੇ ਵਿਚ ਉਨ੍ਹਾਂ ਦੀਆਂ ਸਮਾਜਿਕ ਸੇਵਾਵਾਂ ਨੂੰ ਵੇਖਦਿਆਂ ਕੁਈਨਜ਼ ਸਰਵਿਸ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਆਪਣੇ ਪਿੱਛੇ ਆਪਣੀ ਪਤਨੀ ਸ੍ਰੀਮਤੀ ਪ੍ਰੀਤਮ ਕੌਰ, ਪੁੱਤਰ ਰਸ਼ਪਾਲ, ਪੁੱਤਰੀਆਂ ਤਸਬੀਰ ਅਤੇ ਪ੍ਰਜੀਤ ਛੱਡ ਗਏ ਹਨ। ਉਨ੍ਹਾਂ ਦੇ ਅੰਤਿਮ ਦਰਸ਼ਨ ਅਤੇ ਸਰਵਿਸ ਵੀਰਵਾਰ 25 ਅਗਸਤ ਨੂੰ ਇੰਡੀਅਨ ਸੈਂਟਰ, ਵਾਰਡ ਸਟ੍ਰੀਟ ਪੁੱਕੀਕੁਹੀ ਵਿਖੇ ਹੋਵੇਗੀ। ਇਸ ਤੋਂ ਬਾਅਦ ਅੰਤਿਮ ਸੰਸਕਾਰ ਮੈਨੁਕਾਓ



ਮੈਮੋਰੀਅਲ ਗਾਰਡਨ ਪਾਪਾਟੋਏਟੋਏ ਵਿਖੇ ਕੀਤਾ ਜਾਵੇਗਾ ਜਿੱਥੇ ਜਿਆਦਾਤਰ ਪਰਿਵਾਰਕ ਮੈਂਬਰ ਹੀ ਜਾਣਗੇ। ਇਹ ਰਸਮ ਪ੍ਰਾਈਵੇਟ ਤੌਰ 'ਤੇ ਰੱਖੀ ਗਈ ਹੈ। ਸ਼ਾਮ 5 ਵਜੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨੀਨੀ ਵਿਖੇ ਸ੍ਰੀ ਅਖੰਠ ਪਾਠ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ ਸ਼ਨਿਚਰਵਾਰ ਸ਼ਾਮ 6 ਵਜੇ ਪਾਏ ਜਾਣਗੇ।

ਸ. ਗੇਂਜਸ ਸਿੰਘ ਦਾ ਜਨਮ 'ਗੇਂਜਸ' ਨਾਂਅ ਦੇ ਇਕ ਸਮੁੰਦਰੀ ਜ਼ਹਾਜ ਦੇ ਵਿਚ 5 ਦਸੰਬਰ 1936 ਨੂੰ ਹੋਇਆ ਸੀ। ਉਸ ਸਮੇਂ ਇਨ੍ਹਾਂ ਦੇ ਮਾਤਾ ਪਿਤਾ ਪੰਜਾਬ (ਪਿੰਡ ਵਿਰਕ ਨੇੜੇ ਫਗਵਾੜਾ) ਤੋਂ ਫੀਜ਼ੀ ਜਾ ਰਹੇ ਸਨ। 1962-63 ਦੇ ਵਿਚ ਉਨ੍ਹਾਂ ਐਲਬਨੀ ਵਿਖੇ ਡੇਅਰੀ ਫਰੂਟ ਐਂਡ ਵੈਜ਼ੀ ਸ਼ਾਪ ਚਲਾਈ। ਇਸ ਤੋਂ ਬਾਅਦ ਪੁੱਕੀਕੁਈ ਵਿਖੇ 1970 ਤੋਂ ਲੈ ਕੈ 2003 ਤੱਕ ਬਾਗਬਾਨੀ ਕੀਤੀ। ਉਹ ਬਹੁਤ ਸਾਰੀਆਂ ਭਾਰਤੀ ਸੰਸਥਾਵਾਂ ਦੇ ਮੈਂਬਰ ਅਤੇ ਫਾਊਂਡਰ ਮੈਂਬਰ ਰਹੇ। ਉਹ ਫੀਜ਼ੀ ਹਾਕੀ ਟੀਮ ਦੇ ਖਿਡਾਰੀ ਵੀ ਰਹੇ। ਪੁੱਕੀਕੁਈ ਹਾਈ ਸਕੂਲ ਦੇ ਟਰੱਸਟੀ ਰਹੇ। ਉਨ੍ਹਾਂ ਨੇ ਮੈਰਿਜ਼ ਸੈਲੀਬ੍ਰਾਂਟ ਹੁੰਦਿਆ ਲਗਰਗ 450 ਵਿਆਹਾਂ ਨੂੰ ਮੰਜ਼ੂਰੀ ਦਿੱਤੀ। ਨਿਊਜ਼ੀਲੈਂਡ ਸਿਟੀਜਨ ਸ਼ਿੱਪ ਵੰਡ ਸਮਾਰੋਹ ਦੇ ਵਿਚ ਵੀ ਉਹ ਸਰਟੀਫਿਕੇਟ ਪ੍ਰਦਾਨ ਕਰਿਆ ਕਰਦੇ ਸਨ। ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਵੇਰਵਾ ਲਗਪਗ ਤਿੰਨ ਸਫਿਆਂ ਦਾ ਹੈ।

# ਸਾਵਣ ਕਵੀ ਦਰਬਾਰ ਵਿਚ ਇੰਡੋਨੇਸ਼ੀਆ ਦੇ ਸ਼ਾਇਰ ਅਸ਼ੀਸ਼ ਸ਼ਰਮਾ ਨੇ ਲਾਈ ਕਵਿਤਾਵਾਂ ਦੀ ਝੜੀ

**ਰਾਜਪੁਰਾ (ਪੰਜਾਬ), ਪ੍ਰਵਾਨਾ–** ਲੋਕ ਸਾਹਿਤ ਸੰਗਮ ਰਾਜਪੁਰਾ ਵੱਲੋਂ ਸਾਵਣ ਮਹੀਨੇ ਨੂੰ ਸਮਰਪਿਤ ਕਵੀ-ਦਰਬਾਰ ਰੋਟਰੀ ਭਵਨ ਵਿਖੇ ਕਰਵਾਇਆ। ਇਸ ਮਹਿਫਲ ਵਿਚ ਇੰਡੋਨੇਸ਼ੀਆ ਦੇ ਸ਼ਾਇਰ ਅਸ਼ੀਸ਼ ਸ਼ਰਮਾ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਉਹਨਾਂ ਨੇ ਆਪਣੀਆਂ ਕਾਵਿ-ਰਚਨਾਵਾਂ ਦਾ ਚੰਗਾ ਰੰਗ ਬੰਨ੍ਹਿਆ। ਹਾਜ਼ਰ ਕਵੀਆਂ ਨੇ ਸਾਵਣ ਦੇ ਗੀਤਾਂ ਰਾਹੀਂ ਮਹਿਫਲ ਨੂੰ ਗਰਮਾਈ ਰੱਖਿਆ। ਸਾਰਥਕ ਅਤੇ ਵਿਦਵਤਾ ਭਰਪੂਰ ਰਚਨਾਵਾਂ ਵਿਚ ਵਿਸ਼ੇ ਛੋਹੇ ਗਏ। ਮਿੱਟੀ ਦੇ ਜਾਏ, ਆਜ਼ਾਦੀ ਦਿਵਸ, ਟੁੱਟਦੇ ਰਿਸ਼ਤੇ, ਭਰੂਣ ਹੱਤਿਆ ਅਤੇ ਕੁਦਰਤ ਆਦਿ ਬੜੀ ਸੰਜੀਦਗੀ




ਨਾਲ ਪੇਸ਼ ਕੀਤੇ ਗਏ। ਭੀਮ ਸੈਨ ਝੂਲੇ ਲਾਲ ਨੇ ਸ਼ਾਇਰੀ ਵਿਚ ਆਪਣਾ ਕਾਲਮ ਸੁਣਾਇਆ। ਸੁੱਚਾ ਸਿੰਘ ਗੰਡਾ ਨੇ ਮਿੰਨੀ ਕਹਾਣੀ ਸੁਣਾਈ। ਹੋਰਨਾਂ ਵਿਚ ਤਾਰਾ ਸਿੰਘ ਤਰਣ, ਕੁਲਵੰਤ ਸਿੰਘ ਜੱਸਲ, ਕਰਮ ਸਿੰਘ ਹਕੀਰ, ਹਰਜਿੰਦਰ ਕੌਰ, ਡਾ. ਹਰਜੀਤ ਸਿੰਘ ਸੱਧਰ, ਡਾ. ਗੁਰਵਿੰਦਰ ਸਿੰਘ ਅਮਨ, ਦਰਸ਼ਨ ਸਿੰਘ ਬਨੂੜ, ਅਵਤਾਰ ਪੁਆਰ, ਬਲਦੇਵ ਸਿੰਘ ਖੁਰਾਣਾ, ਬਚਨ ਸਿੰਘ ਬਚਨ, ਸੋਢੀ ਗੁਰਵਿੰਦਰ ਆਜ਼ਾਦ, ਪ੍ਰੋ. ਹਰਿੰਦਰ ਸ਼ਰਮਾ, ਅੰਗਰੇਜ਼ ਕਲੇਰ, ਪ੍ਰੋ. ਸਤਰੂਘਨ ਗੁਪਤਾ, ਯੋਗਤਾ ਸ਼ਰਮਾ, ਉਤਰਾ ਸ਼ਰਮਾ, ਅਪਿਲਾਕਸ਼, ਅਪੁਰਣਾ ਆਦਿ ਸ਼ਾਮਲ ਸਨ।

ਦੇਸ਼ ਦੁਆਬਾ

# ਹਰ ਪਾਸੇ ਅੱਗੇ ਭਾਰਤ ਦੀ ਬੇਟੀ

ਭਾਰਤ ਰਵਾਇਤੀ ਪ੍ਰੰਪਰਾਵਾਂ ਵਿਚ ਗ੍ਰਸਿਆ ਇਕ ਅਜਿਹਾ ਦੇਸ਼ ਹੈ, ਜਿੱਥੇ ਸਦੀਆਂ ਤੋਂ ਦਲਿਤ ਅਤੇ ਪੱਛੜੇ ਲੋਕਾਂ ਨਾਲ ਵਿਤਕਰਾ ਹੀ ਨਹੀਂ ਹੁੰਦਾ ਆਇਆ, ਬਲਕਿ ਭਾਰਤ ਦੀ ਔਰਤ ਨੂੰ ਵੀ ਰੂੜੀਵਾਦੀ ਸਮਾਜ ਦਾ ਦਰਦ ਸਹਿਣ ਕਰਨਾ ਪਿਆ ਅਤੇ ਅੱਜ ਵੀ ਕਰ ਰਹੀ ਹੈ। ਭਾਰਤ ਵਿਚ ਮਨੂੰਵਾਦੀ ਸੋਚ ਦੇ ਕੁਝ ਅਖੌਤੀ ਧਰਮ ਗ੍ਰੰਥਾਂ ਅਤੇ ਕੁਝ ਲੋਕਾਂ ਨੇ ਔਰਤ ਨੂੰ ਦੂਜੇ ਦਰਜੇ ਦੀ, ਘਟੀਆ ਅਤੇ ਅਪਵਿੱਤਰ ਤੱਕ ਕਰਾਰ ਦਿੱਤਾ ਹੈ। ਇਸ ਮਾੜੀ ਸੋਚ ਦੇ ਖਿਲਾਫ ਸਦੀਆਂ ਤੋਂ ਮਹਾਂਪੁਰਸ਼ ਲੜਦੇ ਆ ਰਹੇ ਹਨ। ਇਤਿਹਾਸ ਮੁਤਾਬਕ ਮਹਾਰਿਸ਼ ਸ਼ੰਭੂਕ ਅਤੇ ਚਾਰਵਾਕ ਅਤੇ ਬੁੱਧ ਨੇ ਔਰਤ ਦੇ ਹੱਕ ਲਈ ਸੰਘਰਸ਼ ਕੀਤਾ, ਫਿਰ ਸਤਿਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਰੁਤਬੇ ਨੂੰ 'ਰਾਜੇ-ਮਹਾਰਾਜੇ ਪੈਦਾ ਕਰਨ ਵਾਲੀ ਮਹਾਨ ਔਰਤ' ਕਹਿ ਕੇ ਵਡਿਆਇਆ ਤੇ ਸ੍ਰੀ ਗੁਰੂ ਰਵਿਦਾਸ ਜੀ ਨੇ ਮਹਾਰਾਣੀ ਝਾਲਾਬਾਈ, ਮੀਰਾ ਆਦਿ ਔਰਤਾਂ ਨੂੰ ਆਪਣਾ ਭਗਤ ਵੀ ਬਣਾਇਆ। ਭਾਰਤ ਰਤਨ ਬਾਬਾ ਸਾਹਿਬ ਡਾ ਅੰਬੇਦਕਰ ਨੇ ਔਰਤਾਂ ਦੇ ਹੱਕ ਵਿਚ ਆਵਾਜ ਉਠਾਈ ਹੀ ਨਹੀਂ ਬਲਕਿ ਮਰਦਾਂ ਬਰਾਬਰ ਹੱਕ ਵੀ ਲੈ ਕੇ ਦਿੱਤੇ। ਪਰ ਇਸ ਦੇ ਬਾਵਜੂਦ ਭਾਰਤ ਵਿਚ ਅੱਜ ਵੀ ਲੱਗਭੱਗ 80 ਫੀਸਦੀ ਔਰਤਾਂ ਉਸੇ ਗੁਲਾਮ ਮਾਨਸਿਕਤਾ ਦਾ ਸ਼ਿਕਾਰ ਹਨ। ਇਸ ਮਾਨਸਿਕਤਾ ਦੇ ਸ਼ਿਕੰਜੇ ਵਿਚੋਂ ਨਿਕਲਣ ਲਈ ਭਾਰਤ ਦੀਆਂ ਔਰਤਾਂ ਨੇ ਸਮੇਂ-ਸਮੇਂ ਤੇ ਆਪਣੀ ਕਾਬਲੀਅਤ, ਬਹਾਦਰੀ ਅਤੇ ਹੌਸਲੇ ਦਾ ਲੋਹਾ ਵੀ ਮਨਵਾਇਆ ਹੈ। ਜਿਉਂ ਹੀ ਔਰਤਾਂ ਨੂੰ ਅੱਗੇ ਵਧਣ ਦੇ ਮੌਕੇ ਮਿਲੇ ਤਾਂ ਭਾਰਤੀ ਔਰਤਾਂ ਨੇ ਸਿੱਖਿਆ, ਸਾਹਿਤ, ਰਾਜਨੀਤੀ, ਖੇਡਾਂ, ਉਦਯੋਗ, ਵਪਾਰ ਹਰ ਖੇਤਰ ਵਿਚ ਭਾਰਤੀ ਔਰਤਾਂ ਨੇ ਆਪਣੀ ਕਾਬਲੀਅਤ ਦਾ ਸਿੱਕਾ ਜਮਾਇਆ ਹੈ।

ਹੁਣ ਇਸ ਮਾਨਸਿਕਤਾ ਦੇ ਮੂੰਹ ਤੇ ਚਪੇੜ ਪੀ. ਵੀ. ਸਿੰਧੂ (ਬੈਡਮਿੰਟਨ), ਸਾਕਸ਼ੀ ਮਲਿਕ (ਪਹਿਲਵਾਨ) ਅਤੇ ਦੀਪਾ ਕਰਮਾਕਰ (ਜਿਮਨਾਸਟਿਕ) ਅਤੇ ਖਿਡਾਰਨਾਂ ਨੇ ਮਾਰੀ ਹੈ। ਉਲੰਪਿਕ ਖੇਡਾਂ ਵਿਚ ਭਾਰਤ ਨੂੰ ਮੈਡਲ ਸਿਰਫ ਇਹਨਾਂ ਹੀ ਲੜਕੀਆਂ ਨੇ ਦਿਵਾਏ ਹਨ, ਜਦਕਿ ਲੜਕੇ ਮੈਡਲ ਜਿੱਤਣ ਦੇ ਮਾਮਲੇ ਵਿਚ ਸਾਰੇ ਖੇਡ ਮੁਕਾਬਲਿਆਂ ਵਿਚ ਪੱਛੜ ਗਏ ਹਨ। ਸਿਰਫ ਖੇਡਾਂ ਨਹੀਂ ਬਲਕਿ ਸਿੱਖਿਆ ਦੇ ਖੇਤਰ ਵਿਚ ਵੀ ਲੜਕੀਆਂ ਬਾਜ਼ੀ ਮਾਰ ਰਹੀਆਂ ਹਨ। ਇੰਨੇ ਸੀਮਤ ਸਾਧਨ, ਪਾਬੰਦੀਆਂ ਅਤੇ ਵਿਤਕਰਿਆਂ ਦੇ ਬਾਵਜੂਦ ਜੇਕਰ ਲੜਕੀਆਂ ਭਾਰਤ ਦਾ ਨਾਂ ਉਚਾ ਕਰ ਰਹੀਆਂ ਹਨ ਤਾਂ ਇਸ ਪਿੱਛੇ ਉਹਨਾਂ ਕਾਰਨਾਂ ਦੀ ਘੋਖ ਕਰਨੀ ਜ਼ਰੂਰੀ ਹੈ, ਜਿਹਨਾਂ ਨੇ ਲੜਕੀਆਂ ਨੂੰ ਹਮੇਸ਼ਾ ਪੱਛੜੇਪਣ ਵੱਲ ਧੱਕਿਆ ਹੈ। ਅੱਜ ਸਾਰੀ ਦੁਨੀਆਂ ਬਦਲ ਗਈ ਹੈ। ਭਾਰਤ ਦੀਆਂ ਲੜਕੀਆਂ ਸਾਰੀ ਦੁਨੀਆਂ ਵਿਚ ਆਪਣੀ ਯੋਗਤਾ ਅਤੇ ਕਾਬਲੀਅਤ ਦਾ ਲੋਹਾ ਮਨਵਾ ਰਹੀਆਂ ਹਨ। ਕੀ ਹੁਣ ਸਮਾਂ ਨਹੀਂ ਆ ਗਿਆ ਕਿ ਉਸ ਸੌੜੀ ਮਾਨਸਿਕਤਾ ਵਿਚੋਂ ਨਿਕਲ ਕੇ ਲੜਕੀਆਂ ਨੂੰ ਬਰਾਬਰ ਦੇ ਮੌਕੇ ਦਿੱਤੇ ਜਾਣ? ਤਾਂ ਜੋ ਲੜਕੀਆਂ ਭਾਰਤ ਦੀ ਤਰੱਕੀ ਵਿਚ ਆਪਣਾ ਬਣਦਾ ਯੋਗਦਾਨ ਪਾ ਸਕਣ। ਇਹਨਾਂ ਖਿਡਾਰਨਾਂ ਨੇ ਇਹ ਦਿਖਾ ਦਿੱਤਾ ਹੈ ਕਿ ਜੇਕਰ ਲੜਕੀਆਂ ਨੂੰ ਖੇਡਾਂ ਲਈ ਚੰਗੀਆਂ ਸਹੂਲਤਾਂ ਮਿਲਣ ਤਾਂ ਭਾਰਤ ਦੀ ਝੋਲੀ ਵਿਚ ਮੈਡਲ ਹੀ ਮੈਡਲ ਪੈ ਸਕਦੇ ਹਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

## ਪੁਣਛਾਣ

### ਸਿਆਸਤ ਦੀ ਪੁਣਛਾਣ

# ਕੀ ਅਖਿਲੇਸ਼ ਨੇ ਸੱਚ ਮੁੱਚ ਸਮਾਜਵਾਦੀ ਵਿਰਾਸਤ ਨੂੰ ਉਜਾੜ ਕੇ ਰੱਖ ਦਿੱਤਾ ਹੈ?



ਪੰਮੀ ਲਾਲੋ ਮਜਾਰਾ
91-95011-43755

ਸੱਚ ਦਿਲ ਦਾ ਮੁਲਾਇਮ ਸਿੰਘ ਨੇ ਆਖਿਰ ਬਿਆਨ ਕਰ ਹੀ ਦਿੱਤਾ। ਅਖੇ ਮੇਰੇ ਪੁੱਤਰ ਅਖਿਲੇਸ਼ ਨੇ ਸਮਾਜਵਾਦੀ ਪਾਰਟੀ ਨੂੰ ਉਜਾੜ ਕੇ ਰੱਖ ਦਿੱਤਾ ਹੈ। ਮੰਤਰੀਆਂ ਦਾ ਅਕਸ ਖਰਾਬ ਹੈ। ਸਰਕਾਰ ਦੇ ਮੰਤਰੀ ਸਰਕਾਰ 'ਤੇ ਬੋਝ ਹਨ। ਇਹ ਸਭ ਕੁਝ ਬਰਬਾਦ ਕਰਕੇ ਹੀ ਹਟਣਗੇ। ਪਾਰਟੀ ਦੇ ਆਗੂ ਪ੍ਰਾਪਰਟੀ ਦਾ ਧੰਦਾ ਕਰਦੇ ਹਨ। ਕੌਮੀ ਪਾਰਟੀ ਉੱਤਰ ਪ੍ਰਦੇਸ਼ ਤੱਕ ਸੀਮਤ ਹੋ ਕੇ ਰਹਿ ਗਈ। ਮੰਤਰੀ ਧੁੱਪ ਵਿਚ ਨਿਕਲਣ ਤੋਂ ਡਰਦੇ ਹਨ ਤਾਂ ਕਿ ਕਿਤੇ ਧੁੱਪ ਨਾ ਲੱਗ ਜਾਵੇ। ਇਹ ਸ਼ਬਦ 15 ਅਗਸਤ ਦੇ ਮੌਕੇ 'ਤੇ ਮੁਲਾਇਮ ਸਿੰਘ ਨੇ ਪਾਰਟੀ ਦੇ ਦਫਤਰ ਵਿਚ ਝੰਡਾ ਲਹਿਰਾਉਣ ਸਮੇਂ ਕਹੇ। ਮੁਲਾਇਮ ਸਿੰਘ ਇਸ ਤਰ੍ਹਾਂ ਦੀਆਂ ਨਸੀਹਤਾਂ ਪਹਿਲਾਂ ਵੀ ਕਈ ਵਾਰ ਆਪਣੇ ਮੁੱਖ ਮੰਤਰੀ ਪੁੱਤਰ ਨੂੰ ਦੇ ਚੁੱਕੇ ਹਨ ਪਰ ਅਖਿਲੇਸ਼ 'ਤੇ ਕਦੇ ਵੀ ਇਹਨਾਂ ਨਸੀਹਤਾਂ ਦਾ ਅਸਰ ਨਹੀਂ ਹੋਇਆ। ਸਾਰੀ ਦੁਨੀਆਂ ਜਾਣਦੀ ਹੈ ਕਿ ਉੱਤਰ ਪ੍ਰਦੇਸ਼ ਵਿਚ ਲੁੱਟ ਖੋਹ, ਕਤਲੋਗਾਰਤ ਤੇ ਗੁੰਡਾਗਰਦੀ ਆਮ ਜਿਹੀ ਗੱਲ ਹੋ ਗਈ ਹੈ। ਹਾਲਾਤ ਇਹ ਹਨ ਕਿ ਘਰੋਂ ਜਿਹੜਾ ਇਕ ਵਾਰੀ ਨਿਕਲ ਗਿਆ, ਉਹਦਾ ਪਤਾ ਨਹੀਂ ਹੈ ਕਿ ਸ਼ਾਮ ਤੱਕ ਉਹ ਮੁੜ ਕੇ ਜਿੰਦਾ ਘਰ ਵਾਪਸ ਆਵੇਗਾ ਵੀ ਕਿ ਨਹੀਂ। ਸੂਬੇ ਦੇ ਕਈ ਮੰਤਰੀ ਨਜਾਇਜ਼ ਤਰੀਕਿਆਂ ਨਾਲ ਪੈਸੇ ਬਣਾਉਣ ਲੱਗੇ ਹੋਏ ਹਨ। ਸਭ ਕੁਝ ਸੂਬਾ ਸਰਕਾਰ ਦੀ ਸ਼ਹਿ 'ਤੇ ਹੋ ਰਿਹਾ ਹੈ। ਦਲਿਤਾਂ ਅਤੇ ਮੁਸਲਮਾਨਾਂ ਵਿਚ ਅਸੁਰੱਖਿਆ ਦੀ ਭਾਵਨਾ ਹੈ। ਸ਼ਰੇਆਮ ਜਰਨੈਲੀ ਸੜਕਾਂ ਤੇ ਸਮੂਹਿਕ ਬਲਾਤਕਾਰ ਹੋ ਰਹੇ ਹਨ। ਪੁਲਿਸ ਪ੍ਰਸ਼ਾਸਨ ਨਕਾਰਾ ਹੋਇਆ ਫਿਰਦਾ ਹੈ। ਇੱਥੋਂ ਤੱਕ ਕਿ ਪੁਲਿਸ ਖੁਦ ਵੀ ਸੁਰੱਖਿਅਤ ਮਹਿਸੂਸ ਨਹੀਂ ਕਰ ਪਾ ਰਹੀ। ਅਸਲ ਵਿਚ ਉੱਤਰ ਪ੍ਰਦੇਸ਼ ਦੇ ਲੋਕਾਂ ਨੂੰ ਅਖਿਲੇਸ਼ ਤੋਂ ਬਹੁਤ ਉਮੀਦਾਂ ਸੀ। ਮੁਲਾਇਮ ਪਰਿਵਾਰ ਦਾ ਇਹ ਪੜ੍ਹਿਆ-ਲਿਖਿਆ ਮੁੰਡਾ ਸਿਆਸਤ ਨੂੰ ਸਮਝ ਨਹੀਂ ਸਕੇਗਾ, ਇਹ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ। ਹੁਣ ਤੱਕ ਦੀ ਸਭ ਤੋਂ ਛੋਟੀ ਉਮਰ ਦਾ ਇਹ ਮੁੱਖ ਮੰਤਰੀ ਐਨੀ ਜਲਦੀ ਲੋਕਾਂ 'ਚੋਂ ਆਪਣਾ ਭਰੋਸਾ ਗੁਆ ਲਵੇਗਾ, ਇਹ ਵੀ ਕਿਸੇ ਨੇ ਸੋਚਿਆ ਤੱਕ ਨਹਂ ਸੀ। ਅਖਿਲੇਸ਼ ਨੂੰ ਭਾਵੇਂ ਕਿਸੇ ਹੋਰ ਗੱਲ ਨਾਲ ਤਾਂ ਭਾਵੇਂ ਯਾਦ ਨਾ ਵੀ ਕੀਤਾ ਜਾਵੇ ਪਰ ਇਕ ਗੱਲ ਲਈ ਹਮੇਸ਼ਾ ਹੀ ਯਾਦ ਕੀਤਾ ਜਾਵੇਗਾ, ਉਹ ਇਹ ਹੈ ਕਿ ਹੁਣ ਤੱਕ ਉਹਦੇ ਸਾਢੇ 4 ਸਾਲ ਦੇ ਕਾਰਜਕਾਲ ਦੌਰਾਨ ਹਜ਼ਾਰਾਂ ਫਿਰਕੂ ਦੰਗੇ ਹੋ ਚੁੱਕੇ ਹਨ। ਕਾਨੂੰਨ ਵਿਵਸਥਾ ਬਿਲਕੁਲ ਹੀ ਚਰਮਰਾ ਚੁੱਕੀ ਹੈ। ਪਤਾ ਹੀ ਨੀਂ ਕਿਹਦਾ ਕਦੋਂ ਕਤਲ ਹੋ ਜਾਵੇ ਤੇ ਕਿਹਦਾ ਕਦੋਂ ਅਗਵਾ ਹੋ ਜਾਵੇ। ਕੀਤਾ ਮੁਲਾਇਮ ਸਿੰਘ ਨੇ ਵੀ ਹੁਣ ਤੱਕ ਕੁਝ ਨਹੀਂ, ਸਿਰਫ਼ ਨਸੀਹਤਾਂ ਹੀ ਦਿੱਤੀਆਂ, ਐਕਸ਼ਨ ਕੋਈ ਵੀ ਨਹੀਂ ਲਿਆ, ਜਿਸਦੇ ਨਾਲ ਲੋਕਾਂ ਵਿਚ ਕੋਈ ਵਧੀਆ ਮਾਹੌਲ ਬਣਦਾ। ਪਿਓ-ਪੁੱਤਰ ਦੀ ਇਹ ਸਿਆਸੀ ਖੇਡ ਫਿਕਸ ਲੱਗਦੀ ਹੈ। ਮੁਲਾਇਮ ਸਿੰਘ ਉੱਤਰ ਪ੍ਰਦੇਸ਼ ਵਿਧਾਨ ਸਭਾ ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਕਿਤੇ ਲੋਕਾਂ ਵਿਚ ਭੰਬਲਭੂਸਾ ਪੈਦਾ ਕਰਨ ਦੀ ਕੋਸ਼ਿਸ਼ ਤਾਂ ਨਹੀਂ ਕਰ ਰਹੇ ਕਿ ਜੇ ਮੈਂ ਮੁੱਖ ਮੰਤਰੀ ਹੁੰਦਾ ਤਾਂ ਹਾਲਾਤ ਇਸ ਤੋਂ ਬਿਹਤਰ ਹੁੰਦੇ। ਅਖੀਰ ਵਿਚ ਮੁਲਾਇਮ ਸਿੰਘ ਦੀ ਇਹ ਵੀ ਇਕ ਸਿਆਸੀ ਕੋਸ਼ਿਸ਼ ਹੋ ਸਕਦੀ ਹੈ ਕਿ ਤੁਸੀਂ ਇਸ ਵਾਰ ਸਪਾ ਨੂੰ ਜਿਤਾਓ ਤੇ ਅਗਲੀ ਵਾਰ ਮੁੱਖ ਮੰਤਰੀ ਮੈਂ ਹੋਵਾਂਗਾ, ਮੇਰਾ ਪੁੱਤਰ ਨਹੀਂ। ਲੱਗਦਾ ਹੁਣ ਬਹੁਤ ਦੇਰ ਹੋ ਚੁੱਕੀ ਹੈ। ਯਾਦਵ ਪਰਿਵਾਰ ਖੁਦ ਹੀ ਇੱਕਮੁਠ ਨਹੀਂ ਹੈ ਤੇ ਉੱਤਰ ਪ੍ਰਦੇਸ਼ ਦੀ ਰੱਖਿਆ ਕੀ ਕਰਨੀ ਹੈ। ਉੱਤਰ ਪ੍ਰਦੇਸ਼ ਦੇ ਸਿਆਸੀ ਸਮੀਕਰਨ ਬਦਲ ਚੁੱਕੇ ਹਨ। ਮਾਇਆਵਤੀ ਦੀ ਬਸਪਾ ਦਾ ਸੱਤਾ ਵਿਚ ਆਉਣਾ ਤੈਅ ਹੈ। ਕਿਉਂਕਿ ਹੁਣ ਤੱਕ ਜਿੰਨੇ ਵੀ ਸਰਵੇ ਆਏ ਹਨ, ਉਹਨਾਂ ਸਭਨਾਂ ਸਰਵਿਆਂ ਵਿਚ ਬਸਪਾ ਅੱਗੇ ਹੈ। ਇਕ ਤਾਜ਼ਾ ਸਰਵੇ ਵਿਚ ਬਸਪਾ 300 ਸੀਟਾਂ ਨੂੰ ਛੂੰਹਦੀ ਨਜ਼ਰ ਆ ਰਹੀ ਹੈ। ਸਪਾ ਤੇ ਭਾਜਪਾ 'ਚ ਵਿਰੋਧੀ ਧਿਰ ਲਈ ਲੜਾਈ ਲੜੀ ਜਾਵੇਗੀ। ਜਦਕਿ ਕਾਂਗਰਸ ਮਸਾਂ ਚੌਥੇ ਨੰਬਰ ਦੀ ਪਾਰਟੀ ਬਣਕੇ ਰਹਿ ਜਾਵੇਗੀ, ਮਤਲਬ ਮਸਾਂ ਇਕ ਦਰਜਨ ਸੀਟਾਂ ਹੀ ਲਿਜਾ ਸਕੇਗੀ। ਹੁਣ ਮੁਲਾਇਮ ਸਿੰਘ ਲੱਖ ਕਹੇ ਕਿ ਮੈਂ ਖੜ੍ਹਾ ਹੋ ਗਿਆ ਤਾਂ ਸਾਰੇ ਭੱਜ ਜਾਣਗੇ। ਸਿਆਸੀ ਮਾਹਿਰਾਂ ਮੁਤਾਬਕ ਐਦਾਂ ਦੇ ਬਿਆਨਾਂ ਨਾਲ ਕੋਈ ਵੀ ਫਾਇਦਾ ਹੋਣ ਵਾਲਾ ਨਹੀਂ ਹੈ, ਸਗੋਂ ਉਲਟਾ ਨੁਕਸਾਨ ਹੀ ਹੋਵੇਗਾ। 6 ਮਹੀਨੇ ਬਾਅਦ ਜਦ ਉੱਤਰ ਪ੍ਰਦੇਸ਼ ਦੇ ਨਤੀਜੇ ਆਉਣਗੇ ਤਾਂ ਮੁਲਾਇਮ ਸਿੰਘ ਦੀਆਂ ਨਜ਼ਰਾਂ ਦੇ ਸਾਹਮਣੇ ਸਮਾਜਵਾਦੀ ਕਿਲ੍ਹਾ ਢਹਿ ਢੇਰੀ ਹੋਇਆ ਨਜ਼ਰ ਆਵੇਗਾ। ਵੈਸੇ ਵੀ ਮੁਲਾਇਮ ਆਪਣੀ ਉਮਰ ਦੇ ਆਖਰੀ ਪੜਾਅ 'ਤੇ ਹਨ। ਸਪਾ ਮੁਲਾਇਮ ਦੇ ਹੱਥਾਂ ਵਿਚ ਰੇਤ ਵਾਂਗ ਕਿਰ ਚੁੱਕੀ ਹੈ। ਉਹ ਸਾਢੇ 4 ਸਾਲ ਦੇ ਕਾਰਜਕਾਲ ਦੌਰਾਨ ਸੁਪਰ ਮੁੱਖ ਮੰਤਰੀ ਹੋਣ ਦੇ ਬਾਵਜੂਦ ਚਾਚੇ ਭਤੀਜੇ ਦੇ ਕਾਟੋ ਕਲੇਸ਼ ਨੂੰ ਹੀ ਖਤਮ ਨਹੀਂ ਕਰ ਸਕੀ। ਅਖਿਲੇਸ਼ ਨਾਲੋਂ ਉਸਦਾ ਚਾਚਾ ਸ਼ਿਵਪਾਲ ਯਾਦਵ ਹਮੇਸ਼ਾ ਹੀ ਨਰਾਜ਼ ਰਿਹਾ। ਅਟਕਲਾਂ ਤਾਂ ਇਹ ਵੀ ਹਨ ਕਿ ਉਹਨੇ ਨਰਾਜ਼ ਹੋ ਕੇ ਦੋ ਵਾਰ ਆਪਣੇ ਅਹੁਦੇ ਤੋਂ ਅਸਤੀਫਾ ਵੀ ਦੇਣ ਦੀ ਕੋਸ਼ਿਸ਼ ਕੀਤੀ ਸੀ, ਪਰ ਮੁਲਾਇਮ ਨੇ ਸਮਝਾ ਬੁਝਾ ਕੇ ਕਿਸੇ ਤਰ੍ਹਾਂ ਉਹ ਅਸਤੀਫਾ ਵਾਪਸ ਕਰਵਾ ਦਿੱਤਾ। ਮੁਲਾਇਮ ਸਿੰਘ ਦਾ ਇਕ ਹੋਰ ਭਰਾ ਰਾਮਗੋਪਾਲ ਯਾਦਵ ਵੀ ਆਪਣੇ ਆਪ ਨੂੰ ਖੂੰਜੇ ਲੱਗ ਕੇ ਜ਼ਲੀਲ ਹੋਇਆ ਮਹਿਸੂਸ ਕਰਦਾ ਹੈ।

ਪਰਿਵਾਰ ਵਿਚ ਕਲੇਸ਼ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਅਖਿਲੇਸ਼ ਕਿਸੇ ਵੀ ਮਾਫੀਆ ਸਰਗਣੇ ਨੂੰ ਪਾਰਟੀ ਵਿਚ ਸ਼ਾਮਲ ਨਹੀਂ ਕਰਨਾ ਚਾਹੁੰਦੇ ਜਦਕਿ ਖੁਦ ਮੁਲਾਇਮ ਨੂੰ ਤੇ ਸ਼ਿਵਪਾਲ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਹੈ। ਚੋਣਾਂ ਜਿੱਤਣ ਤੋਂ ਪਹਿਲਾਂ ਵੀ ਅਖਿਲੇਸ਼ ਨੇ ਮਾਫੀਆ ਸਰਗਣੇ ਤੋਂ ਸਿਆਸਤਦਾਨ ਬਣੇ ਡੀ. ਪੀ. ਯਾਦਵ ਪ੍ਰਤੀ ਵੀ ਇਹੀ ਸਖਤ ਰਵੱਈਆ ਅਪਣਾਇਆ ਸੀ ਤੇ ਉਹ ਸਖਤ ਰਵੱਈਆ ਅਖਿਲੇਸ਼ ਨੇ ਬਾਹੂਬਲੀ ਕੌਮੀ ਏਕਤਾ ਦਲ ਦੇ ਮੁੱਖਤਾਰ ਅੰਸਾਰੀ ਪ੍ਰਤੀ ਅਪਣਾਇਆ ਸੀ। ਜਦਕਿ ਅਖਿਲੇਸ਼ ਨੇ ਉਸ ਮੰਤਰੀ ਨੂੰ ਬਰਖਾਸਤ ਕਰ ਦਿੱਤਾ ਸੀ, ਜਿਹਨੇ ਕੌਮੀ ਏਕਤਾ ਦਲ ਦੇ ਰਲੇਵੇਂ ਨੂੰ ਸਪਾ ਵਿਚ ਕਰਨ ਲਈ ਸਿਆਸੀ ਜ਼ਮੀਨ ਤਿਆਰ ਕੀਤੀ ਸੀ। ਉਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਉਸ ਬਰਖਾਸਤ ਮੰਤਰੀ ਨੂੰ ਮੁਲਾਇਮ ਸਿੰਘ ਦੇ ਕਹਿਣ ਤੇ ਕੈਬਨਿਟ ਵਿਚ ਮੁੜ ਸ਼ਾਮਲ ਕਰ ਲਿਆ ਗਿਆ ਸੀ। ਇਸ ਤੋਂ ਪਹਿਲਾਂ ਵੀ ਦੋ ਹੋਰ ਮੰਤਰੀ ਜਿਹੜੇ ਬਰਖਾਸਤ ਕਰ ਦਿੱਤੇ ਗਏ ਸਨ ਤੇ ਮੁਲਾਇਮ ਸਿੰਘ ਦੇ ਇਸ਼ਾਰੇ 'ਤੇ ਮੁੜ ਸ਼ਾਮਲ ਕਰ ਲਏ ਗਏ ਸਨ।

ਅਖਿਲੇਸ਼ ਕਿਤੇ ਨਾ ਕਿਤੇ ਮੁਲਾਇਮ ਸਿੰਘ ਦੇ ਨੇੜਲਿਆਂ ਤੋਂ ਦੂਰੀ ਬਣਾਈ ਰੱਖਦਾ ਹੈ। ਜਦਕਿ ਮੁਲਾਇਮ ਨੂੰ ਇਸ ਵਿਚ ਕੁਝ ਸਾਜਿਸ਼ ਨਜ਼ਰ ਆਉਂਦੀ ਹੈ। ਇਹ ਸਾਜਿਸ਼ ਕੀ ਹੈ? ਜੇ ਯਾਦਵ ਪਰਿਵਾਰ ਇਸ ਸਾਜਿਸ਼ ਨੂੰ ਨੰਗਾ ਨਾ ਕਰ ਸਕਿਆ ਤਾਂ ਇਹਨਾਂ ਸਭ ਸਾਜਿਸ਼ਾਂ ਨੂੰ ਵੋਟਰ ਤਹਿਸ ਨਹਿਸ ਕਰਕੇ ਰੱਖ ਦੇਣਗੇ, ਬੱਸ ਉੱਤਰ ਪ੍ਰਦੇਸ਼ ਦੇ ਚੋਣ ਨਤੀਜਿਆਂ ਦੀ ਉਡੀਕ ਕਰੋ। ਵੈਸੇ ਅਮਰ ਸਿੰਘ, ਆਜ਼ਮ ਖਾਨ, ਬਲਵੰਤ ਸਿੰਘ ਰਾਮੂੰਵਾਲੀਆ, ਸ਼ਿਵਪਾਲ ਯਾਦਵ ਤੇ ਰਾਮਗੋਪਾਲ ਯਾਦਵ ਉਹ ਸਿਆਸੀ ਚਿਹਰੇ ਹਨ, ਜਿਹਨਾਂ ਨੂੰ ਅਖਿਲੇਸ਼ ਪਸੰਦ ਨਹੀਂ ਕਰਦੇ, ਕਿਉਂਕਿ ਇਹ ਮੁਲਾਇਮ ਸਿੰਘ ਦੇ ਬਹੁਤ ਹੀ ਨੇੜੇ ਹਨ।

### ਕੀ ਮੁਲਾਇਮ ਆਪਾ ਖੋਹ ਬੈਠਦੇ ਹਨ

ਕੀ ਮੁਲਾਇਮ ਸਿੰਘ ਦੀ ਸਿਹਤ ਉਹਨਾਂ ਦਾ ਸਾਥ ਨਹੀਂ ਦੇ ਰਹੀ ਕਿ ਜਾਂ ਉਹ ਆਪਾ ਖੋਹ ਬੈਠਦੇ ਹਨ। ਜਿਸ ਕਰਕੇ ਉਹ ਜਨਤਕ ਤੌਰ 'ਤੇ ਕੁਝ ਵੀ ਬੋਲ ਜਾਂਦੇ ਹਨ ਤੇ ਆਪਣੀ ਹੀ ਪਾਰਟੀ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਤੋਂ ਸੰਕੋਚ ਨਹੀਂ ਕਰਦੇ। ਮੁਲਾਇਮ ਸਿੰਘ ਨੇ ਹਾਲ ਹੀ ਵਿਚ ਇਕ ਹੋਰ ਖੁਲਾਸਾ ਕਰਕੇ ਸਿਆਸੀ ਧਮਾਕਾ ਕਰ ਦਿੱਤਾ ਹੈ ਕਿ ਜਦ ਉਹ ਦੇਸ਼ ਦੇ ਰੱਖਿਆ ਮੰਤਰੀ ਸਨ ਤਾਂ ਉਹਨਾਂ ਨੇ ਗਾਂਧੀ ਪਰਿਵਾਰ ਤੇ ਹੋਰ ਨੇਤਾਵਾਂ ਨੂੰ ਬਚਾਉਣ ਲਈ ਬੋਫੋਰਸ ਤੋਪਾਂ ਨਾਲ ਸਬੰਧਤ ਫਾਇਲਾਂ ਨੂੰ ਹੀ ਕਿਤੇ ਗਾਇਬ ਕਰ ਦਿੱਤਾ ਸੀ। ਇਹ ਉਹ ਸੌਦਾ ਸੀ ਜਿਸ ਵਿਚ ਤੱਤਕਾਲੀਨ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਤੇ ਦਲਾਲੀ ਖਾਣ ਵਰਗੇ ਸੰਗੀਨ ਦੋਸ਼ ਲੱਗੇ ਸਨ। ਇਹ ਉਹ ਸਿਆਸੀ ਕਲੰਕ ਸੀ ਜਿਸਨੇ ਰਾਜੀਵ ਗਾਂਧੀ ਦੀ ਮੌਤ ਤੋਂ ਬਾਅਦ ਵੀ ਉਹਦਾ ਖਹਿੜਾ ਨਹੀਂ ਸੀ ਛੱਡਿਆ। ਇਕ ਦੇਸ਼ ਦੇ ਰੱਖਿਆ ਮੰਤਰੀ ਵੱਲੋਂ ਫਾਇਲ ਨੂੰ ਗਾਇਬ ਕਰਨ ਦਾ ਤੇ ਜਾਂਚ ਦੀ ਰਫਤਾਰ ਨੂੰ ਮੱਧਮ ਕਰਨ ਦਾ ਆਦੇਸ਼ ਦੇਣ ਦਾ ਹੁਕਮ ਕੀ ਮੁਲਕ ਨਾਲ ਗੱਦਾਰੀ ਨਹੀਂ।

ਕੀ ਆਮ ਲੋਕਾਂ ਨੂੰ ਜਿੰਨੀਆਂ ਮਰਜ਼ੀ ਸਜ਼ਾਵਾਂ ਹੋਈ ਜਾਣ ਪਰ 'ਕੋਈ ਨੇਤਾ ਕਿਸੇ ਅਪਰਾਧਿਕ ਕੇਸ ਵਿਚ ਨਹੀਂ ਫਸਣਾ ਚਾਹੀਦਾ। ਕੀ ਮੁਲਾਇਮ ਸਿੰਘ ਦੀ ਦੋਸ਼ੀ ਨੇਤਾਵਾਂ ਪ੍ਰਤੀ ਨਰਮ ਦਿਲੀ ਲਈ ਕੋਈ ਕਿਸੇ ਸਿਆਸੀ ਪਰਿਵਾਰ ਨਾਲ ਗੁਪਤ ਡੀਲ ਹੋਈ ਸੀ, ਇਸ ਗੱਲ ਤੋਂ ਵੀ ਤਾਂ ਦੇਸ਼ ਦੇ ਸਾਹਮਣੇ ਪਰਦਾ ਚੁੱਕ ਹੀ ਹੋਣਾ ਚਾਹੀਦਾ ਹੈ। ਕਿਸੇ ਜਾਂਚ ਨੂੰ ਗਲਤ ਦਿਸ਼ਾ ਦੇਣੀ ਜਾਂ ਦੇਸ਼ ਹਿੱਤ ਦੀ ਰੱਖਿਆ ਨਾਲ ਜੁੜੇ ਸਬੂਤਾਂ ਨੂੰ ਇਕ ਰੱਖਿਆ ਮੰਤਰੀ ਵੱਲੋਂ ਗਾਇਬ ਕਰ ਦੇਣਾ ਤੇ ਉਹ ਵੀ ਜਦ ਉਹ ਖੁਦ ਆਪਣਾ ਗੁਨਾਹ ਮੰਨਦਾ ਵੀ ਹੋਵੇ, ਕੀ ਕਿਸੇ ਸੰਗੀਨ ਅਪਰਾਧਿਕ ਸ਼੍ਰੇਣੀ ਵਿਚ ਨਹੀਂ ਆਉਂਦਾ। ਜੇ ਆਉਂਦਾ ਹੈ ਤਾਂ ਮੌਕੇ ਦੀ ਕੇਂਦਰ ਸਰਕਾਰ ਨੂੰ ਇਸਦੀ ਜਾਂਚ ਕਰਕੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਲੋਕ ਹਿੱਤ ਵਿਚ ਕਰ ਦੇਣਾ ਚਾਹੀਦਾ ਹੈ ਤੇ ਬਣਦੀ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।



ਸਵਿੱਤਰੀ ਬਾਈ ਫੂਲੇ ਅਤੇ ਬਾਬਾ ਭੀਮ ਰਾਓ ਅੰਬੇਦਕਰ ਸਿਖਿਆ ਭਲਾਈ ਟਰਸਟ ਰਜਿ: (ਪੰਜਾਬ ) ਵਲੋਂ ਕਪਿੰਉਟਰ ਸੈਂਟਰ ਕਾਝਲਾਂ ਤਹਿ: ਧੂਰੀ (ਸੰਗਰੂਰ) ਵਿਖੇ ਕੋਰਸ ਪੂਰਾ ਹੋਣ ਸਮੇਂ ਲੜਕੀਆਂ ਟੀ ਪਾਰਟੀ ਕੀਤੀ ਗਈ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਐਸ ਐਫ ਜੇ ਵਲੋਂ ਪੰਜਾਬ ਪੁਲਿਸ ਦੇ ਆਈ ਜੀ ਆਂਗਰਾ ਖਿਲਾਫ ਯੂ ਐਨ ਮਨੁੱਖੀ ਅਧਿਕਾਰ ਕੌਂਸਲ ਕੋਲ ਤਸ਼ੱਦਦ ਬਾਰੇ ਸ਼ਿਕਾਇਤ ਦਾਇਰ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਨੇ ਵਿਸ਼ੇਸ਼ ਨਿਯਮਾਵਲੀ ਤਹਿਤ ਯੂ ਐਨ ਮਨੁੱਖੀ ਅਧਿਕਾਰਾਂ ਬਾਰੇ ਕੌਂਸਲ (ਯੂ ਐਨ ਐਚ ਆਰ ਸੀ) ਕੋਲ ਇਕ ਸ਼ਿਕਾਇਤ ਦਰਜ ਕਰਵਾ ਕਿ ਮੰਗ ਕੀਤੀ ਹੈ ਕਿ ਪੰਜਾਬ ਵਿਚ ਸਿੱਖ ਰਿਫਰੈਂਡਮ ਚਲਾਉਣ ਵਾਲੇ ਕਾਰਕੁੰਨਾਂ ਖਿਲਾਫ ਅੱਤਵਾਦ ਦੇ ਝੂਠੇ ਦੋਸ਼ ਲਾਉਣ ਵਾਲੇ ਅਤੇ ਉਨ੍ਹਾਂ ਨੂੰ ਗੈਰ ਕਾਨੂੰਨੀ ਹਿਰਾਸਤ ਵਿਚ ਰੱਖਣ ਅਤੇ ਤਸ਼ਦਦ ਕਰਨ ਵਾਲੇ ਭਾਰਤੀ ਪੁਲਿਸ ਅਫਸਰਾਂ ਖਿਲਾਫ ਕਾਰਵਾਈ ਕੀਤੀ ਜਾਵੇ। ਇਹ ਸ਼ਿਕਾਇਤ ਵਿਸ਼ੇਸ਼ ਨਿਯਮਾਵਲੀ ਤਹਿਤ ਦਾਇਰ ਕੀਤੀ ਗਈ ਹੈ ਅਤੇ ਇਸ ਨੂੰ ਪੰਜ ਆਜ਼ਾਦ ਤੇ ਉਚ ਯੋਗਤਾ ਵਾਲੇ ਮਾਹਿਰਾਂ ਵਾਲੇ ਵਰਕਿੰਗ ਗਰੁੱਪ ਆਫ ਕਮਿਉਨੀਕੇਸ਼ਨਸ ਵਾਚੇਗਾ। ਇਸ ਗਰੁੱਪ ਦੀ ਸਾਲ ਵਿਚ ਦੋ ਵਾਰ ਮੀਟਿੰਗ ਹੁੰਦੀ ਹੈ ਜਿਸ ਵਿਚ ਉਹ ਸ਼ਿਕਾਇਤਾਂ ਦੀ ਮੈਰਿਟ ਦਾ ਮੁਲਾਂਕਣ ਕਰਦੇ ਹਨ। ਇਸ ਗਰੁੱਪ ਦੇ ਮੌਜੂਦਾ ਮੈਂਬਰਾਂ ਵਿਚ ਚੀਨ, ਅਰਜਟੀਨਾ, ਰੂਸ, ਆਸਟਰੀਆ ਅਤੇ ਇਥੀਉਪੀਆ ਨਾਲ ਸਬੰਧਤ ਹਨ। ਬੀਤੇ 16 ਅਗਸਤ ਨੂੰ ਦਾਇਰ ਕੀਤੀ ਗਈ ਉਕਤ ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਹੈ ਕਿ ਜਸਪ੍ਰੀਤ ਸਿੰਘ , ਕੁਲਦੀਪ ਸਿੰਘ, ਹਰਦੀਪ ਸਿੰਘ, ਵਿਕਰਮਜੀਤ ਸਿੰਘ ਤੇ ਬਲਵਿੰਦਰ ਸਿੰਘ ਪੰਜਾਬ ਭਾਰਤ ਤੋਂ ਸਿਖ ਨੌਜਵਾਨਾਂ ਦਾ ਇਕ ਗਰੁੱਪ ਹੈ ਜੋ ਕਿ ਸਿੱਖ ਰਿਫਰੈਂਡਮ ਦੀ ਮੁਹਿੰਮ ਚਲਾਉਂਦੇ ਹਨ। ਇਹ ਕਾਰਕੁੰਨ ਸਰਗਰਮੀ ਨਾਲ ਉਸ ਸੱਦੇ ਦੀ ਪੈਰਵਾਈ ਕਰਦੇ ਹਨ ਜੋ ਕਿ ਕੌਮਾਂਤਰੀ ਸਿੱਖ ਐਨ ਜੀ ਓ ਸਿੱਖਸ ਫਾਰ ਜਸਟਿਸ ਵਲੋਂ ਦਿੱਤਾ ਗਿਆ ਹੈ ਕਿ ਸਿੱਖਾਂ ਦੇ ਖੁਦਮੁਖਤਿਆਰੀ ਦੇ ਅਧਿਕਾਰਾਂ ਲਈ ਅਤੇ ਭਾਰਤੀ ਕਬਜੇ ਵਾਲੇ ਪੰਜਾਬ ਨੂੰ ਅਜ਼ਾਦ ਕਰਵਾਉਣ ਲਈ ਰਿ-ਫਰੈਂਡਮ ਕਰਵਾਇਆ ਜਾਵੇ। ਸਿਖ ਸੰਸਥਾ ਨੇ ਸਿੱਖ ਰਿਫਰੈਂਡਮ ਕਾਰਕੁੰਨਾਂ ਦੀ ਗੈਰ ਕਾਨੂੰਨੀ ਹਿਰਾਸਤ ਦੀ ਕਾਰਵਾਈ ਕਿਵੇਂ ਹੋਈ ਇਸ ਬਾਰੇ ਯੂ ਐਨ ਐਚ ਆਰ ਸੀ ਨੂੰ ਵਿਸਥਾਰ ਵਿਚ ਦਸਦਿਆਂ ਕਿਹਾ ਹੈ ਕਿ 06-07 ਅਗਸਤ ਨੂੰ ਭਾਰਤੀ ਪੁਲਿਸ ਨੇ ਜਾਣ ਬੁਝ ਕਿ ਰਿਫਰੈਂਡਮ ਕਾਰਕੁੰਨਾਂ ਨੂੰ ਗ੍ਰਿਫਤਾਰ ਕਰ ਲਿਆ ਜਦੋਂ ਉਹ ਐਸ ਐਫ ਜੇ ਵਲੋਂ ਸ਼ੁਰੂ ਕੀਤੀ ਗਈ ਆਨ ਲਾਈਨ ਵਾਈਟ ਹਾਊਸ ਪਟੀਸ਼ਟਨ 'ਤੇ ਦਸਤਖਤ ਇਕੱਠੇ ਕਰ ਰਹੇ ਸਨ। ਇਸ ਪਟੀਸ਼ਨ ਵਿਚ ਉਬਾਮਾ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਭਾਰਤੀ ਕਬਜੇ ਵਾਲੇ ਪੰਜਾਬ ਨੂੰ ਆਜ਼ਾਦ ਕਰਵਾਉਣ ਲਈ ਸਾਡਾ ਸਮਰਥਨ ਕਰਨ। ਸਿਖ ਕਾਰਕੁੰਨ ਆਪਣੇ ਵਿਚਾਰਾਂ,



ਬੋਲਣ ਅਤੇ ਸਿਆਸੀ ਰਾਏ ਦੇਣ ਦੀ ਆਜ਼ਾਦੀ ਦੇ ਅਧਿਕਾਰਾਂ ਦੀ ਵਰਤੋਂ ਕਰ ਰਹੇ ਸਨ ਤੇ ਉਹ ਖੁਦਮੁਖਤਿਆਰੀ ਦੇ ਅਧਿਕਾਰ, ਜੋ ਕਿ ਯੂ ਐਨ ਚਾਰਟਰ ਐਂਡ ਇੰਟਰਨੈਸ਼ਨਲ ਕੋਵਨੈਂਟਸ ਆਨ ਸਿਵਲ ਐਂਡ ਪੋਲਿਟਿਕਲ ਰਾਈਟਸ ਵਿਚ ਲਾਜਮੀ ਕਰਾਰਿਆ ਹੋਇਆ ਹੈ, ਲਈ ਸ਼ਾਂਤਮਈ ਤਰੀਕੇ ਨਾਲ ਰਿਫਰੈਂਡਮ ਦੀ ਮੰਗ ਕਰ ਰਹੇ ਸਨ। ਐਸ ਐਫ ਜੇ ਦੀ ਰਿਫਰੈਂਡਮ 2020 ਯੂ ਐਨ ਚਾਰਟਰ ਐਂਡ ਇੰਟਰਨੈਸ਼ਨਲ ਕੋਵਨੈਂਟਸ ਆਨ ਸਿਵਲ ਐਂਡ ਪੋਲਿਟਿਕਲ ਰਾਈਟਸ ਵਲੋਂ ਲਾਜ਼ਮੀ ਕਰਾਰੇ ਅਧਿਕਾਰ 'ਤੇ ਆਧਾਰਿਤ ਹੈ ਜਿਸ ਦੇ ਆਧਾਰ 'ਤੇ ਸਿੱਖ ਪੰਜਾਬ ਦੇ ਮੂਲ ਵਾਸੀ ਹਨ ਜਿਨ੍ਹਾਂ ਦਾ ਵਖਰਾ ਤੇ ਵਿਲੱਖਣ ਧਰਮ, ਸਭਿਆਚਾਰ ਤੇ ਭਾਸ਼ਾਈ ਪਛਾਣ ਹੈ। ਐਸ ਐਫ ਜੇ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਅਸੀ ਸਿੱਖ ਰਿਫਰੈਂਡਮ ਕਾਰਕੁੰਨਾਂ ਖਿਲਾਫ ਦਾਇਰ ਕੀਤੇ ਗਏ ਝੂਠੇ ਅੱਤਵਾਦ ਦੇ ਕੇਸ ਅਤੇ ਤਸ਼ਦਦ ਦੇ ਸਬੂਤ ਵਰਕਿੰਗ ਗਰੁੱਪ ਦੀ ਅਗਲੀ ਮੀਟਿੰਗ ਦੌਰਾਨ ਯੂ ਐਨ ਮਨੁੱਖੀ ਅਧਿਕਾਰਾਂ ਬਾਰੇ ਕੌਂਸਲ ਨੂੰ ਪੇਸ਼ ਕਰਾਂਗੇ। ਅਟਾਰਨੀ ਪੰਨੂ ਨੇ ਅੱਗੇ ਕਿਹਾ ਕਿ ਇਹ 1990 ਵਿਆਂ ਦਾ ਸਮਾਂ ਨਹੀਂ ਹੈ ਜਦੋਂ ਭਾਰਤੀ ਪੁਲਿਸ ਸਿੱਖ ਰਾਸ਼ਟਰਵਾਦੀ ਨੂੰ ਫਰਜ਼ੀ ਮੁਕਾਬਲਿਆਂ ਵਿਚ ਮਾਰ ਮੁਕਾਉਂਦੀ ਸੀ। ਅਸੀ ਤਸ਼ਦਦ ਅਤੇ ਸਿੱਖ ਰਿਫਰੈਂਡਮ ਕਾਰਕੁੰਨਾਂ ਨੂੰ ਅੱਤਵਾਦੀ ਗਰਦਾਨਨ ਦੀ ਇਜਾਜਤ ਨਹੀਂ ਦਿਆਂਗੇ। ਯੂ ਐਨ ਐਚ ਆਰ ਸੀ ਨੂੰ ਸਿੱਖ ਸੰਸਥਾ ਵਲੋਂ ਕੀਤੀ ਗਈ ਸ਼ਿਕਾਇਤ ਵਿਚ ਜਲੰਧਰ ਰੇਂਜ ਦੇ ਆਈ ਜੀ ਲੋਕ ਨਾਥ ਆਂਗਰਾ, ਐਸ ਐਸ ਪੀ ਹੁਸ਼ਿਆਰਪੁਰ ਕੁਲਦੀਪ ਸਿੰਘ ਚਾਹਲ, ਐਸ ਪੀ ਕੁਲਵੰਤ ਸਿੰਘ,. ਡੀ ਐਸ ਪੀ ਹਰਦੀਪ ਸਿੰਘ ਅਤੇ ਸੁਖਅਮਰਿਤ ਸਿੰਘ ਤੇ ਐਸ ਐਚ ਓ ਚੱਬੇਵਾਲ ਕੁਲਵਿੰਦਰ ਸਿੰਘ ਦਾ ਨਾਂਅ ਸ਼ਾਮਿਲ ਕੀਤਾ ਗਿਆ ਹੈ ਤੇ ਇਨ੍ਹਾਂ 'ਤੇ ਸਿੱਖ ਰਿਫਰੈਂਡਮ ਕਾਰਕੁੰਨਾਂ ਖਿਲਾਫ ਅੱਤਵਾਦ ਦੇ ਝੂਠੇ ਕੇਸ ਦਾਇਰ ਕਰਨ ਅਤੇ ਕਥਿਤ ਤੌਰ 'ਤੇ ਤਸ਼ਦਦ ਕਰਨ ਦੇ ਦੋਸ਼ ਲਾਏ ਗਏ ਹਨ।

# ਅਮਰੀਕਨ ਸਿੱਖ ਪਬਲਿਕ ਅਫੇਅਰਜ਼ ਐਸੋਸੀਏਸ਼ਨ ਵੱਲੋਂ ਆਯੋਜਿਤ ਸਮਾਗਮ ਵਿਚ ਅਮਰੀਕਨ ਤੇ ਸਿੱਖ ਸਿਆਸੀ ਆਗੂ ਹੋਏ ਸ਼ਾਮਲ

**ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਨ ਸਿਆਸਤ ਵਿਚ ਆਪਣਾ ਪ੍ਰਭਾਵ ਦੇਣ ਲਈ ਅਮਰੀਕਨ ਸਿੱਖ ਪਬਲਿਕ ਅਫੇਅਰਜ਼ ਐਸੋਸੀਏਸ਼ਨ ਵੱਲੋਂ ਇਕ ਵਿਸ਼ਾਲ ਸਮਾਗਮ ਦਾ ਆਯੋਜਨ ਗਿਰਾਜ਼ ਬੈਂਕੁਅਟ ਹਾਲ ਵਿਚ ਕਰਵਾਇਆ ਗਿਆ, ਜਿਸ ਵਿਚ ਅਮਰੀਕਾ ਦੇ ਉਚ ਕੋਟੀ ਦੇ ਸਿਆਸੀ ਆਗੂਆਂ ਨੇ ਸ਼ਿਰਕਤ ਕੀਤੀ। ਇਸਦੇ ਨਾਲ ਹੀ ਸਿੱਖ ਆਗੂਆਂ ਨੇ ਵੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਸਟੇਟ ਸੈਨੇਟਰ ਟੈਡ ਗੇਨੇਜ ਨੇ ਇਸ ਸਮਾਗਮ ਵਿਚ ਬੋਲਦਿਆਂ ਕਿਹਾ ਕਿ ਉਹ ਸਿੱਖਾਂ ਦੇ ਸਮਾਗਮ ਵਿਚ ਪਹਿਲੀ ਵਾਰ ਆਏ ਹਨ। ਪਰ ਸਿੱਖ ਭਾਈਚਾਰੇ ਦੇ ਕੰਮ ਆ ਕੇ ਉਹ ਖੁਸ਼ੀ ਮਹਿਸੂਸ ਕਰਨਗੇ। ਉਹਨਾਂ ਕਿਹਾ ਕਿ ਸਿੱਖ ਭਾਈਚਾਰੇ ਨੇ ਬਾਕੀ ਭਾਈਚਾਰਿਆਂ ਵਾਂਗ ਹੀ ਅਮਰੀਕਾ ਦੀ ਤਰੱਕੀ ਵਿਚ ਅੰਗਦਾਨ ਪਾਇਆ ਹੈ। ਇਸ ਸਮਾਗਮ ਵਿਚ ਅਸੈਂਬਲੀਮੈਨ ਜਿਮ ਕੂਪਰ ਨੇ ਬੋਲਦਿਆਂ ਕਿਹਾ ਕਿ ਉਹਨਾਂ ਨੇ 1984 ਦੇ ਕਤਲੇਆਮ ਪ੍ਰਤੀ ਨਿਖੇਧੀ ਮਤਾ ਅਸੈਂਬਲੀ ਵਿਚ ਲਿਆਂਦਾ ਤੇ ਜਿਸ ਨਾਲ ਉਹ ਸਿੱਖਾਂ ਦੇ ਹੋਰ ਨੇੜੇ ਆ ਗਏ। ਇਸ ਉਪਰੰਤ ਐਸ. ਬੀ. 350 ਬਿਲ ਨੂੰ ਵੀ ਪਾਸ ਨਹੀਂ ਸੀ ਹੋਣ ਦਿੱਤਾ ਜੋ ਗਰੀਬਾਂ ਦੇ ਖਿਲਾਫ ਜਾਂਦਾ ਸੀ। ਉਹਨਾਂ ਕਿਹਾ ਕਿ ਉਹ ਹਮੇਸ਼ਾ ਹੀ ਸਿੱਖਾਂ ਦੀਆਂ ਸਮਾਜਿਕ ਪ੍ਰਭਾਵ ਲਈ ਹਮੇਸ਼ਾ ਕੰਮ ਕਰਦੇ ਰਹਿਣਗੇ।

ਇਸ ਸਮਾਗਮ ਨੂੰ ਸਬੋਧਨ ਕਰਦਿਆਂ ਸੈਕਰਾਮੈਂਟੋ ਦੇ ਮੇਅਰ ਡੈਰ ਸਟਾਈਨਬਰਗ ਨੇ ਸਿੱਖਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਸ ਸਮਾਗਮ 'ਚ ਉਨ੍ਹਾਂ ਸਿੱਖਾਂ ਨੂੰ ਹੋਰ ਜਾਣਿਆ ਹੈ ਤੇ ਇਹੋ ਜਿਹੇ ਸਮਾਗਮ ਹੋਰ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਨਾਲ ਕਿਸੇ ਵੀ ਤਰ੍ਹਾਂ ਦਾ ਮਤਭੇਦ ਸਹਿਣ ਨਹੀਂ ਹੋਣ ਦਿੱਤਾ ਜਾਵੇਗਾ। ਇਸ ਸਮਾਗਮ ਵਿਚ ਸੈਕਰਾਮੈਂਟੋ ਸੈਰਫ ਸਕਾਟ ਜੋਨਜ਼ ਨੇ ਕਿਹਾ ਕਿ ਉਹ ਸਿੱਖਾਂ ਦੀਆਂ ਪਹਿਚਾਣ ਦੀ



ਸਮੱਸਿਆਵਾਂ ਤੋਂ ਜਾਣੂ ਹਨ ਤੇ ਕਿਸੇ ਵੀ ਕੀਮਤ ਤੇ ਸਿੱਖਾਂ ਨਾਲ ਮਤਭੇਦ ਸਹਿਣ ਨਹੀਂ ਕੀਤਾ ਜਾ ਸਕਦਾ ਤੇ ਉਹ ਬਾਕੀ ਸ਼੍ਰੇਣੀਆਂ ਵਾਂਗ ਅਮਰੀਕਾ ਦੇ ਸ਼ਹਿਰੀ ਹਨ। ਉਹਨਾਂ ਸੈਕਰਾਮੈਂਟੋ ਵਿਚ ਕ੍ਰਾਈਮ ਘਟਾਇਆ ਅਤੇ ਗੈਂਗਸਟਰਾਂ ਨੂੰ ਚੁੱਕ ਕੇ ਜੇਲ੍ਹਾਂ 'ਚ ਸੁੱਟਿਆ। ਇਸ ਮੌਕੇ ਸਿੱਖ ਭਾਈਚਾਰੇ ਦੇ ਹਮੇਸ਼ਾ ਨੇੜੇ ਰਹਿਣ ਵਾਲੀ ਸਾਬਕਾ ਅਸੈਂਬਲੀ ਵੋਮੈਨ ਤੇ ਹੁਣ ਸਟੇਟ ਸੈਨੇਟਰ ਉਮੀਦਵਾਰ ਮਾਰੀਆਕੋ ਯਮਾਂਡਾ ਨੇ ਆਪਣੀ ਤਕਰੀਰ 'ਚ ਕਿਹਾ ਕਿ ਸਿੱਖਾਂ ਦੀਆਂ ਤਕਲੀਫਾਂ ਨੂੰ ਉਨ੍ਹਾਂ ਨੇ ਪਹਿਲ ਦੇ ਆਧਾਰ 'ਤੇ ਸੁਣਿਆ ਤੇ ਨਵਾਂ ਲਾਅ ਏ. ਬੀ. 1964 ਜੋ ਸਿੱਖਾਂ ਨੂੰ ਬਿਨਾਂ ਭਿੰਨ ਭੇਦ ਪੁਲਿਸ 'ਚ ਤੇ ਹੋਰ ਨੌਕਰੀਆਂ ਵਿਚ ਕਕਾਰਾਂ ਸਮੇਤ ਨੌਕਰੀ ਦੇਣ ਦਾ ਹੱਕ ਦਿਵਾਉਂਦਾ ਹੈ, ਉਹਨਾਂ ਵੱਲੋਂ ਪਾਸ ਕਰਵਾਇਆ ਗਿਆ। ਉਹਨਾਂ ਕਿਹਾ ਕਿ ਉਹ ਹਮੇਸ਼ਾ ਸਿੱਖ ਭਾਈਚਾਰੇ ਨਾਲ ਖੜ੍ਹੀ ਹੈ। ਇਸ ਮੌਕੇ ਮੁੱਖ ਆਕਰਸ਼ਣ ਹਰਮੀਤ ਢਿੱਲੋਂ ਰਿਪਬਲਿਕਸ ਪਾਰਟੀ ਦੀ ਬੁਲਾਰੀ ਜਿਸਨੇ ਰਿਪਬਲਿਕਨ ਰਾਸ਼ਟਰਪਤੀ ਉਮੀਦਵਾਰ ਟਰੰਪ ਦੀ ਮਹਾਂਰੈਲੀ ਵਿਚ ਅਰਦਾਸ ਪੜ੍ਹੀ ਸੀ, ਨੇ ਕਿਹਾ ਕਿ ਸਿੱਖਾਂ ਦੀ ਪਹਿਚਾਣ ਲਈ ਹੋਰ ਯਤਨਾਂ ਦੀ ਲੋੜ ਹੈ ਤੇ ਸਿੱਖਾਂ ਨੂੰ ਅਮਰੀਕਾ ਦੀ ਸਿਆਸਤ ਵਿਚ ਭਾਗ ਲੈਣਾ ਚਾਹੀਦਾ ਹੈ। ਇਸ ਮੌਕੇ ਉਹਨਾਂ ਕਿਹਾ ਕਿ ਅਜਿਹੇ ਸਮਾਗਮ ਹੀ ਸਾਨੂੰ ਸਿਆਸੀ ਲੋਕਾਂ ਨਾਲ ਜੋੜਨ ਲਈ ਸਹਾਈ ਸਾਬਤ ਹੁੰਦੇ ਹਨ। ਇਸ ਮੌਕੇ ਸਮਾਗਮ ਦੇ ਮੁੱਖ ਪ੍ਰਬੰਧਕ ਸ. ਦਰਸ਼ਨ ਸਿੰਘ ਮੁੰਡੀ ਤੇ ਅਮਰ ਸਿੰਘ ਸ਼ੇਰਗਿੱਲ ਨੇ ਵੱਖ-ਵੱਖ ਸਮੇਂ ਤੇ ਸਮਾਗਮ ਦੀ ਮਹੱਤਤਾ ਬਾਰੇ ਦੱਸਿਆ। ਸ. ਦਰਸ਼ਨ ਸਿੰਘ ਮੁੰਡੀ ਨੇ ਸੈਕਰਾਮੈਂਟੋ ਸੈਰਫ ਸਕਾਟ ਜੋਨਜ ਨੇ ਪੇਸ਼ ਕੀਤਾ ਤੇ ਵੱਖ-ਵੱਖ ਸਿਆਸੀ ਆਗੂਆਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਅਮਰੀਕਾ ਦੇ ਵੱਖ-ਵੱਖ ਅਦਾਰਿਆਂ ਦੇ ਕਰੀਬ ਪੰਜਾਹ ਆਫੀਸਲ ਤੇ ਸਿਆਸੀ ਆਗੂਆਂ ਦੇ ਨੁਮਾਇੰਦੇ ਹਾਜ਼ਰ ਸਨ। ਸਿੱਖ ਭਾਈਚਾਰੇ 'ਚੋਂ ਰੂਬੀ ਧਾਲੀਵਾਲ ਮੇਅਰ, ਪ੍ਰੀਤ ਡਿਡਵਾਲ ਕੌਂਸਲ ਮੈਂਬਰ ਯੂਬਾ ਸਿਟੀ, ਕੈਸ਼ ਗਿੱਲ ਸਾਬਕਾ ਮੇਅਰ ਯੂਬਾ ਸਿਟੀ, ਮਨਪ੍ਰੀਤ ਸਿੰਘ ਗਰੇਵਾਲ ਮੋਡੈਸਟੋ ਕੌਂਸਲ ਮੈਂਬਰ, ਗੈਰੀ ਸਿੰਘ ਮਨਟੀਕਾ ਉਮੀਦਵਾਰ ਕੌਂਸਲ ਮੈਂਬਰ, ਅਮਰ ਸ਼ੇਰਗਿੱਲ ਡੈਲੀਗੇਟ ਡੈਮੋਕ੍ਰੇਟਿਕ ਪਾਰਟੀ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ

# ਪੰਜਾਬ ਪ੍ਰੋਡਕਸ਼ਨਜ ਅਤੇ ਸ਼ਿਕਾਗੋ ਪੀਜਾ ਵੱਲੋਂ ਸੈਕਰਾਮੈਂਟੋ 'ਚ ਕਰਵਾਇਆ ਗਿਆ 'ਦੇਸੀ ਰੌਕਸਟਾਰ' ਸ਼ੋਅ

**ਸੈਕਰਾਮੈਂਟੋ, ਕੈਲੀਫੋਰਨੀਆ (ਹਸੁਨ ਲੜੋਆ ਬੰਗਾ)–** ਪੰਜਾਬ ਪ੍ਰੋਡਕਸ਼ਨਜ ਅਤੇ ਸ਼ਿਕਾਗੋ'ਜ ਪੀਜਾ ਵੱਲੋਂ ਸੈਕਰਾਮੈਂਟੋ ਵਿਖੇ ਕਰਵਾਏ ਦੇਸੀ ਰੌਕਸਟਾਰ' ਸ਼ੋਅ ਵਿਚ ਪਰਸਿੱਧ ਪੰਜਾਬੀ ਗਾਇਕ ਤੇ ਪੰਜਾਬੀ ਫਿਲਮਾਂ ਦੇ ਹੀਰੋ ਗਿੱਪੀ ਗਰੇਵਾਲ, ਜੱਸੀ ਸਗੱਲ, ਬੱਬਲ ਰਾਏ ਨੇ ਪੰਜਾਬੀਆਂ ਨੂੰ ਆਪਣੇ ਗੀਤਾਂ ਤੇ ਖੂਬ ਨਚਾਇਆ। ਇਸ ਮੌਕੇ ਕਬੱਡੀ ਕਿੰਗ ਤੀਰਥ ਗਾਖਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਗਰੈਂਡ ਸਪੌਂਸਰ ਸਮਰਜੀਤ ਮਲਹੀ, ਬੂਟਾ ਕਜਲਾ, ਸੀ ਡੀ ਐਲ ਅਤੇ ਡਾਇਮੰਡ ਸਪੌਂਸਰ ਮਾਈਕ ਬੋਪਾਰਾਏ, ਜੈਕ ਰਾਮ ਪੌਲ ਰਾਮ, ਗੁਰਜਤਿੰਦਰ ਰੰਧਾਵਾ, ਧਰਮਿੰਦਰ ਥਾਂਦੀ ਅਤੇ ਪਰਦੀਪ ਸ਼ਰਮਾ ਸਨ। ਸਟੇਜ ਦੀ ਜੁੰਮੇਵਾਰੀ ਸ਼ੈਰੀ ਦੱਤਾ ਅਤੇ ਸੁਖਸਵੰਦਰ ਸੰਘੇੜਾ ਨੇ ਨਿਭਾਈ ਤੇ ਕਲਾਕਾਰਾਂ ਨੂੰ ਸਟੇਜ ਤੇ ਬਾਰੋਬਾਰੀ ਪੇਸ਼ ਕੀਤਾ। ਜਿਕਰਯੋਗ ਹੈ ਕਿ ਪੰਜਾਬ ਪਰੋਡਕਸ਼ਨਜ ਦਾ ਇਹ ਇਕੋ ਸਾਲ ਵਿਚ ਲਗਾਤਾਰ ਤੀਜਾ ਸ਼ੋਅ ਕਾਮਯਾਬ ਰਿਹਾ, ਹਾਲ ਫੁੱਲ ਹੋਣ ਕਰਕੇ ਦਰਸ਼ਕਾਂ ਨੂੰ ਕਈ ਵਾਰ ਕੰਟਰੋਲ ਕਰਨਾ ਔਖਾ ਸੀ ਪਰ ਸਕਿਓਰਟੀ ਦੇ ਖਾਸ ਪਰਬੰਧ ਵੀ ਸਨ। ਪਰਬੰਧਕ ਦਲਜੀਤ ਸਿੰਘ ਢੰਡਾ, ਸੋਨੂੰ ਹੁੰਦਲ, ਹਰਪਰੀਤ ਦਾਹੀਆ, ਗੈਰੀ ਤੁੰਗ, ਰਿਪ ਗਿੱਲ , ਟੀ ਜੇ ਹੁੰਦਲ, ਸ਼ਰਨ ਅਠਵਾਲ, ਅਵਲੀਨ ਸਗੱਲ, ਨਵੀਨ ਖੋਸਲਾ, ਹਰਵੀ ਕਾਹਲੋਂ, ਸੁਖ ਝੱਟੂ ਨੇ ਸ਼ੋਅ ਨੂੰ ਕਾਮਯਾਬ ਕਰਨ 'ਚ ਅਹਿਮ ਭੂਮਿਕਾ ਨਿਭਾਈ। ਸਾਰੇ ਕਲਾਕਾਰਾਂ ਨੇ ਆਪਣੇ ਚਰਚਿਤ ਗੀਤਾਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ।



# ਬਾਦਲਾਂ ਦੀਆਂ ਬੱਸਾਂ ਹੇਠਾਂ ਨਿਰਦੋਸ਼ ਲੋਕ ਮਾਰੇ ਜਾ ਰਹੇ ਹਨ- ਕਰੀਮਪੁਰੀ

**ਫਗਵਾੜਾ (ਬੀ ਕੇ ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਤੇ ਸਾਬਕਾ ਰਾਜਸਭਾ ਮੈਂਬਰ ਸ. ਅਵਤਾਰ ਸਿੰਘ ਕਰੀਮਪੁਰੀ ਨੇ ਬਾਦਲਾਂ ਦੀ ਆਰਬਿਟ ਬੱਸ ਤੇ ਇਕ ਹੋਰ ਪ੍ਰਾਈਵੇਟ ਬੱਸ 'ਚ ਜਲੰਧਰ 'ਚ ਹੋਈ ਟੱਕਰ ਦੌਰਾਨ ਚਾਰ ਲੋਕਾਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਇਸ ਮਾਮਲੇ ਨੂੰ ਲੈ ਕੇ ਪੀੜਤ ਲੋਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਸ. ਕਰੀਮਪੁਰੀ ਨੇ ਕਿਹਾ ਕਿ ਬਾਦਲਾਂ ਦੀਆਂ ਬੱਸਾਂ ਲੋਕਾਂ ਨੂੰ ਸੜਕਾਂ ਤੇ ਮਾਰਨ ਲੱਗੀਆਂ ਹੋਈਆਂ ਹਨ। ਇਨ੍ਹਾਂ ਬੱਸਾਂ ਦਾ ਸਟਾਫ ਸੱਤਾ ਦੀ ਤਾਕਤ ਦੇ ਪ੍ਰਭਾਵ ਹੇਠ ਲਾਪਰਵਾਹੀ ਨਾਲ ਬੱਸਾਂ ਚਲਾ ਰਿਹਾ ਹੈ। ਇਸ ਕਰਕੇ ਨਿਰਦੋਸ਼ ਲੋਕ ਸੜਕਾਂ 'ਤੇ ਮਾਰੇ ਜਾ ਰਹੇ ਹਨ। ਬਸਪਾ ਸੂਬਾ ਪ੍ਰਧਾਨ ਨੇ ਮੰਗ ਕਰਦੇ ਹੋਏ ਕਿਹਾ ਕਿ ਇਨ੍ਹਾਂ ਬੱਸਾਂ ਦੇ ਪਰਮਿਟ ਰੱਦ ਕੀਤੇ ਜਾਣੇ ਚਾਹੀਦੇ ਹਨ। ਇਸਦੇ ਨਾਲ-ਨਾਲ ਮ੍ਰਿਤਕਾਂ ਨੂੰ ਮੁਆਵਜ਼ਾ ਬਾਦਲਾਂ ਦੀਆਂ ਬੱਸਾਂ ਦੇ



ਫੰਡ 'ਚੋਂ ਦਿੱਤਾ ਜਾਣਾ ਚਾਹੀਦਾ ਹੈ। ਹਰ ਮ੍ਰਿਤਕ ਦੇ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਣੀ ਚਾਹੀਦੀ ਹੈ। ਇਸਦੇ ਨਾਲ ਹੀ ਦੁਰਘਟਨਾ 'ਚ ਜ਼ਖਮੀ ਹੋਏ ਲੋਕਾਂ ਨੂੰ ਯੋਗ ਮੁਆਵਜ਼ਾ ਬਾਦਲਾਂ ਦੇ ਨਿੱਜੀ ਫੰਡ 'ਚੋਂ ਦਿੱਤਾ ਜਾਵੇ।

ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਬਸਪਾ ਵਲੋਂ 1 ਸਤੰਬਰ ਨੂੰ ਸੂਬੇ ਭਰ ਵਿਚ ਧਰਨੇ ਉਲੀਕੇ ਗਏ ਹਨ। ਉਨ੍ਹਾਂ ਅਪੀਲ ਕਰਦੇ ਹੋਏ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੀਆਂ ਧੱਕੇਸ਼ਾਹੀਆਂ ਖਿਲਾਫ ਆਵਾਜ਼ ਬੁਲੰਦ ਕਰਨ ਲਈ ਲੋਕ ਬਸਪਾ ਨਾਲ ਆਉਣ ਤੇ ਅੱਤਿਆਚਾਰਾਂ ਤੋਂ ਮੁਕਤੀ ਪਾਉਣ। ਸੂਬੇ 'ਚ ਬਸਪਾ ਸਰਕਾਰ ਰਾਹੀਂ ਹੀ ਪੰਜਾਬ ਦਾ ਅਸਲ ਵਿਕਾਸ ਹੋ ਸਕੇਗਾ। ਉਨ੍ਹਾਂ ਕਿਹਾ ਕਿ ਬਰਨਾਲਾ ਜਿਲ੍ਹੇ ਦਾ ਧਰਨਾ ਧਨੌਲਾ ਵਿਚ ਰੱਖਿਆ ਗਿਆ ਹੈ।

--------




**Special Features**

Watch & Record
Make it a PVR (USB Required)
LED Screen
Know what your box is doing

Press & Play
Press a number to change the channel
Apps from Market

Shahzad Choudury
Cell. (770) 815-8315

# DEALERS IN CALIFORNIA USA

Keney Rassul
Cell. (909) 213-7081

Kenny (909)-213-7081, (909) 498 6132
S. Chauhdry (770) 815 8315
BOMBAY MUSIC (BERKELEY)

***

Mr. Anil Ajmany,
1006 University Ave., BERKELEY, CA 94710, USA
PHONE: 510-845-3311
E-MAIL; 1bombaymusic@gmail.com

***

HI-TECH INTERNATIONAL
(W. SACRAMANTO)
1449 SACRAMENTO AVENUE,
WEST SACRAMENTO, CA 95605
PHONE :916-995-8525
E-MAIL: sohaziz@gmail.com

***

INDIA BAZZAR (STOCKTON)
Mr. Happy, Mr. Jai Ram Ji
1304 E. Hammer Lane, Stockton, CA 95210
PHONE :209-478-0285 , 209-594-8473

***

MR. AVTAR SINGH PHONE :707-703-1451
(BSONS TRAVEL & TEXAS SERVICE)
1652 WEST TEXAS STREET 189, SUITE 205, FAIRFIELD, CA 94533,

***

Shak (510-290-0786)
HALAL FOOD MARKET IN BERKELEY

***

Mr. Ali 1964 SAN PABLO AVE, BERKELEY, CA 94702 (PH) :510 845 2000 , 925 914 1498
Mr. SINGH Phone:209-450-1365
Indian Grocery and General Store
C-3230 Mitchell Rd Ceres, CA 95307
bigdepotindian@hotmail.com
MR. ATUL MALIK (BERKELEY)
1962 San Pablo Avenue, Berkeley,CA 94702
Phone: 510 649 7777
E-mail: infinitytravels@sbcglobal.net

***

MR. KARIM,
SMOKE FOR LESS
1652 N. Texas Street, Fairfield, CA 94533
PHONE :510-684-9586E
mail:karimhotaki@gmail.com

***

MR. NAVEEN KHOSLA
(SHALIMAR INDIAN GROCERY)
32120 ALVARADO BLVD, UNION CITY, CA 94587
PHONE :510 487 7752 , 209 678 5004

***

MR. SHAFI (HALAL MEATS)
1538 S. DE ANZA BLVD, SAN JOSE, CA 95129,
PHONE :408 865 1222

***

RAVI
Phone: 661 835 8930
All India Sweet, 3150 Panama Slane # K,
Bakersfield, CA 93313 usakamboj@yahoo.com

****

SHARMA JI,
BOMBAY VIDEO (YUBA CITY)
1410 Bridge Street, Yuba City, CA 95993
PHONE :530-673-7150

***

TARIQ Phone # 315 542 5615
17 Sola Court, Sacramento, CA 95835
Email:hemo7863@gmail.com

***

Prince Barber Shop
37477 Fremont Blvd. suite C CA
Ph:5106779942, 5105059605

***

MR. PARSAD (FIJI INDIAN STORE)
117 WEST MAIN STREET, WOODLAND, CA 95695
PHONE : 530 668 8333

***

Mr. Shakeel Phone. 510 234 1700
BEST TIRES & WHEELS,
12826, SAN PABLO AVE. RICHMOND CA 94805

*****

SHUJA SIDDIQI Phone: 510 364 7595
Halal Meat and Grocery,
583 Saratoga Ave., Santa Clara, CA 95050
shuja_siddi@hotmail.com

*****

SMOKE ZONE, (FREEMONT)
Mir Wais
PHONE :510-656-9663 , 510-688-5878
46699 Mission Blvd, Freemont, CA 94534

Mr. Waqas,
CURRY KING , PAKISTAN AND INDIAN CUISINE,
34579 ALVARADO NILES ROAD,
UNION CITY, CA 94587
510 200 1730
waqaskhawaja85@yahoo.com

***

Amar Fashion Grocery Bazar
Lande Ave., Turlock CA

***

MadinaZabiha
Halal Foods Fremont 510 445 0786

***

Raavi Restaurant (San Francisco)
Jackson St. San Francisco
PH:510 290 0786

***

Rakesh
Phone: 925-778-7860,
Email: rakesh.sahni@yahoo.com
101 Railroad Ave. Antioch, CA 94509

www.shavatv.com
info@shavatv.com

## ਜਮਹੂਰੀਅਤ ਦੇ ਤੀਜੇ ਥੰਮ੍ਹ ਦੀ ਪੁਕਾਰ

# ਲਾਲ ਕਿਲ੍ਹੇ ਦੀਏ ਦੀਵਾਰੇ, ਸਾਡੀ ਵੀ ਸੁਣ ਸਰਕਾਰੇ !



ਗੁਰਮੀਤ ਸਿੰਘ ਪਲਾਹੀ
91-98158-02070

**ਦੇਸ਼ ਦੀ ਆਜ਼ਾਦੀ ਦੀ ਸੱਤਰਵੀਂ ਵਰ੍ਹੇਗੰਢ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 100 ਮਿੰਟਾਂ ਦਾ ਭਾਸ਼ਣ ਦਿੱਤਾ। ਆਪਣੇ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਨੇ ਆਪਣੇ ਕਾਰਜ ਕਾਲ ਦੀਆਂ ਪ੍ਰਾਪਤੀਆਂ ਨੂੰ ਗਿਣਿਆ, ਜਿਨ੍ਹਾਂ ਵਿੱਚ ਨਾਗਲਾ ਫਤੇਲਾ ਪਿੰਡ ਨੂੰ 70 ਵਰ੍ਹਿਆਂ ਬਾਅਦ ਬਿਜਲੀ ਦੇਣ ਦਾ ਜ਼ਿਕਰ ਵੀ ਸੀ, ਜੋ ਅਸਲ ਵਿੱਚ ਉਸ ਪਿੰਡ ਦੇ ਘਰਾਂ ਤੱਕ ਹਾਲੇ ਵੀ ਨਹੀਂ ਪੁੱਜੀ। ਉਨ੍ਹਾ ਨੇ ਦੇਸ਼ ਦੇ ਲੋਕਾਂ ਨੂੰ ਲਾਲ ਕਿਲ੍ਹੇ ਤੋਂ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾ ਦੀ ਸਰਕਾਰ ਨੇ ਇਨ੍ਹਾਂ ਦੋ ਸਾਲਾਂ 'ਚ ਏਨੀਆਂ ਪ੍ਰਾਪਤੀਆਂ ਕੀਤੀਆਂ ਹਨ ਕਿ ਜੇਕਰ ਉਹ ਇੱਕ ਪੂਰਾ ਹਫ਼ਤਾ ਇਥੇ ਭਾਸ਼ਣ ਦਿੰਦੇ ਰਹਿਣ, ਤਾਂ ਵੀ ਉਹ ਗਿਣਾਈਆਂ ਨਹੀਂ ਜਾ ਸਕਦੀਆਂ। ਉਨ੍ਹਾ ਦਾ ਇਹ ਪੂਰਾ ਵਿਸਥਾਰਤ ਭਾਸ਼ਣ ਸੁਣਨ ਉਪਰੰਤ ਦੇਸ਼ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ ਦੇ ਮੁੱਖ ਜੱਜ ਟੀ ਐੱਸ ਠਾਕੁਰ ਨੇ ਹੈਰਾਨੀ ਪ੍ਰਗਟ ਕੀਤੀ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੇ ਲਾਲ ਕਿਲ੍ਹੇ ਦੇ ਇਸ ਭਾਸ਼ਣ 'ਚ ਨਿਆਂ ਪ੍ਰਣਾਲੀ ਦੇ ਸੰਬੰਧ ਵਿੱਚ ਇੱਕ ਵੀ ਸ਼ਬਦ ਨਹੀਂ ਕਿਹਾ। ਆਖ਼ਿਰ ਕਿਉਂ?**



ਸਰਬ ਉੱਚ ਅਦਾਲਤ ਦੇ ਮੁੱਖ ਜੱਜ ਦੇਸ਼ ਦੀ ਇਨਸਾਫ਼ ਪ੍ਰਣਾਲੀ ਅਤੇ ਦੇਸ਼ ਦੀ ਸਥਿਤੀ ਉੱਤੇ ਅਸੰਤੋਸ਼ ਅਤੇ ਅਫਸੋਸ ਪ੍ਰਗਟ ਕਰਨ ਲਈ ਮਜਬੂਰ ਹੋ ਗਏ। ਉਨ੍ਹਾ ਅਨੁਸਾਰ ਦੇਸ਼ ਵਿੱਚ ਆਮ ਆਦਮੀ ਨੂੰ ਇਨਸਾਫ਼ ਨਹੀਂ ਮਿਲਦਾ। ਬ੍ਰਿਟਿਸ਼ ਰਾਜ ਸਮੇਂ ਕਿਸੇ ਵੀ ਅਦਾਲਤੀ ਕੇਸ ਨੂੰ ਨਿਪਟਾਉਣ ਲਈ ਵੱਧ ਤੋਂ ਵੱਧ ਦਸ ਵਰ੍ਹੇ ਲੱਗਦੇ ਸਨ, ਪਰੰਤੂ ਹੁਣ ਹੇਠਲੀਆਂ ਤੇ ਉੱਤਲੀਆਂ ਅਦਾਲਤਾਂ ਵਿੱਚ ਕੇਸ ਹੀ ਏਨੇ ਹਨ ਕਿ ਇਨ੍ਹਾਂ ਨੂੰ ਨਿਪਟਾਉਣ ਲਈ ਵਰ੍ਹਿਆਂ ਦੇ ਵਰ੍ਹੇ ਬੀਤ ਜਾਂਦੇ ਹਨ। ਦੇਸ਼ 'ਚ ਗ਼ਰੀਬੀ ਦੀ ਹਾਲਤ ਇਹ ਹੈ ਕਿ ਦਿਹਾੜੀ ਦੇ ਔਸਤਨ 26 ਰੁਪਏ ਤੇ 32 ਰੁਪਏ ਕਮਾ ਕੇ ਗੁਜ਼ਾਰਾ ਕਰਨ ਵਾਲੇ ਇਹਨਾਂ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਗਿਣਤੀ ਦੇਸ਼ ਦੀ ਪੂਰੀ ਆਬਾਦੀ ਦਾ ਅੱਧ ਹੈ। ਉਨ੍ਹਾਂ ਨੇ ਬੇਬਾਕ ਸਪੱਸ਼ਟ ਸ਼ਬਦ ਕਹੇ ਕਿ ਸਿਰਫ਼ ਦੋ ਡੰਗ ਦੀ ਰੋਟੀ ਖਾ ਕੇ ਗ਼ਰੀਬੀ ਰੇਖਾ ਨੂੰ ਟੱਪਿਆ ਗਿਣਿਆ ਨਹੀਂ ਜਾ ਸਕਦਾ। ਦੇਸ਼ 'ਚ ਏਨੇ ਪੜ੍ਹੇ-ਲਿਖੇ ਲੋਕ ਬੇਰੁਜ਼ਗਾਰ ਹਨ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ 14 ਪੋਸਟ-ਗਰੈਜੂਏਟ ਨੌਜਵਾਨ ਸੇਵਾਦਾਰ (ਚਪੜਾਸੀ) ਦੀ ਨੌਕਰੀ ਕਰਨ ਲਈ ਮਜਬੂਰ ਹਨ, ਪਰ ਪ੍ਰਧਾਨ ਮੰਤਰੀ ਨੇ ਆਪਣੀਆਂ ਯੋਜਨਾਵਾਂ ਦੇ ਸੋਹਲੇ ਗਾਏ, ਇੰਟਰਨੈੱਟ, ਟੈਲੀਫੋਨ ਕ੍ਰਾਂਤੀ ਦੀ ਗੱਲ ਕੀਤੀ, ਨੌਜਵਾਨਾਂ ਨੂੰ ਹਿੰਸਾ ਛੱਡਣ ਦੀ ਅਪੀਲ ਕੀਤੀ ਅਤੇ ਆਪਣੇ ਮਾਤਾ-ਪਿਤਾ ਦੀਆਂ ਉਮੀਦਾਂ ਉੱਤੇ ਖਰੇ ਉੱਤਰਨ ਦਾ ਸੁਨੇਹਾ ਦਿੱਤਾ, ਪਰ ਬੇਰੁਜ਼ਗਾਰ ਨੌਕਰੀ ਲਈ ਕਿੱਥੇ ਜਾਣ? ਉਨ੍ਹਾਂ ਨਾਲ ਬੇ-ਇਨਸਾਫੀ ਹੁੰਦੀ ਹੈ ਤਾਂ ਕਿਸ ਅੱਗੇ ਆਪਣੀ ਗੱਲ ਰੱਖਣ? ਰੋਟੀ, ਨੌਕਰੀ ਨਾ ਮਿਲੇ ਤਾਂ ਟੈਲੀਫੋਨ-ਇੰਟਰਨੈੱਟ 'ਤੇ ਪ੍ਰਧਾਨ ਮੰਤਰੀ ਨੂੰ ਕਿੱਥੇ ਖਤ ਲਿਖਣ ਤੇ ਕਦੋਂ ਤੱਕ ਉਨ੍ਹਾਂ ਦਾ ਜਵਾਬ ਉਡੀਕਣ? ਆਪਣੀ ਆਵਾਜ਼ ਸੁਣਾਉਣ ਲਈ ਜੇਕਰ ਉਹ ਸੜਕਾਂ 'ਤੇ ਜਾਂਦੇ ਹਨ ਤਾਂ ਜਿਹੜੀ ਕੁੱਟ, ਗੰਦੇ ਲਫਜ਼ਾਂ ਦਾ ਉਹ ਸਾਹਮਣਾ ਕਰਦੇ ਹਨ, ਇਹ ਬਾਤਾਂ ਉਹ ਕਿਸ ਕੋਲ ਪਾਉਣ?

ਦੇਸ਼ ਵਿੱਚ ਨਿਆਂ ਪ੍ਰਣਾਲੀ ਦੀ ਹਾਲਤ ਅਸਲੋਂ ਚਿੰਤਾ ਜਨਕ ਹੈ। ਸਵਾ ਤਿੰਨ ਕਰੋੜ ਕੇਸ ਵੱਖੋ-ਵੱਖਰੀਆਂ ਅਦਾਲਤਾਂ ਵਿੱਚ ਸੁਣਵਾਈ ਅਧੀਨ ਪਏ ਹਨ। ਦੇਸ਼ ਦੀਆਂ 24 ਹਾਈ ਕੋਰਟਾਂ ਹਨ। ਉਨ੍ਹਾਂ ਵਿੱਚ 478 ਜੱਜਾਂ ਦੀਆਂ ਆਸਾਮੀਆਂ ਖ਼ਾਲੀ ਹਨ। ਇਸ ਵੇਲੇ ਦਸ ਲੱਖ ਦੀ ਆਬਾਦੀ ਲਈ ਮਸਾਂ ਔਸਤਨ 10.5 ਜੱਜ ਨਿਆਂ ਦੇਣ ਲਈ ਉਪਲੱਬਧ ਹਨ, ਜਦੋਂ ਕਿ ਸਹੀ ਨਿਆਂ ਲਈ ਏਨੀ ਆਬਾਦੀ ਲਈ 50 ਜੱਜ ਹੋਣੇ ਚਾਹੀਦੇ ਹਨ। ਦੇਸ਼ ਵਿੱਚ ਕੁੱਲ 21598 ਜੱਜਾਂ ਦੀਆਂ ਆਸਾਮੀਆਂ ਹਨ, ਜਿਨ੍ਹਾਂ ਵਿੱਚੋਂ 20502 ਹੇਠਲੀਆਂ ਅਦਾਲਤਾਂ ਵਿੱਚ ਹਨ, ਜਦੋਂ ਕਿ 1065 ਹਾਈ ਕੋਰਟਾਂ ਵਿੱਚ ਅਤੇ 31 ਸੁਪਰੀਮ ਕੋਰਟ ਵਿੱਚ ਹਨ। ਸੁਪਰੀਮ ਕੋਰਟ 'ਚ 6 ਜੱਜਾਂ ਦੀਆਂ ਆਸਾਮੀਆਂ, ਜਦੋਂ ਕਿ ਹੇਠਲੀਆਂ ਅਦਾਲਤਾਂ 'ਚ 3989 ਜੱਜਾਂ ਦੀਆਂ ਨਿਯੁਕਤੀਆਂ ਨਹੀਂ ਹੋ ਰਹੀਆਂ।

ਨਿਆਂ ਪ੍ਰਣਾਲੀ 'ਚ ਲੋਕਾਂ ਦੀ ਮੰਦੀ ਹਾਲਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 31 ਦਸੰਬਰ 2015 ਤੱਕ ਦੇਸ਼ ਦੀਆਂ ਹਾਈ ਕੋਰਟਾਂ ਵਿੱਚ 38.76 ਲੱਖ ਕੇਸ ਪੈਂਡਿੰਗ ਸਨ, ਜਿਨ੍ਹਾਂ ਵਿੱਚ 20 ਫ਼ੀਸਦੀ, ਭਾਵ 7.45 ਲੱਖ ਕੇਸ 10 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਪੈਂਡਿੰਗ ਪਏ ਹਨ। ਹੇਠਲੀਆਂ ਅਦਾਲਤਾਂ ਵਿੱਚ 2.18 ਕਰੋੜ ਕੇਸ ਨਿਆਂ ਦੀ ਉਡੀਕ 'ਚ ਹਨ, ਜਿਨ੍ਹਾਂ ਵਿੱਚ 146 ਲੱਖ ਅਪਰਾਧਕ ਅਤੇ 72 ਲੱਖ ਸਿਵਲ ਕੇਸ ਹਨ। ਨਿਆਂ ਉਡੀਕਦੇ ਲੱਖਾਂ ਕੈਦੀ, ਤਰੀਕਾਂ-ਦਰ-ਤਰੀਕਾਂ ਭੁਗਤਦੇ, ਤੇ ਕਈ ਵਾਰ ਓਨੀ ਤੋਂ ਜ਼ਿਆਦਾ ਕੈਦ ਜੇਲ੍ਹੀਂ ਕੱਟ ਲੈਂਦੇ ਹਨ, ਜਿੰਨੀ ਉਨ੍ਹਾਂ ਨੂੰ ਅਪਰਾਧ ਲਈ ਲਿਖੀ ਹੋਣੀ ਹੁੰਦੀ ਹੈ। ਕੀ ਇਸ ਕਿਸਮ ਦੀ ਹੋਣੀ ਦਾ ਵਿਸਥਾਰ ਲਾਲ ਕਿਲ੍ਹੇ ਦੀਆਂ ਦੀਵਾਰਾਂ ਤੋਂ ਆਜ਼ਾਦੀ ਦੀ 70ਵੀਂ ਵਰ੍ਹੇਗੰਢ ਦੇ ਮੌਕੇ 'ਤੇ ਆਮ ਲੋਕਾਂ ਨੂੰ ਨਹੀਂ ਸੀ ਮਿਲਣਾ ਚਾਹੀਦਾ? ਕੀ ਦੇਸ਼ ਦਾ ਸੁੱਚਮ-ਸੁੱਚਾ ਪ੍ਰਧਾਨ ਮੰਤਰੀ ਦੇਸ਼ ਦੀ ਨਿਆਂ ਪ੍ਰਣਾਲੀ 'ਚ ਆ ਰਹੀ ਗਿਰਾਵਟ, ਕਈ ਹਾਲਤਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਤੋਂ ਜਾਣੂ ਨਹੀਂ? ਕੀ ਪ੍ਰਧਾਨ ਮੰਤਰੀ ਦੇਸ਼ ਦਾ ਥੰਮ੍ਹ ਗਿਣੀ ਜਾਂਦੀ ਨਿਆਂ ਪ੍ਰਣਾਲੀ ਸੰਬੰਧੀ ਆਪਣੇ ਮੁਖਾਰਬਿੰਦ 'ਚੋਂ ਕੋਈ ਸ਼ਬਦ ਬੋਲਣ ਦਾ, ਤੇ ਉਹ ਵੀ ਲਾਲ ਕਿਲ੍ਹੇ ਦੀ ਫਸੀਲ ਤੋਂ, ਹੌਸਲਾ ਨਹੀਂ ਰੱਖਦਾ?

ਦੇਸ਼ ਦਾ ਪ੍ਰਧਾਨ ਮੰਤਰੀ ਹਿੰਸਾ ਅਤੇ ਅੱਤਵਾਦ ਅੱਗੇ ਨਾ ਝੁਕਣ ਦੀ ਗੱਲ ਤਾਂ ਜ਼ੋਰ-ਸ਼ੋਰ ਨਾਲ ਕਰਦਾ ਹੈ, ਲੋਕਾਂ, ਖ਼ਾਸ ਕਰ ਕੇ ਨੌਜਵਾਨਾਂ, ਨੂੰ ਹਿੰਸਾ ਛੱਡਣ ਦੀ ਅਪੀਲ ਵੀ ਕਰਦਾ ਹੈ, ਨਿਰਦੋਸ਼ ਲੋਕਾਂ ਦੀ ਹੱਤਿਆ ਦੀ ਖੇਡੀ ਜਾ ਰਹੀ ਖੇਡ ਪ੍ਰਤੀ ਵੀ ਚਿੰਤਾ ਕਰਦਾ ਹੈ, ਦੇਸ਼ 'ਚ ਹੀ ਨਹੀਂ, ਗੁਆਂਢੀ ਦੇਸ਼ 'ਚ ਵੀ, ਪਰ ਦੇਸ਼ ਦੀਆਂ ਅਦਾਲਤਾਂ 'ਚ ਹੋ ਰਹੇ ਅਣਦਿੱਸਦੇ ਅਨਿਆਂ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਜਿਸ ਦੀ ਜ਼ਿੰਮੇਵਾਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਸਰਕਾਰ ਜਾਂ ਨੌਕਰਸ਼ਾਹੀ ਹੈ, ਦੀ ਗੱਲ ਕਿਉਂ ਨਹੀਂ ਕਰਦਾ?

ਜਾਂ ਉਸ ਮੁੱਢਲੇ ਅਧਿਕਾਰ ਦੀ ਗੱਲ ਕਿਉਂ ਨਹੀਂ ਕਰਦਾ, ਜਿਸ ਅਧੀਨ ਦੇਸ਼ ਦੇ ਹਰ ਨਾਗਰਿਕ ਨੂੰ ਰੋਟੀ, ਕੱਪੜਾ, ਮਕਾਨ, ਸਿੱਖਿਆ, ਚੰਗੀਆਂ ਸਿਹਤ ਸੁਵਿਧਾਵਾਂ ਦੇ ਨਾਲ-ਨਾਲ ਪੂਰਾ ਨਿਆਂ ਮਿਲਣ ਦੀ ਵਿਵਸਥਾ ਸੰਵਿਧਾਨ ਵਿੱਚ ਹੈ?

ਅਸਲ ਵਿੱਚ ਸੁਪਰੀਮ ਕੋਰਟ ਅਤੇ ਸਰਕਾਰ ਦੀ ਪਿਛਲੇ ਸਮੇਂ ਵਿੱਚ ਉੱਭਰੀ ਆਪਸੀ ਲੜਾਈ ਜੱਜਾਂ, ਖ਼ਾਸ ਕਰ ਕੇ ਉੱਚ ਅਦਾਲਤਾਂ ਵਿੱਚ ਜੱਜਾਂ, ਦੀਆਂ ਨਿਯੁਕਤੀਆਂ ਦੇ ਆੜੇ ਆ ਰਹੀ ਹੈ।

ਸੁਪਰੀਮ ਕੋਰਟ ਵੱਲੋਂ ਕਲੋਜੀਅਮ ਸਿਸਟਮ ਨੂੰ ਜੱਜਾਂ ਦੀ ਨਿਯੁਕਤੀ ਲਈ ਮੁੜ ਜੀਵਤ ਕੀਤਾ ਗਿਆ ਹੈ, ਜਿਸ ਦੀ ਸਿਫਾਰਸ਼ ਉੱਤੇ ਉੱਚ ਅਦਾਲਤ ਵਿੱਚ ਜੱਜਾਂ ਦੀ ਨਿਯੁਕਤੀ ਹੋਵੇਗੀ, ਪਰੰਤੂ ਕੇਂਦਰ ਸਰਕਾਰ ਆਪਣਾ ਇੱਕ ਮੈਮੋਰੰਡਮ ਆਫ਼ ਪ੍ਰੋਸੀਜ਼ਰ (ਐੱਮ ਓ ਪੀ) ਹਾਈ ਕੋਰਟ ਤੇ ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਲਈ ਲਾਗੂ ਕਰਨਾ ਚਾਹੁੰਦੀ ਹੈ, ਜਿਹੜਾ 1998 ਵਿੱਚ ਬਣਾਏ ਨੈਸ਼ਨਲ ਜੁਡੀਸ਼ੀਅਲ ਅਪੁਆਇੰਟਮੈਂਟ ਕਮਿਸ਼ਨ, ਜਿਸ ਵਿੱਚ ਜੁਡੀਸ਼ਰੀ ਹੀ ਜੱਜਾਂ ਦੀ ਨਿਯੁਕਤੀ ਕਰੇਗੀ, ਵਿੱਚ ਸਰਕਾਰ ਦਾ ਰੋਲ ਵਧਾਏਗਾ।

ਪਿਛਲਿਆਂ ਵਰ੍ਹਿਆਂ 'ਚ ਸੁਪਰੀਮ ਕੋਰਟ ਦਾ ਮੁੱਖ ਜੱਜ ਸੀਨੀਆਰਤਾ ਆਧਾਰਤ ਨਿਯੁਕਤ ਹੁੰਦਾ ਆਇਆ ਹੈ, ਪਰ ਮੌਜੂਦਾ ਸਰਕਾਰ ਇਸ ਨੂੰ ਬਦਲਣਾ ਚਾਹੁੰਦੀ ਹੈ। ਸਰਕਾਰ ਹਾਈ ਕੋਰਟ ਦੇ ਜੱਜਾਂ ਦੀਆਂ ਨਿਯੁਕਤੀਆਂ 'ਚ ਵੀ ਆਪਣੀ ਦਖ਼ਲ ਅੰਦਾਜ਼ੀ ਦੀ ਚਾਹਵਾਨ ਹੈ। ਇਸ ਵੇਲੇ ਕਲੋਜੀਅਮ ਹੀ ਆਪਣੇ ਬਣਨ ਵਾਲੇ ਜੱਜਾਂ ਦੀ ਨਿਯੁਕਤੀ ਲਈ ਸਿਫਾਰਸ਼ ਕਰਦਾ ਹੈ, ਪਰ ਸਰਕਾਰ ਐੱਮ ਓ ਪੀ ਰਾਹੀਂ ਚਾਹੁੰਦੀ ਹੈ ਕਿ ਹਾਈ ਕੋਰਟ ਦਾ ਹਰੇਕ ਜੱਜ ਐਡਵੋਕੇਟਾਂ ਜਾਂ ਜ਼ਿਲ੍ਹਾ ਜੱਜਾਂ ਵਿੱਚੋਂ ਚੰਗੇ ਸੂਝਵਾਨ ਜੱਜਾਂ ਦੀ ਨਿਯੁਕਤੀ ਲਈ ਸਿਫਾਰਸ਼ ਕਰੇ। ਉਪਰੰਤ ਦੋ ਮੈਂਬਰ ਕਲੋਜੀਅਮ ਵਿੱਚ ਸਰਕਾਰ ਦੀ ਪ੍ਰਤੀਨਿਧਤਾ ਕਰਨ। ਕੀ ਲਾਲ ਕਿਲ੍ਹੇ ਤੋਂ ਮੁਖਾਤਿਬ ਹੋ ਰਹੇ ਪ੍ਰਧਾਨ ਮੰਤਰੀ ਦਾ ਇਹ ਦੱਸਣਾ ਫਰਜ਼ ਨਹੀਂ ਸੀ ਕਿ ਨਿਆਂ ਲਈ ਚੀਕਦੇ ਲੋਕਾਂ ਦੀ ਫਰਿਆਦ ਸੁਣਨ ਲਈ ਉਹ ਵਿਹਲ ਕਦੋਂ ਕੱਢੇਗਾ, ਕਿਉਂਕਿ ਇਸ ਵਰ੍ਹੇ ਤਾਂ ਉਹ ਚੁੱਪ ਰਿਹਾ ਹੈ, ਆਮ ਲੋਕਾਂ ਦੀ ਇਨਸਾਫ ਪ੍ਰਾਪਤੀ ਲਈ ਪੁਕਾਰ ਉਸ ਦਾ ਧਿਆਨ ਨਹੀਂ ਖਿੱਚ ਸਕੀ, ਅਤੇ ਕਲੋਜੀਅਮ ਵੱਲੋਂ ਜੱਜਾਂ ਦੀ ਨਿਯੁਕਤੀ ਸੰਬੰਧੀ ਫਾਈਲ, ਜਿਸ ਉੱਤੇ ਸਰਕਾਰ ਨੇ ਸਹੀ ਪਾਉਣੀ ਹੈ, ਦੱਬੀ ਬੈਠੀ ਹੈ?

ਭਾਰਤੀ ਨਿਆਂ ਪ੍ਰਣਾਲੀ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਇਨਸਾਫ ਪ੍ਰਣਾਲੀਆਂ ਵਿੱਚੋਂ ਇੱਕ ਹੈ। ਭਾਰਤੀ ਨਿਆਂ ਪ੍ਰਬੰਧ ਸਾਂਝੇ ਨਿਆਂ ਪ੍ਰਬੰਧ ਅਨੁਸਾਰ ਚੱਲਦਾ ਹੈ, ਜਿਸ ਦਾ ਇੱਕ ਵੱਡਾ ਗੁਣ ਦੋਹਾਂ ਧਿਰਾਂ ਦੀਆਂ ਗੱਲਾਂ ਸੁਣ ਕੇ ਜੱਜ ਨੇ ਆਪਣੀ ਜਜਮੈਂਟ ਦੇਣਾ ਹੁੰਦਾ ਹੈ। ਭਾਰਤੀ ਨਿਆਂਇਕ ਪ੍ਰਬੰਧ ਬਿਨਾਂ ਸ਼ੱਕ ਬਹੁਤ ਸਾਰੀਆਂ ਗੰਭੀਰ ਊਣਤਾਈਆਂ ਤੇ ਸਮੱਸਿਆਵਾਂ ਵਿੱਚੋਂ ਲੰਘ ਰਿਹਾ ਹੈ, ਜਿਸ ਵਿੱਚ ਸੁਧਾਰਾਂ ਦੀ ਇਸ ਸਮੇਂ ਅਤਿਅੰਤ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਸਮੇਂ ਦੀ ਮੰਗ ਮੌਜੂਦਾ ਨਿਆਂਇਕ ਪ੍ਰਬੰਧ ਵਿੱਚ ਵੱਡੇ ਸੁਧਾਰਾਂ ਦੀ ਹੈ, ਤਾਂ ਕਿ ਆਮ ਆਦਮੀ ਨੂੰ ਦੇਸ਼ ਦੇ ਕਨੂੰਨ ਅਨੁਸਾਰ ਢੁਕਵਾਂ, ਸਮਾਂ-ਬੱਧ ਇਨਸਾਫ਼ ਮਿਲ ਸਕੇ, ਕਿਉਂਕਿ ਹਾਲੇ ਵੀ ਦੇਸ਼ ਦੇ ਆਮ ਲੋਕਾਂ ਵਿੱਚ ਸਰਕਾਰਾਂ ਨਾਲੋਂ ਅਦਾਲਤਾਂ ਉੱਤੇ ਭਰੋਸਾ ਵੱਧ ਬਣਿਆ ਹੋਇਆ ਹੈ। ਲਾਲ ਕਿਲ੍ਹੇ ਦੀ ਫਸੀਲ ਉੱਤੋਂ ਸਰਕਾਰ ਦੇ ਮੁਖੀ ਨੇ ਆਪਣਾ ਪੂਰਾ ਜ਼ੋਰ ਆਪਣੀ ਕਾਰਗੁਜ਼ਾਰੀ ਦਿਖਾਉਣ ਲਈ ਲਗਾਇਆ, ਹਜ਼ਾਰਾਂ ਸੱਜ-ਧੱਜ ਵਾਲੇ ਲੋਕ ਪ੍ਰਾਹੁਣੇ ਸਨ, ਹਰ ਮਿੰਟ-ਸਕਿੰਟ ਦੀ ਕਾਰਵਾਈ ਦੇਸ਼ ਦੇ ਕੋਨੇ-ਕੋਨੇ 'ਚ ਪਹੁੰਚੀ, ਦੇਸ਼ ਦਾ ਝੰਡਾ ਸ਼ਾਨੋ-ਸ਼ੌਕਤ ਨਾਲ ਝੁਲਾਇਆ ਗਿਆ, ਜਸ਼ਨ ਮਨਾਏ ਗਏ। ਦੂਜੇ ਪਾਸੇ ਦੇਸ਼ ਦਾ ਨਿਆਂ ਪ੍ਰਬੰਧ ਚਲਾਉਣ ਵਾਲਾ ਬਰਾਬਰ ਦਾ ਮੁਖੀ, ਸੁਪਰੀਮ ਕੋਰਟ ਦਾ ਮੁੱਖ ਜੱਜ, ਇਹ ਪੁਕਾਰ ਕਰਦਾ ਨਜ਼ਰ ਆਇਆ, 'ਸੋਚੋ ਕਿ ਆਮ ਲੋਕਾਂ ਨੂੰ ਨਿਆਂ ਕਿਵੇਂ ਦੇਣਾ ਹੈ'? ਹੁਣ ਜਦੋਂ ਦੂਜਿਆਂ ਉੱਤੇ ਸਰਕਾਰ ਵੱਲੋਂ ਫੁੱਲਾਂ-ਫਲਾਂ ਦੀ ਝੜੀ ਲਗਾ ਦਿੱਤੀ ਗਈ ਹੈ, 'ਰਤਾ ਦੇਸ ਦੀ ਨਿਆਂਇਕ ਪ੍ਰਣਾਲੀ ਵੱਲ ਵੀ ਨਜ਼ਰ ਸਵੱਲੀ ਕਰੇ'। ਦੇਸ਼ ਦੀ ਸੁਪਰੀਮ ਕੋਰਟ ਵਿੱਚ ਕਰਵਾਏ ਗਏ ਝੰਡਾ ਝੁਲਾਉਣ ਦੇ ਫੰਕਸ਼ਨ ਦੌਰਾਨ ਉਸ ਦੀ ਪੋਲ ਦੇ ਉੱਤੇ ਬੰਨ੍ਹੇ ਝੰਡੇ ਦੀ ਗੰਢ ਨਾ ਖੁੱਲ੍ਹੀ, ਜਿਸ ਦਾ ਵਿਖਿਆਨ ਕਰਦਿਆਂ ਮੁੱਖ ਜੱਜ ਨੇ ਆਮ ਆਦਮੀ ਦੇ ਦਿਲ ਦੀ ਗੱਲ ਆਖ ਦਿੱਤੀ; 'ਤਿਰੰਗੇ ਝੰਡੇ ਦੀ ਗੰਢ ਨਾ ਖੁੱਲ੍ਹੀ, ਅਸੀਂ ਪੋਲ ਪੁੱਟਿਆ, ਝੰਡੇ ਨੂੰ ਠੀਕ ਕੀਤਾ, ਮੁੜ ਗੱਡਿਆ ਅਤੇ ਅੰਤ ਤਿਰੰਗਾ ਝੁਲਾ ਦਿੱਤਾ'।

ਕੀ ਇਹ ਸਮਾਂ ਆ ਨਹੀਂ ਗਿਆ?

ਸੁਪਰੀਮ ਕੋਰਟ ਦੀ ਬਾਰ ਐਸੋਸੀਏਸ਼ਨ ਦੇ ਸਮਾਗਮ ਵਿੱਚ ਜਸਟਿਸ ਟੀ ਐੱਸ ਠਾਕੁਰ ਨੇ ਆਪਣੇ ਸੰਬੋਧਨ ਦੌਰਾਨ ਅਲਾਮਾ ਇਕਬਾਲ ਦਾ ਇਹ ਸ਼ੇਅਰ ਵੀ ਪੜ੍ਹਿਆ :

ਗੁਲ ਫੈਂਕੇ ਹੈਂ ਔਰੋਂ ਕੀ ਤਰਫ਼ ਬਲਕਿ ਸਮਰ ਭੀ
ਐ ਖਾਨਾ ਬਰ ਅੰਦਾਜ਼ਿ ਚਮਨ ਕੁਛ ਤੋ ਇਧਰ ਭੀ।

# ਵਿਅੰਗ/ ਤਾਸ਼ ਅਤੇ ਜ਼ੁਲਮ ਦਾ ਹੱਲ

ਪ੍ਰੋ. ਸੁਖਦੇਵ ਸਿੰਘ ਗਿੱਲ, ਸੈਕਰਾਮੈਂਟੋ
916-410-8740

"ਲੈ, ਹੁਣ ਹੋਊ ਭਾਰਤ ਵਿਚ ਹੋ ਰਹੇ ਜ਼ੁਲਮ ਦਾ ਅੰਤ"!

ਕਾਮਰੇਡ ਗਿਆਨ ਸਿੰਘ ਨੇ ਬੈਠਦੇ ਸਾਰ ਹੀ ਛੁਰਲੀ ਚਲਾ ਦਿੱਤੀ। ਪਿੰਡ ਦੀ ਸੱਥ ਵਿਚ ਬੈਠੀ ਢਾਣੀ ਤਾਸ਼ ਖੇਡ ਰਹੀ ਸੀ। ਜਿਵੇਂ ਹਨੇਰੇ ਕਮਰੇ ਵਿਚ ਕੋਈ ਬੈਟਰੀ ਦੀ ਫਲੈਸ਼ ਮਰ ਦੇਵੇ, ਸਾਰਿਆਂ ਦੇ ਦਿਮਾਗ ਵਿਚ ਰੌਸ਼ਨੀ ਦੀ ਇਕ ਲਿਸ਼ਕ ਵੱਜੀ।ਉਹ ਸਾਰੇ ਕਾਮਰੇਡ ਵੱਲ ਵੇਖਣ ਲੱਗੇ ਅਤੇ ਵਿਚੋਂ ਇਕ ਨਾਥਾ ਅਮਲੀ ਕਹਿੰਦਾ ਕਿਹੜੇ ਜ਼ੁਲਮ ਦੀ ਗੱਲ ਕਰਦੈਂ ਕਾਮਰੇਡਾ ਤੂੰ। ਸਾਰਿਆਂ ਨੇ ਤਾਸ਼ ਖੇਡਣੀ ਬੰਦ ਕਰ ਦਿੱਤੀ। ਰਾਮਦਾਸ ਮੈਂਬਰ ਇੱਕਦਮ ਅਮਲੀ 'ਤੇ ਗਰਜਿਆ, "ਓਏ ਤੈਨੂੰ ਹਾਲੇ ਪਤਾ ਨਹੀਂ ਲੱਗਿਆ। ਹਾਹਾਕਾਰ ਮੱਚੀ ਪਈ ਐ ਸਾਰੇ ਦੇਸ਼ ਵਿਚ। ਪਸ਼ੂਆਂ ਵਾਂਗੂੰ ਕੁੱਟੀ ਜਾਂਦੇ ਐ ਗਰੀਬ ਬੰਦਿਆਂ ਨੂੰ ਗੁੰਡੇ।'

ਜੀਤਾ ਨੰਬਰਦਾਰ ਬੋਲਿਆ, "ਭਾਈ ਗੱਲ ਬਹੁਤ ਮਾੜੀ ਹੋਈ ਐ। ਗਰੀਬਾਂ ਨਾਲ ਵਿਤਕਰੇ ਤਾਂ ਸਦੀਆਂ ਤੋਂ ਚੱਲੀ ਜਾਂਦੇ ਐ ਪਰ ਆਹ ਗੁਜਰਾਤ ਵਾਲੀ ਤਾਂ ਹੱਦ ਈ ਹੋਗੀ। ਗੁੰਡਿਆਂ ਨੇ ਗਰੀਬਾਂ ਦਾ ਤਾਂ ਜਿਊਣਾ ਹੀ ਦੁੱਭਰ ਕਰਤਾ।" ਕੋਲ ਬੈਠੇ ਇਕ ਖਾਲਸੇ ਤੋਂ ਵੀ ਰਿਹਾ ਨਾ ਗਿਆ, ਕਹਿੰਦਾ, "ਸਾਡੇ ਸਿੱਖਾਂ ਤੇ ਤਾਂ ਕਦੇ ਅੱਤਵਾਦੀ, ਕਦੇ ਵੱਖਵਾਦੀ ਦਾ ਬਹਾਨਾ ਬਣਾ ਕੇ ਬਥੇਰਾ ਜੁਲਮ ਹੋਇਐ। ਫੌਜਾਂ ਵੀ ਚਾੜ੍ਹੀਆਂ ਗਈਆਂ ਨੇ। ਬੰਦੇ ਮਰਨ ਦਾ ਹਿਸਾਬ ਈ ਕੋਈ ਨਹੀਂ। ਪਰ ਆਹ ਜਿਹਨਾਂ ਨੂੰ ਇਹ ਦਲਿਤ ਕਹਿੰਦੇ ਐ, ਇਹ ਤਾਂ ਭਾਰਤ ਦੇ ਆਦਿ ਕਾਲ ਦੋਂ ਬਸਿੰਦੇ ਐ, ਸ਼ਾਂਤਮਈ ਤੇ ਕਿਰਤ ਕਰਨ ਵਾਲੇ। ਕਦੇ ਹਥਿਆਰ ਨਹੀਂ ਚੁੱਕੇ, ਕਦੇ ਵੱਖਰੇ ਦੇਸ਼ ਦੀ ਮੰਗ ਨਹੀਂ ਕੀਤੀ। ਇਹਨਾਂ ਦੀ ਭਲਮਾਣਸੀ ਨੂੰ ਕਮਜ਼ੋਰੀ ਸਮਝ ਰਹੇ ਐ ਗੁੰਡੇ ਅਤੇ ਉਹਨਾਂ ਨੂੰ ਪਾਲਣ ਵਾਲੇ।"

ਰਾਮਦਾਸ ਮੈਂਬਰ ਗੱਚ ਭਰ ਕੇ ਬੋਲਿਆ, ਇਸ ਸਾਲ ਦੇ ਅੰਦਰ ਤਾਂ ਅਨੇਕਾਂ ਕੇਸ ਹੋਗੇ। ਰੋਹਿਤ ਵੇਮੁੱਲਾ, ਅਖਲਾਕ ਤੇ ਹੋਰ ਕੁੱਟ ਕੁੱਟ ਕੇ ਮਾਰੇ ਜਾਣ ਵਾਲੇ ਅਤੇ ਬਲਾਤਕਾਰਾਂ ਵਰਗੇ। ਆਹ ਗੁਜਰਾਤ ਵਾਲਾ ਤਾਂ... ਉਸਤੋਂ ਅੱਗੇ ਬੋਲ ਨਾ ਹੋਇਆ ਤੇ ਰੋ ਪਿਆ।

ਹੁਣ ਕਾਮਰੇਡ ਵੀ ਫਿੱਸ ਪਿਆ, "ਅਸੀਂ ਵੀ ਹੁਣ ਤੱਕ ਵਰਤੇ ਗਏ। ਸਾਨੂੰ ਹਿੜਾ ਦੱਖੂਦਾਣੇ ਦਿੰਦੇ ਐ, ਔਹ ਦਿੱਲੀ ਵਾਲਾ ਕੇਸ ਦੇਖ ਲਓ। ਪਰ ਇਕ ਗੱਲ ਤਾਂ ਅਸੀਂ ਪਿੱਟਦੇ ਰਹੇ ਆਂ ਕਿ ਜਾਤੀਵਾਦ ਅਤੇ ਫਿਰਕਾਪ੍ਰਸਤੀ ਬਹੁਤ ਬੁਰੀ ਚੀਜ਼ ਐ। ਮਨੁੱਖਤਾ ਦੀ ਦੁਸ਼ਮਣ ਅਤੇ ਦੇਸ਼ ਲਈ ਹਾਨੀਕਾਰਕ।"

ਜੀਤੇ ਨੰਬਰਦਾਰ ਨੇ ਗੱਲ ਨੂੰ ਮੋੜਾ ਦਿੱਤਾ, ਬਈ ਨਾਮ ਨਹੀਂ ਪਤਾ, ਪਰ ਉਹ ਮੁੰਡਾ ਜਿਹੜਾ ਗੁਜਰਾਤ ਰੈਲੀ ਵਿਚ ਬੋਲਿਆ, ਕਮਾਲ ਕਰਤੀ। ਬੱਬਰ ਸ਼ੇਰ ਨੇ ਹਾਕਮਾਂ ਨੂੰ ਖਰੀਆਂ ਖਰੀਆਂ ਸੁਣਾਈਆਂ। ਸਾਥੀਆਂ ਨੇ ਵੀ ਬਿਨਾਂ ਡਰ ਦੇ ਕੰਮ ਕੀਤੇ, ਲਲਕਾਰ ਕੇ। ਇਕ ਵਾਰੀ ਤਾਂ ਇਉਂ ਲੱਗਿਆ ਬਈ ਗੁਲਾਮੀ ਚੱਕਤੀ।"

ਖਾਲਸਾ ਬੋਲਿਆ,

"ਉਥੇ ਲੋਕ ਏਕਤਾ ਨੇ ਕੰਮ ਕੀਤੈ।
ਆਪਣਾ ਬਚਾਅ ਹੋਊ ਹੀ ਇਸ ਤਰ੍ਹਾਂ।"

ਜਿਵੇਂ ਕਿਸੇ ਨੇ ਥਾਪੀ ਦੇ ਦਿੱਤੀ ਹੋਵੇ, ਕਾਮਰੇਡ ਗਿਆਨ ਸਿੰਘ ਪੂਰੇ ਜੋਸ਼ ਨਾਲ ਬੋਲਿਆ,

ਆਹ ਕਰੀ ਨਾ ਖਾਲਸੇ ਨੇ ਸਿੱਕੇਬੰਦ ਗੱਲ।"

"ਤੁਸੀਂ ਰੋਜ਼ ਤਾਸ਼ ਖੇਡਦੇ ਓ। ਲੈ ਇਹੀ ਗੱਲ ਕਰ ਲੈਂਦੇ ਆਂ। ਕਹਿੰਦੇ ਆਹ ਹੈ ਹੁਕਮ ਦੀ ਭੰਗੋ। ਬਾਕੀ ਇੱਟ, ਚਿੜ੍ਹੀ ਤੇ ਪਾਨ ਰੰਗ। ਇਹ ਤਾਸ਼ ਇਕ ਗੋਰੇ ਨੇ ਬਣਾਈ ਐ। ਬੜਾ ਬੁੱਧੀਮਾਨ ਸੀ ਉਹ। ਹੁਕਮ ਹੁਕਮ ਚਲਾਉਂਦੀ ਜਮਾਤ ਹੈ ਅਤੇ ਆਪਾਂ ਇੱਟ, ਚਿੜ੍ਹੀ ਅਤੇ ਪਾਨ। ਆਪਾਂ ਨੂੰ ਧਰਮ ਅਤੇ ਜਾਤ ਦੇ ਨਾਂ ਤੇ ਲੜਾਈ ਜਾਂਦੇ ਐ। ਪਾਨ ਦਾ ਦਹਿਲਾ ਇੱਟ ਦੇ ਅੱਠੇ ਨੂੰ ਕੁੱਟ ਸਕਦੈ। ਇੱਟ ਦੀ ਪੰਜੀ ਚਿੜ੍ਹੀ ਦੀ ਤਿੱਕੀ ਨੂੰ। ਜਿਸਦਾ ਰੰਗ ਨਿੱਕਲਿਐ, ਉਹ ਹਾਕਮ ਹੈ। ਉਹਦੀ ਦੁੱਕੀ ਵੀ ਤੁਹਾਡੇ ਗੋਲੇ, ਬੇਗੀ ਨੂੰ ਕੱਟ ਸਕਦੀ ਹੈ।" ਸਮਝਗੇ ਕਿ ਨਹੀਂ। ਪਰ ਤਾਸ਼ ਵਿਚ ਬਾਦਸ਼ਾਹ ਵੀ ਹੁੰਦੈ। ਦੱਸੋ ਬਾਦਸ਼ਾਹ ਨੂੰ ਕੁੱਟ ਕੌਣ ਸਕਦੈ? -ਅਖੇ ਯੱਕਾ। ਸਮਝੋ ਉਸਨੇ ਇਕ ਤੋਂ ਦਸ ਤੱਕ ਜਾਤਾਂ ਰੱਖੀਆਂ ਨੇ। ਹੇਠਲੀਆਂ ਨੌਂ ਕਿਸਮਾਂ ਨੂੰ ਮਿਲਾ ਕੇ ਯਾਨਿ ਉਹਨਾਂ ਦੇ ਏਕੇ (ਏਕਤਾ) ਨਾਲ ਬਣਦੀ ਹੈ ਯੱਕਾ। ਸੋ ਯੱਕਾ ਮਤਲਬ ਏਕਾ (ਏਕਤਾ)। ਸਮਝ ਆਈ ਗੱਲ।

ਜੇ ਆਪਾਂ ਜੁਲਮ ਝੱਲਣ ਵਾਲੇ ਲੋਕ ਏਕਾ ਕਰ ਲਈਏ ਤਾਂ ਬਾਦਸ਼ਾਹ ਨੂੰ ਵੀ ਕੁੱਟ ਸਕਦੇ ਆਂ। ਫਿਰ ਦੁੱਕੀ ਤਿੱਕੀ ਦੀ ਤਾਂ ਕੀ ਜੁੱਰਅਤ ਐ।"

"ਗੱਲ ਤਾਂ ਤੇਰੀ ਠੀਕ ਐ" ਕਹਿ ਕੇ ਸਭਨੇ ਹਾਮੀ ਭਰ ਦਿੱਤੀ।ਸੱਥ ਸਮਾਪਤ ਹੋਈ। ਸਾਰੇ ਬੜੇ ਉਤਸ਼ਾਹ ਨਾਲ ਘਰਾਂ ਨੂੰ ਜਾ ਰਹੇ ਸਨ ਜਿਵੇਂ ਜ਼ੁਲਮ ਦਾ ਅੰਤ ਕਰ ਹੀ ਦਿੱਤਾ ਹੋਵੇ।

# ਦਿਲ ਨੇ ਤੋ ਦਿਯਾ ਸਾਥ!



ਗੁਰਦਿਆਲ ਸਿੰਘ
ਨਾਵਲਕਾਰ
01635-233434

(ਪੰਜਾਬੀ ਗਲਪ ਦਾ ਧਰੂਤਾਰਾ ਟੁਟ ਕੇ ਸਾਹਿਤਕ ਅਸਮਾਨ ਵਿਚ ਰੌਸ਼ਨੀ ਦੀ ਲੰਮੀ ਲੀਕ ਛੱਡ ਗਿਆ। ਪੰਜਾਬੀ ਦੇ ਸਮੁੱਚੇ ਸਾਹਿਤਕ-ਸੰਸਾਰ ਦੇ ਨਾਲ-ਨਾਲ ਗੁਰਦਿਆਲ ਸਿੰਘ ਹੁਰਾਂ ਦਾ ਤੁਰਜਾਣਾ ਮੇਰੇ ਲਈ ਨਿੱਜੀ ਘਾਟਾ ਵੀ ਹੈ। ਉਹਨਾਂ ਦੀ 'ਸੀਰਤ' ਵਿਚ ਛਪੀ ਇਕ ਲਿਖਤ ਤੁਹਾਡੀ ਨਜ਼ਰ ਹੈ।)

-'ਸੀਰਤ' ਦਾ ਅੰਕ 29 ਅੱਜ ਹੀ ਮਿਲਿਆ ਹੈ। ਵਰਿਆਮ ਸੰਧੂ ਦੇ ਕਹਿਣ 'ਤੇ ਇਕ ਲੇਖ ਕਈ ਮਹੀਨੇ ਪਹਿਲਾਂ ਬਲਵਿੰਦਰ ਗਰੇਵਾਲ ਨੂੰ ਭੇਜਿਆ ਸੀ। ਉਹਨੇ ਦੋ-ਤਿੰਨ ਮਹੀਨੇ ਬਾਦ ਇਹ ਕਹਿਕੇ ਵਾਪਸ ਭੇਜ ਦਿੱਤਾ ਕਿ ਕੁਝ ਕਾਰਨ ਕਰਕੇ ਸੀਰਤਦਾ ਪ੍ਰਕਾਸ਼ਨ ਬੰਦ ਹੋ ਗਿਆ। ਉਦੋਂ ਤਕ ਮੇਰੇ ਕੋ.ਲ ਸ਼ਾਇਦ 12-14 ਅੰਕ ਆ ਚੁੱਕੇ ਸਨ। ਉਸਮਗਰੋਂ ਕੋਈ ਅੰਕ ਨਹੀਂ ਮਿਲਿਆ। ਇਹੋ ਮਿਲਿਆ ਹੈ - ਅੰਕ 29।

ਵਰਿਆਮ ਸੰਧੂ ਤੇ ਸੁਪਨ ਨਾਲ ਫੋਨ ਤੇ ਸੰਪਰਕ ਕਦੇ ਨਹੀਂ ਹੋ ਸਕਿਆ। ਕਾਰਨ ਮੇਰੀ ਫੋਨ ਨਾ ਕਰ ਸਕਣ ਦੀ ਸੁਸਤੀ ਤਾਂਹੈ ਹੀ ਸੰਧੂ ਦੇ ਰੁਝੇਵੇਂ ਵੀ ਹੋ ਸਕਦੇ ਹਨ ਕਿ ਉਹਨੇ ਵੀ ਨਹੀਂ ਦੱਸਿਆ ਕਿ 'ਸੀਰਤ' ਦੇ 28 ਅੰਕ ਛੱਪ ਚੁੱਕੇ ਹਨ। ਪਹਿਲਾਂ 'ਸੁਖਨ ਸੁਰਜੀਤ ਪਾਤਰ ਦੇ' ਹੀ ਪੜ੍ਹਦਾ ਹਾਂ। ਇਸ ਅੰਕ ਵਿਚ ਉਹਨੇ ਕੀਟਸ ਦੀ ਬੇਵਕਤ ਮੌਤ ਬਾਰੇ ਇੱਕ ਪੰਨੇਂ ਵਿਚ ਹੀ ਬਹੁਤ ਕੁਝ ਕਹਿ ਦਿੱਤਾਹੈ। ਬਾਇਰਨ ਤੇ ਆਪਣੇ ਬਾਰੇ ਵੀ ਦੱਸ ਦਿੱਤਾ ਕਿ ਉਹ ਮਾੜੇ ਮਾਹੌਲ ਵਿਚ ਵੀ ਜਿਉਂਦੇ ਰਹੇਪਰ ਕੀਟਸ ਵਰਗਾ ਬਹੁਤ ਵੱਡਾ ਕਵੀ ਇਕ ਲੇਖ ਨੇ ਮਾਰ ਦਿੱਤਾ (ਉਂਝ ਜਿਸ ਰਸਾਲੇ ਦਾ ਪਾਤਰ ਨੇਜ਼ਿਕਰ ਕੀਤਾ ਹੈ ਉਹ ਸ਼ੁਰੂ ਤੋਂ ਕੀਟਸ ਦੇ ਖਿਲਾਫ ਲਿਖਦਾ ਰਿਹਾ ਸੀ)। ਇਹੋ ਪੜ੍ਹ ਕੇ ਜੋਮਨ ਵਿਚ ਆਇਆ ਉਹੋ (ਤੱਤੇ ਘਾਅ) ਸੰਖੇਪ ਵਿਚ ਲਿਖ ਰਿਹਾ ਹਾਂ।

ਮੈਨੂੰ ਯਾਦ ਹੈ ਜਦੋਂ 45 ਸਾਲ, ਪਹਿਲਾਂ 'ਮੜ੍ਹੀ ਦਾ ਦੀਵਾ' ਛਪਿਆ ਸੀ, ਅਤਰ ਸਿੰਘ ਨੇ ਅੰਗਰੇਜ਼ੀ ਟ੍ਰਿਬਿਊਨ ਅਖਬਾਰ ਵਿਚ ਆਰਟੀਕਲ ਲਿਖਿਆ (ਨਾਵਲ ਦੇ ਛਪਣ ਤੋਂ ਮਹੀਨੇ ਡੇਢ ਅੰਦਰ)। ਸਿਰਲੇਖ ਸੀ 'ਏ ਰੀਮਾਰਕੇਬਲ ਨਾਵਲ।' ਉਹਦੇ ਲੇਖ ਨੇ ਜੋ ਚਰਚਾ ਛੇੜੀ ਉਹ ਅੱਜ ਤਕ ਵੀ ਜਾਰੀ ਹੈ। ਅਤਰ ਸਿੰਘ ਝੱਲਿਆਂ ਵਾਂਗ ਨਾਵਲ ਦੀਆਂ ਕਈ ਕਾਪੀਆਂ ਖਰੀਦ ਕੇ, ਵੱਡੇ ਲੇਖਕਾਂ, ਆਲੋਚਕਾਂ ਨੂੰ ਪੜ੍ਹਾਉਂਦਾ ਫਿਰਿਆ। ਪ੍ਰੋ ਗੁਰਬਚਨ ਸਿੰਘ ਤਾਲਿਬ ਉਦੋਂ ਕੁਰੂਕਸ਼ੇਤਰ ਯੂਨੀਵਰਸਿਟੀ ਦੇਅੰਗਰੇਜ਼ੀ ਵਿਭਾਗ ਦੇ ਮੁਖੀ ਸਨ। ਉਹਨਾਂ ਨੂੰ ਆਪ ਜਾ ਕੇ ਪੜ੍ਹ ਕੇ ਸੁਣਾਇਆ। (ਪਟਿਆਲੇ ਦੇ 'ਭੂਤ ਵਾੜੇ' ਵਾਲਿਆਂ ਨੇ 'ਜਗਰਾਤਾ' ਰਖ ਕੇ ਪੜ੍ਹਿਆ, ਸੁਣਿਆ।) ਪਰ ਤਿੰਨ (ਦੋ ਵੱਡੇ) ਲੇਖਕ ਅਜਿਹੇ ਸਨ ਜਿਨ੍ਹਾਂ ਨੇ ਉਸਨੂੰ ਏਥੋਂ ਤਕ ਵੀ ਕਿਹਾ ਕਿ, 'ਪਿੰਡਾਂ ਵਿਚ ਜਾਂ ਕਣਕਹੁੰਦੀ ਹੈ ਜਾਂ ਜੱਟ। ਇਸ ਵਿਚ ਦੋਵੇਂ ਨਹੀਂ, ਫੇਰ ਤੂੰ ਇਹ ਕਿਧਰਲਾ 'ਰੀਮਾਰਕੇਬਲ' ਨਾਵਲ-ਬਣਾ ਧਰਿਆ?' ਉਹ ਬਹੁਤ ਦੁਖੀ ਹੋਇਆ। ਮੈਨੂੰ ਵੀ ਉਹਨੇ ਆਪਣਾ ਦੁੱਖ ਦੱਸਿਆ। ਸੁਣ ਕੇ ਮਨਤਾਂ ਦੁੱਖੀ ਹੋਇਆ ਪਰ ਮੈਂ ਮਰਨ ਬਾਰੇ ਤਾਂ 45 ਸਾਲ ਬਾਦ ਵੀ ਕਦੇ ਨਹੀਂ ਸੋਚਿਆ।

ਇਕਹੋਰ ਘਟਨਾ ਵਾਪਰੀ। ਡਾ ਹਰਿਭਜਨ ਸਿੰਘ ਵਰਗੇ ਵੱਡੇ ਚਿੰਤਿਕ, ਕਵੀ, ਵਿਦਵਾਨ ਨੂੰ ਮੈਂ ਤਿੰਨ ਸੈਮੀਨਰਾਂ ਵਿਚ ਇਹ ਟਿੱਪਣੀ ਕਰਦਿਆਂ ਸੁਣਿਆਂ ਕਿ ਇਸ ਨਾਵਲ ਵਿਚ ਮਲਵਈ ਦੀ ਬੇਲੋੜੀ ਵਰਤੋਂ ਕਰਕੇ ਕੇਂਦਰੀ ਭਾਸ਼ਾ ਵਿਗਾੜੀ ਗਈ ਹੈ। ਉਹਨਾਂ ਦੇ ਸ਼ਬਦ ਹੁੰਦੇ ਸਨ, 'ਮੈਂ ਇਹ ਨਹੀਂ ਕਹਿੰਦਾ ਕਿ ਇਹ ਪਾਤਰਾਂ ਦੀ ਵਾਰਤਾਲਾਪ ਵਿਚ ਮਲਵਈ ਨਾ ਵਰਤੇ। ਪਰ ਇਹ ਡਿਸਕ੍ਰਿਪਸ਼ਨ ਵਿਚ ਮਲਵਈ ਕਿਉਂ ਵਰਤਦਾ ਹੈ?' ਮੈਂ ਤਿੰਨੇਂ ਵਾਰ ਇਸ ਗੱਲੋਂ ਹੈਰਾਨ ਸਾਂ ਕਿ ਉਹਨਾਂ ਨੇ ਨਾਵਲ ਦੇ ਵਿਸ਼ੈ-ਵਸਤੂ, ਪਾਤਰਾਂ ਜਾਂ ਘਟਨਾਵਾਂ ਬਾਰੇ ਕਦੇ ਇੱਕ ਵੀ ਸ਼ਬਦ ਨਾ ਬੋਲਿਆ ਨਾ ਲਿਖਿਆ। ਤੀਜੇ ਸੈਮੀਨਰ ਸਮੇਂ ਜਦੋਂ ਚਾਹ ਪੀਣ ਲਈ ਗਏ ਤਾਂ ਮੈਂ ਨਿਮਰਤਾ ਨਾ.ਲ ਉਹਨਾਂ ਨੂੰ ਪੁੱਛਿਆ, 'ਡਾ ਸਾਹਬ ਮੇਰਾ ਥੋਡਾ ਕੋਈ ਮੁਕਾਬਲਾ ਨਹੀਂ। ਤੁਸੀ ਵੱਡੇ ਵਿਦਵਾਨ ਹੋ। ਪ੍ਰਸਿਧ ਕਵੀ ਹੋ। ਕੁਸ਼ਲ ਅਧਿਆਪਕ ਹੋ। ਪਰ ਮੈਂ ਨਿਮਰਤਾ ਨਾ.ਲ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਲਵਈ ਦੇ ਨਾਵਲ ਵਿਚ ਵਰਤੇ ਪੰਜ ਸ਼ਬਦ ਦੱਸ ਸਕਦੇ 'ਜਿਨ੍ਹਾਂ ਕਾਰਨ ਕੇਂਦਰੀ ਭਾਸ਼ਾ ਵਿਚ ਵਿਗਾੜਪੈਦਾ ਹੋ ਗਿਆ ਹੋਵੇ?'

"ਕਈ ਨੇ। ਬਹੁਤ ਨੇ।" ਉਹਨਾਂ ਦਾ ਉੱਤਰ ਸੀ।"

"ਮੈਂ ਕਈ ਨਹੀਂ ਸਿਰਫ ਪੰਜ ਸ਼ਬਦ ਪੁੱਛ ਰਿਹਾ ਹਾਂ।"

"ਮਿਸਾਲ ਵਜੋਂ ਸ਼ਬਦ ਕੁੱਜਾ ਕਿਉਂ ਵਰਤਦਾ ਏਂ?"

"ਕੀ ਇਹਦੀ ਥਾਂ ਕੇਂਦਰੀ ਭਾਸ਼ਾ ਵਿਚ ਕੋਈ ਸ਼ਬਦ ਦੱਸ ਸਕਦੇ ਓ?"

"ਹਾਂ। ਜਿਵੇਂ ਹਾਂਡੀ।"

"ਹਾਂਡੀ ਕੁੱਜਾ ਨਹੀਂ ਹੁੰਦੀ।"

ਉਹਨਾਂ ਸ਼ਾਇਦ ਦੋ ਸ਼ਬਦ ਹੋਰ ਦੱਸੇ ਜਿਨ੍ਹਾਂ ਦਾ ਕੁੱਜੇ ਨਾ.ਲ ਦੂਰ ਦਾ ਵੀ ਵਾਸਤਾ ਨਹੀਸੀ। ਮੈਂ ਪਹਿਲਾਂ ਵਾਂਗ ਈ ਨਿਮਰਤਾ ਨਾ.ਲ ਕਿਹਾ, "ਡਾ ਸਾਹਬ ਮੇਰੀ ਗੁਸਤਾਖ਼ੀ ਮਾਫ ਕਰਦੇਣਾ, ਪਰ ਇਹ ਸ਼ਬਦ ਅਰਬੀ ਭਾਸ਼ਾ ਦੇ 'ਕੂਜ਼ੇ' ਸ਼ਬਦ ਤੋਂ ਬਣਿਐਂ। ਹਲਵਾਈ ਮਿਸ਼ਰੀ ਦੇ ਕੂਜ਼ੇਵੀ ਬਣਾਉਂਦੇ ਐ। ਮਾਲਵੇ ਵਿਚ ਦੀਵਾਲੀ ਦੇ ਨੇੜੇ ਔਰਤਾਂ 'ਕਰੂਏ ਦਾ ਵਰਤ' ਰਖਦੀਐ। ਸਾਰਾਦਿਨ ਪਾਣੀ ਵੀ ਨਹੀਂ ਪੀਂਦੀਆਂ। ਸ਼ਾਮ ਨੂੰ ਗੜਵੀ ਨਾਲੋਂ ਵੀ ਛੋਟੇ, ਗੜਵੀ ਜਿਹੇ, ਘੁਮਿਆਰਾਂ ਦੇ ਬਣਾਏ ਕੋਰੇ ਕੁੱਜੇ ਦੇ ਗ.ਲ ਦੁਆਲੇ ਖੰਮਣੀ ਬੰਨ੍ਹ ਕੇ ਉਹਦੇ ਛੋਟੇ ਚੱਪਣਉਤੇ ਬ੍ਰਾਹਮਣੀ ਦੇ ਦੱਸੇ ਅਨੁਸਾਰ, ਚੌਲ, ਸੰਧੂਰ ਆਦਿ ਰੱਖ ਕੇ, ਪਤੀਵਰਤਾ ਇਸਤਰੀ ਦੀਕਹਾਣੀ ਸੁਣਦੀਐਂ। ਉਸ ਮਗਰੋਂ ਉਸਨੂੰ ਘਰ ਦੇ ਕਿਸੇ ਆ.ਲੇ ਵਿਚ ਸੰਭਾ.ਲ ਲੈਂਦੀਐਂ।

ਸੂਈ, ਧਾਗੇ ਜਾਂ ਬਟਣ ਆਦਿ ਰੱਖਣ ਲਈ ਉਸ ਕੁੱਜੇ ਨੂੰ ਵਰਤਦੀਐਂ। ਮੈਂ ਜਿਸ ਮਾਹੌਲ ਵਿਚ ਜੰਮਿਆਂਪਲ਼ਿਆ ਉਸੇ ਅਨੁਭਵ ਦੇ ਆਧਾਰ 'ਤੇ ਉਹ ਸ਼ਬਦ ਵਰਤਦੈਂ ਜਿੰਨ੍ਹਾਂ ਲਈ ਕੇਂਦਰੀ ਪੰਜਾਬੀ ਵਿਚਸ਼ਬਦ ਨਹੀਂ ਮਿਲਦੇ ਜਾਂ ਮੈਨੂੰ ਲਿਖਦਿਆਂ ਸੁਝਦੇ ਨਹੀਂ। ਕੀ ਇਸ ਨਾ.ਲ ਭਾਸ਼ਾ ਵਿਗੜਦੀ ਹੈਜਾਂ ਸਮ੍ਰਿਧ ਹੁੰਦੀ ਐ? ਮਿਸਾਲ ਵਜੋਂ 'ਹੈ' ਦੀ ਥਾਂ ਮੈਂ ਜਾਣ-ਬੁਝ ਕੇ 'ਐ' ਵਰਤਦੈਂ ਕਿਉਂਕਿ ਹੈ ਉਰਦੂ ਭਾਸ਼ਾ ਦਾ ਸ਼ਬਦ ਐ। ਪੰਜਾਬ ਵਿਚ ਕਿਧਰੇ ਨਹੀਂ ਬੋਲਿਆ ਜਾਂਦਾ। ਮਾਝੇ ਵਿਚਵੀ 'ਏ' ਵਰਤਿਆ ਜਾਂਦੈ। ਫਿਰ ਇਹਨੂੰ ਤੁਸੀਂ ਗ਼ਲਤ ਕਹੋਗੇ?"

ਸਾਡੀ ਇਸ ਮੁਲਾਕਾਤ ਮਗਰੋਂ ਉਹਨਾਂ ਨੂੰ ਘੱਟੋ-ਘੱਟ ਮੈਂ ਕਦੇ ਮਲਵਈ ਦੇ ਸ਼ਬਦਾਂ ਬਾਰੇ ਕੁਝ ਕਹਿੰਦਿਆਂ ਨਹੀਂ ਸੀ ਸੁਣਿਆਂ। (ਉਹ ਤਾਂ ਕਈ ਵਰ੍ਹੇ ਪਹਿਲਾਂ ਤੁਰ ਗਏ, ਇਸ ਲਈ ਮੇਰੀ ਇਸ ਮੁਲਾਕਾਤ 'ਤੇ ਕੋਈ ਵੀ ਇਤਰਾਜ ਕਰ ਸਕਦਾ ਹੈ, ਪਰ ਇਸ ਨਾ.ਲ ਕੋਈ ਕੋਫ਼ਤ ਮਹਿਸੂਸ ਨਹੀਂ ਹੁੰਦੀ।)

ਇਸੇ ਨਾਵਲ ਨੂੰ 1965 ਵਿਚ ਸਾਡੇ ਪਹਿਲੇ ਮਹਾਨ ਨਾਵਲਕਾਰ ਨਾਨਕ ਸਿੰਘ ਦੇ ਨਾਵਲ (ਸ਼ਾਇਦ 'ਇਕ ਮਿਆਨਦੋ ਤਲਵਾਰਾਂ' ਸੀ) ਨਾ.ਲ ਭਾਸ਼ਾ ਵਿਭਾਗ ਨੇ ਸਾਂਝਾ ਇਨਾਮ ਦਿੱਤਾ। ਅਗਲੇ ਸਾਲ ਹੀ 'ਅਣਹੋਏ' ਨਾਵਲ ਨੂੰ ਤੇ 1967 ਵਿਚ ਇਕ ਕਹਾਣੀ-ਸੰਗ੍ਰਹਿ ਨੂੰ ਵੀ ਮਿਲ ਗਿਆ। ਭਾਸ਼ਾ ਵਿਭਾਗ ਦੀਸਲਾਹਕਾਰ ਕਮੇਟੀ ਵਿਚ ਕੁਝ ਲੇਖਕਾਂ ਨੇ ਇਹਨੂੰ ਬਦਦਿਆਨਤੀ ਦੱਸ ਕੇ ਮਤਾ ਪਾਸ ਕਰਵਾਇਆ ਕਿ ਅੱਗੋਂ, ਦੋ ਵਾਰੀ ਤੋਂ ਵਧੇਰੇ, ਕਿਸੇ ਲੇਖਕ ਦੀ ਕਿਤਾਬ ਨੂੰ ਤੀਜੀ ਵਾਰ ਪੁਰਸਕਾਰ ਨਹੀਂ ਦਿੱਤਾ ਜਾਏਗਾ। (ਪਰ ਪੁਰਸਕਾਰ ਤਾਂ ਫੇਰ ਵੀ ਮਿਲਦੇ ਰਹੇ, ਅਜਿਹੇ ਸੱਜਣ-ਮਿੱਤਰ ਅੱਜ ਤਕ ਵੀ ਊਝਾਂ ਲਾਉਂਦੇ ਆ ਰਹੇ ਐ। ਬੈਠਾ ਵੀ ਅਜਿਹੀ ਥਾਂ ਹਾਂ ਜਿਥੇ 'ਕੰਨੀਂ ਬੁੱਜੇ' ਦੇਣ ਦੀਵੀ ਲੋੜ ਨਹੀਂ ਪਰ ਖ਼ਬਰਾਂ ਤਾਂ ਹਵਾ ਵੀ ਲੈ ਆਉਂਦੀ ਐ। ਇੱਕ ਗੱਲ ਮੇਰੇ ਜ਼ਹੀਨ ਦਾਮਾਦ (ਜੋ ਪੀ ਸੀ ਐਸ ਅਧਿਕਾਰੀ ਸੀ) ਨੇ ਭਰ ਜਵਾਨੀ ਵਿਚ ਉਦੋਂ ਕਹੀ ਸੀ ਜਦੋਂ ਉਹਨੂੰ ਤੇ ਮੈਨੂੰ ਵੀਪਤਾ ਸੀ ਕਿ 'ਤਿ.ਲ ਥੋਰੜੇ' ਰਹਿ ਗਏ ਸੀ। ਉਹਨੇ ਕਿਹਾ ਸੀ, 'ਫਿਕਰ ਨਾ ਕਰਿਆ ਕਰੋ, ਜਿਉਣਾ ਕਿਹੜਾ ਸੌਖੈ।'

ਨਾਵਲ 'ਪਰਸਾ' ਦੀ ਵੀ ਬਹੁਤ ਚਰਚਾ ਹੋਈ। ਜਿਸ ਸੱਜਣ ਨੇ ਉਹਦੇ ਛਪਣ 'ਤੇ ਉਸਨੂੰ ਚੰਗਾ ਨਾਵਲ ਸਿੱਧ ਕਰਨ ਲਈ ਪਹਿਲਾ ਆਰਟੀਕਲ ਲਿਖਿਆ ਉਹਨੇ ਦੋ ਕੁ ਸਾਲ ਪਹਿਲਾਂ, ਮੇਰੇ ਖਿਲਾਫ਼ ਰੱਜ ਕੇ ਭੜਾਸ ਕੱਢੀ। ਇਕ ਹੋਰ ਪ੍ਰਸਿਧ ਵਿਦਵਾਨ, 'ਗੁਰਦਿਆਲ ਸਿੰਘਨੂੰ ਵਰਤਮਾਨ ਸਮੇਂ ਦਾ ਸਮਰੱਥ ਨਾਵਲਕਾਰ' ਤਕ ਲਿਖਦਾ\ਕਹਿੰਦਾ ਰਿਹਾ ਪਰ ਹੁਣ ਉਹਨੇ ਕੁਝ ਸਮੇਂ ਤੋਂ ਵਿਚਾਰ ਬਦਲ ਲਏ ਤੇ 'ਪੁਰਾਣੇ ਸਮੇਂ ਦੀਆਂ ਘਟਨਾਵਾਂ ਦੁਹਰਾਈ ਜਾਣ ਵਾ.ਲਾ' ਲੇਖਕਵੀ ਕਹਿ ਦਿੱਤਾ। ਇਕ ਇਹ ਘਟਨਾ ਵੀ ਵਾਪਰੀ ਕਿ ਜਿਸ ਆਲੋਚਕ ਨਾਲ ਮੈਂ 23 ਸਾਲ ਕਾਲਜ ਤੇ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡੇ ਪੜ੍ਹਾਉਂਦਾ ਰਿਹਾ ਉਹਨੂੰ ਕਦੇ ਵੀ ਆਪਣੇ ਬਾਰੇ ਕੁਝ ਲਿਖਣ ਲਈ ਨਹੀਂ ਸੀ ਕਿਹਾ। ਉਹਨੇ (ਟੀ ਆਰ ਵਿਨੋਦ) ਕਈ ਕਿਤਾਬਾਂ ਹੀ ਨਹੀਂ ਲਿਖੀਆਂ ਉਹ ਇਹਵੀ ਕਹਿੰਦਾ ਰਿਹਾ ਕਿ ਮੈਂ ਇਹਦੇ (ਮੇਰੇ) ਨਾਵਲਾਂ ਤੋਂ ਨਾਵਲ-ਆਲੋਚਨਾ ਸਿੱਖੀ ਹੈ।' ਪਰ ਉਹਨੂੰ ਅੱਜ ਤਕ ਇਹ ਕਹਿਕੇ ਭੰਡਿਆ ਜਾਂਦਾ ਰਿਹਾ ਹੈ ਕਿ ਉਹਦੀ ਮੇਰੇ ਨਾ.ਲ ਉਲਾਰ ਸਾਂਝ ਹੈ। ਉਹਨੂੰ 'ਗੁਰਦਿਆਲ ਸਿੰਘ ਦਾ ਆਲੋਚਕ' ਨਹੀਂ 'ਪ੍ਰਸੰਸਕ' ਵੀ ਕਿਹਾ ਜਾਂਦਾ ਹੈ।

ਏਥੇਹੀ ਬੱਸ ਨਹੀਂ। ਜਿੰਨ੍ਹਾਂ ਆਪਣਿਆਂ ਲਈ ਪੂਰੀ ਜ਼ਿੰਦਗੀ ਦੀ, ਪੈਸਾ-ਪੈਸਾ ਜੋੜ ਕੇ ਕੀਤੀ ਉਮਰ ਭਰ ਦੀ ਕਮਾਈ ਵੀ ਲਾ ਦਿਤੀ ਉਹੀ ਅੰਨ੍ਹੀ ਲਾਲਸਾ ਪਿੱਛੇ ਹਮੇਸ਼ਾ ਲਈ ਸਾਥ ਛੱਡ ਗਏ। ਜਦੋਂ ਪੰਦਰਾਂ ਸਾਲ ਪਹਿਲਾਂ ਨਾਮੁਰਾਦ ਬੀਮਾਰੀ (ਤਪਦਿਕ) ਨਾ.ਲ 'ਤੁਰਨ' ਲਈ ਤਿਆਰ ਸਾਂ ਉਦੋਂ ਵੀ ਇਹਨਾਂ 'ਆਪਣਿਆਂ' ਨੇ ਖ਼ਬਰ ਨਹੀਂ ਸੀ ਲਈ (ਅੱਜ ਤੱਕ ਵੀ ਸਭ ਦੁਸ਼ਮਣਾਂ ਵਰਗਾ ਵਰਤਾਵਾ ਕਰਦੇ ਆ ਰਹੇ ਹਨ। ਪਰ ਜੇ ਮਰਿਆ ਨਹੀਂ (ਦੁਖੀ ਬਹੁਤ ਹੋਇਆ) ਤਾਂ ਮਹਾਨ ਚਿੰਤਿਕ ਕਾਰਲ ਮਾਰਕਸ ਦੇ ਸ਼ਬਦਾਂ ਕਾਰਨ। ਉਹਨੇ ਕਿਹਾ ਸੀ :

'ਸਰਮਾਏਦਾਰੀ ਸਭ ਮਾਨਵੀ ਰਿਸ਼ਤਿਆਂ ਨੂੰ ਲੀਰੋ-ਲੀਰ ਕਰ ਦਿੰਦੀ ਏ।'

ਕਦੇ ਪ੍ਰੋ. ਪ੍ਰੀਤਮ ਸਿੰਘ ਨੇ ਵੀ ਸਾਧਾਰਨ ਲਗਦੀ ਗੱਲ ਕਹਿਕੇ ਮਾਨਸਿਕ ਕਸ਼ਟਾਂ ਤੋਂ ਬਚਾਇਆ ਸੀ। ਉਹ ਅਕਸਰ ਫੋਨ 'ਤੇ ਜਾਂ ਚਿੱਠੀ ਲਿਖ ਕੇ ਕਹਿੰਦੇ ਹੁੰਦੇ, 'ਭਾਈ ਗੁਰਦਿਆਲ ਸਿਆਂ ਕਦੇ ਕਿਸੇ ਨੇ ਬੁਝੇ ਦੀਵੇ 'ਤੇ ਫੂਕ ਮਾਰੀ ਐ? ਸਭ ਜਗਦੇ ਦੀਵੇ ਨੂੰ ਹੀ ਫੂਕ ਮਾਰਕੇ ਬੁਝਾਉਣਾ ਚਾਹੁੰਦੇ ਐ। ਜਿਸ ਦੀਵੇ ਵਿਚ ਚੋਖਾ, ਚੰਗਾ ਤੇਲ ਤੇ ਚੰਗੀ ਨਰੋਈ ਬੱਤੀ ਹੋਵੇ ਉਹ ਕੁਝ ਦੂਰ ਖੜੋਤੇ (ਪਿੱਠ ਪਿੱਛੇ) ਫੂਕਾਂ ਮਾਰਨ ਵਾਲ਼ਿਆਂ ਤੋਂ ਨਹੀਂ ਬੁਝਦਾ।

ਇਹ ਮੇਰੀ ਗੱਲ ਪੱਲੇ ਬੰਨ੍ਹ ਲੈ ਕਿ ਤੂੰ ਛੇਤੀ ਕੀ-ਤਿਆਂ ਬੁਝਣ ਵਾ.ਲਾ ਦੀਵਾ ਨਹੀਂ - 'ਮੜ੍ਹੀ ਦਾ ਦੀਵਾ' ਵੀ ਜੇ ਸਾਰੀ ਰਾਤ ਜਗ ਸਕਦੈ - ਕਿਉਂਕਿ ਉਹ ਭਾਨੀ ਨੇ ਜਗਾਇਆ ਸੀ, ਜਿਸ ਆਪਣਾ ਸਭ ਕੁਝ ਵਾਰ ਕੇ ਉਸ ਵਿਚ ਸ਼ੁੱਧ ਤੇਲ ਤੇ ਨਰੋਈ ਬੱਤੀ ਪਾਈ ਸੀ, ਫੇਰ ਤੂੰ ਚਿੰਤਾ ਕਿਉਂ ਕਰਦੈਂ?'

ਉਮਰ ਭਰ (77 ਦੇ ਨੇੜੇ) ਅਣਥੱਕ ਕੰਮ ਨੇ ਹੁਣ ਦਿਹ ਨੂੰ ਢਾਅ ਲਿਐ। ਪਰ ਕੰਮ ਅਜੇ ਵੀ ਕਰੀ ਜਾਨੈਂ। ਜੇ ਅੱਧੀ ਸਦੀ ਤੋਂ ਵਧੇਰੇ, ਫੂਕਾਂ ਮਾਰਨ ਵਾਲ਼ਿਆਂ ਤੋਂ ਨਹੀਂ ਬੁਝਿਆ ਤਾਂ ਤੇਲ ਤਾਂ ਕਦੇ ਨਾ ਕਦੇ ਮੁੱਕਣਾ ਈ ਐ। ਬੱਤੀ ਵੀ ਕਿੰਨਾ ਕੁ ਚਿਰ ਜਗਦੀ ਰਹੇਗੀ?

ਕੁਦਰਤ ਦੇ ਨੇਮ ਤਾਂ ਅੱਟਲ ਹਨ ਜਿਨ੍ਹਾਂ ਨੂੰ ਬੰਦਾ 'ਰਬ' ਬਣ ਕੇ ਵੀ ਬਦਲ ਨਹੀਂ ਸਕਦਾ (ਹਾਂ ਉਹਨਾਂ 'ਚ ਅਦਲੀ-ਬਦਲੀ ਜ਼ਰੂਰ ਕਰ ਸਕਦੈ; ਕਈ ਹਜ਼ਾਰ ਸਾਲ ਤੋਂ ਕਰਦਾ ਵੀ ਆ ਰਹਿਐ)।

ਪਾਤਰ ਜਿਹੇ ਤੇ ਹੋਰ ਚੰਗੇ ਲੇਖਕਾਂ ਨੂੰ ਇਹ ਜ਼ਰੂਰ ਕਹਿਣਾ ਚਾਹਾਂਗਾ ਕਿ ਜੇਸਿਰਫ ਇਕ ਸੌ ਦਸ-ਬਾਰਾਂ ਸ਼ਲੋਕਾਂ ਦੀ ਰਚਨਾ ਕਰਕੇ (ਜੋ ਪੰਜ-ਸੱਤ ਕਿਤਾਬੀ ਸਫਿਆਂ 'ਤੇ ਛਪ ਸਕਦੇ ਹਨ) ਬਾਬਾ ਫਰੀਦ ਸ਼ਕਰਗੰਜ ਦੀ ਰਚਨਾ ਦਾ ਦੀਵਾ ਸੱਤ ਸਦੀਆਂ ਤਕ ਕੋਈ ਨਹੀਂ ਬੁਝਾ ਸਕਿਆ ਤਾਂ 'ਚੰਗੇ ਤੇਲ' ਤੇ 'ਨਰੋਈ ਬੱਤੀ' ਵਾ.ਲੇ ਦੀਵੇ ਵੀ ਕਿਸੇ ਨੇ ਨਹੀਂ ਬੁਝਾ ਸਕਣੇ (ਪਰ ਜੇ ਤੇਲ ਹੀ 'ਮਾੜਾ' ਹੈ ਤੇ ਬੱਤੀ ਐਵੇਂ ਨਾਂ ਦੀ ਹੈ ਤਾਂ ਉਹਨੇ ਤਾਂ ਬਿਨਾਂ ਫੂਕਮਾਰਿਆਂ ਵੀ ਬੁਝ ਜਾਣੈ)।

ਪਰ ਅੰਤਲਾ ਸੱਚ, ਸੋਜ਼ ਭਰੀ, ਬੇਗਮ ਅਖ਼ਤਰ ਦੀ ਅਵਾਜ਼ ਵਿਚ ਅੱਜ ਵੀ ਗੂੰਜਦਾ ਹੈ :

ਅਪਨੋ ਨੇ ਨਜ਼ਰ ਫੇਰੀ ਦਿਲ ਨੇ ਤੋ ਦਿਯਾ ਸਾਥ
ਦੁਨੀਆਂ ਮੇਂ ਕੋਈ ਦੋਸਤ ਮੇਰੇ ਕਾਮ ਤੋ ਆਇਆ।

ਇਹ ਦਿਲ ਦਾ ਸਾਥ ਈ ਐ ਜੋ ਸਦਾ ਨਾਲ ਨਿਭਦੈ, ਦੁਨੀਆਂ ਭਾਵੇਂ ਸਾਰੀ ਸਾਥ ਛੱਡ ਜਾਏ। ਇਹਕੋਈ ਮਾਮੂਲੀ ਸਾਥ ਨਹੀਂ। ਬੰਦਾ ਇਸੇ ਦੇ ਆਸਰੇ ਸੱਤ ਉਮਰਾਂ ਵੀ ਬਿਤਾ ਸਕਦੈ।

********

# ਮੇਰੀ ਮਾਂ ਸਾਡੀ ਪਹਿਲੀ ਉਸਤਾਦ



ਬਖ਼ਸ਼ੀ ਰਾਮ ਲੁਧਿਆਣਾ
(91-94632-68101)

**(ਦੂਜੀ ਤੇ ਆਖਰੀ ਕਿਸਤ)**

ਮਾਂ ਹੁਣ ਵੀ ਸਭ ਦੀ ਅਨਪੜ੍ਹ ਵਿਦਵਾਨ ਅਧਿਆਪਿਕਾ ਸਲਾਹਕਾਰ ਸੀ। ਇਥੋਂ ਤੱਕ ਪਹੁੰਚਦਿਆਂ ਸਮਾਂ ਢੇਰ ਸਾਰਾ ਬਦਲ ਚੁੱਕਾ ਸੀ। ਟੀ ਵੀ, ਕੰਪਿਊਟਰ, ਟੈਲੀਫੋਨ, ਮੋਬਾਈਲ ਫੋਨ, ਦਾ ਸਮਾਂ ਆ ਗਿਆ ਸੀ। ਲੋਕ ਸਕੂਟਰਾਂ, ਮੋਟਰ ਸਾਈਕਲਾਂ ਦੀ ਜ਼ਿੰਦਗੀ ਵਿਚੋਂ ਨਿਕਲ ਕੇ ਕਾਰਾਂ ਦੇ ਜ਼ਮਾਨੇ ਵਿਚ ਪਹੁੰਚ ਚੁਕੇ ਸਨ।ਮਾਂ ਦੇ ਵੀ ਕਿੰਨੇ ਹੀ ਪੋਤਰੇ ਪੋਤਰੀਆਂ ਦੋਹਤੇ ਦੋਹਤੀਆਂ ਪਾਸ ਆਪਣੀਆਂ ਕੋਠੀਆਂ ਕਾਰਾਂ ਆ ਗਈਆਂ ਸਨ।ਮਾਂ ਖ਼ੁਸ਼ ਹੁੰਦੀ ਸੀ ਬਹੁਤ ਖ਼ੁਸ਼। ਇਸ ਸਾਰੀ ਖ਼ੁਸ਼ ਹੈਸੀਅਤੀ ਦਾ ਮਾਂ ਨੇ ਕਦੇ ਵੀ ਮਾਣ ਨਾ ਕੀਤਾ ਸਗੋਂ ਸਦਾ ਵਾਹਿਗੁਰੂ, ਦਾਤਾ ਦਾਤਾਰ ਦਾ ਸ਼ੁਕਰ ਕੀਤਾ ਤੇ ਆਪਣੇ ਸਾਰੇ ਬੱਚਿਆ ਦੀ ਤੰਦਰੁਸਤੀ ਮੰਗਦੀ ਨੇ ਸਦਾ ਕਿਹਾ ਉਹੇ ਮਹਾਰਾਜ, ਜੋ ਮੇਰੇ ਬੱਚਿਆਂ ਨੂੰ ਦਿੱਤਾ ਹੈ ਸਭ ਨੂੰ ਹੀ ਦੇਵੀਂ"।

ਇੱਕ ਪੋਤੇ ਨੂੰ ਛੱਡ ਕੇ ਬਾਕੀ ਸਾਰੇ ਪੋਤੇ ਪੋਤੀਆਂ ਦੇ ਵਿਆਹ ਸ਼ਾਦੀਆਂ ਆਪਣੇ ਹੱਥੀਂ ਕਰਨ ਦਾ ਸੁਭਾਗ ਮੇਰੀ ਮਾਂ ਨੂੰ ਪ੍ਰਾਪਤ ਸੀ। ਮਾਂ ਮੇਰੀ ਨੇ ਆਪਣੇ ਸਾਰੇ ਹੀ ਚਾਅ ਲਾਡ ਪੂਰੇ ਕਰ ਲਏ ਸਨ। ਇਕੋ ਹੀ ਗੱਲ ਜੋ ਮਾਂ ਨੂੰ ਸਦਾ ਰੜਕਦੀ ਰਹਿੰਦੀ ਸੀ ਉਹ ਸੀ ਬਾਪੂ ਜੀ ਦਾ ਤੁਰ ਜਾਣਾ। ਹਰ ਖ਼ੁਸ਼ੀ ਦੇ ਮੌਕੇ ਮਾਂ ਉਨ੍ਹਾਂ ਨੂੰ ਬਾਰ ਬਾਰ ਯਾਦ ਕਰਦੀ ਰਹਿੰਦੀ ਸੀ। ਮਾਂ ਦਾ ਆਮ ਕਹਿਣ ਸੀ ਕਿ ਜੇਕਰ 'ਅੱਜ ਤੇਰੇ ਬਾਪੂ ਜੀ ਹੁੰਦੇ'। ਮਾਂ ਨੇ ਆਪਣੀਆਂ ਪੋਤੀਆਂ ਪੋਤਿਆਂ ਨੂੰ ਵੀ ਲਗਭਗ ਉਸੇ ਹੀ ਤਰ੍ਹਾਂ ਸਿਖਿਆ ਦਿੱਤੀ ਜਿਵੇਂ ਆਪਣੀਆਂ ਧੀਆਂ ਪੁੱਤਾਂ ਨੂੰ ਦਿੱਤੀ ਸੀ।ਵਾਧਾ ਇਹ ਸੀ ਕਿ ਹੁਣ ਦੀ ਦੁਨੀਆਂ ਵਿਚ ਮੋਬਾਈਲ ਫੋਨ, ਕੰਪਿਊਟਰ, ਟੀ ਵੀ ਤੇ ਕਾਰ ਵੜ ਗਏ ਸਨ।

ਸੁਭਾਅ ਪੱਖੋਂ ਮਾਂ ਥੋੜੀ ਗੁੱਸੇ ਖੋਰ ਸੀ ਅੜਬ ਸੀ।ਅਸਲ ਵਿਚ ਮਾਂ ਜੀ ਦੇ ਪੇਕੇ ਪਰਿਵਾਰ ਵਿਚੋਂ ਦੋ ਭੈਣਾਂ ਤੋਂ ਸਿਵਾ ਹੋਰ ਕੋਈ ਵੀ ਨਹੀਂ ਸੀ। ਮਾਂ ਬਾਪ ਗੁਜ਼ਰ ਚੁੱਕੇ ਸਨ। ਇਕ ਵੱਡਾ ਭਰਾ ਸੀ ਜੋ ਕਿ ਭਰ ਜਵਾਨੀ ਵਿਚ ਵਿਆਹ ਤੋਂ ਛੇਤੀ ਹੀ ਬਾਅਦ ਚੱਲ ਵਸਿਆ ਸੀ ਜਿਸ ਨਾਲ ਮਾਂ ਜੀ ਦਾ ਬਹੁਤ ਪਿਆਰ ਸੀ। ਮੇਰੇ ਮਾਂ ਬਾਪ ਅਣਵੰਡੇ ਪੰਜਾਬ ਦੇ ਜ਼ਿਲਾ ਲਾਇਲਪੁਰ (ਜੜ੍ਹਾਂਵਾਲਾ ਤਹਿਸੀਲ) (ਆਮ ਤੌਰ ਤੇ ਲੋਕ ਗਾਥਾਵਾਂ ਵਿਚ ਸਾਂਦਲ ਬਾਰ ਦੇ ਤੌਰ ਤੇ ਜਾਣਿਆਂ ਜਾਣ ਵਾਲਾ ਇਲਾਕਾ) ਦੇ ਵਸਨੀਕ ਸਨ ਜਦ ਕਿ ਮਾਂ ਦੀਆਂ ਦੋਵੇਂ ਭੈਣਾਂ ਹੁਸ਼ਿਆਰਪੁਰ ਜ਼ਿਲੇ ਦੀ ਗੜ੍ਹਸ਼ੰਕਰ ਤਹਿਸੀਲ ਦੀਆਂ ਵਸਨੀਕ ਸਨ।ਇਸ ਲਈ ਮਾਂ ਪਰਿਵਾਰਿਕ ਤੌਰ ਤੇ ਆਪਣੇ ਆਪ ਨੂੰ ਇਕੱਲੀ ਅਨਾਥ ਹੀ ਸਮਝਦੀ ਸੀ। ਇਸ ਕਰ ਕੇ ਸੁਭਾ ਵਿਚ ਚਿੜਚਿੜਾ ਪਣ ਗੁੱਸੇ ਖੋਰੀ ਆਦਿ ਹੋਣਾ ਜ਼ਰੂਰ ਸੀ ।ਮਾਂ ਜੀ ਦੇ ਇਸ ਸਖ਼ਤ ਗੁੱਸੇ ਖੋਰੇ ਸੁਭਾ ਦਾ ਸਮੁੱਚੇ ਤੌਰ ਤੇ ਮੇਰੇ ਪਰਿਵਾਰ ਨੂੰ ਬਹੁਤ ਸਮਾਜਿਕ ਲਾਭ ਮਿਲਿਆ। ਮਾਂ ਦਾ ਇਹ ਅੱਖੜ ਸੁਭਾਅ ਮਾਂ ਦੇ ਬੱਚਿਆਂ ਵਿਸ਼ੇਸ਼ ਕਰ ਕੇ ਧੀਆਂ ਲਈ ਇਕ ਮਜ਼ਬੂਤ ਢਾ.ਲ ਬਣਿਆਂ ਰਿਹਾ।



ਜਿਸ ਤਰ੍ਹਾਂ ਸਾਡੀ ਰਿਹਾਇਸ਼ ਸਦਾ ਹੀ ਆਪਣੀ ਜ਼ਾਤ ਬਰਾਦਰੀ ਤੋਂ ਬਾਹਰ ਉਚ ਕੋਟੀ ਕਹੇ ਜਾਂਦੇ ਸਮਾਜ ਦੇ ਲੋਕਾਂ ਵਿਚ ਰਹੀ, ਕਿਸੇ ਦੀ ਹਿੰਮਤ ਨਹੀਂ ਸੀ ਕਿ ਮੇਰੇ ਘਰ ਪਰਿਵਾਰ ਵਲ ਕੋਈ ਮੰਦੀ ਨਜ਼ਰ ਨਾਲ ਦੇਖਣ ਦਾ ਹੀਆ ਵੀ ਕਰ ਸਕਦਾ।ਮਾਂ ਖੜ੍ਹੇ ਬੰਦੇ ਨੂੰ ਪਾੜ ਕੇ ਖਾ ਜਾਣ ਵਾਲੀ ਇਕ ਆਮ ਸਰੀਰ ਵਾਲੀ ਬਘਿਆੜ ਔਰਤ ਸੀ। ਅਸੀਂ ਜਿੱਥੇ ਵੀ ਰਹੇ ਗਲੀ ਮੁਹੱਲੇ ਦੇ ਸਭ ਨੇ ਮਾਂ ਦੀ ਸ਼ਖ਼ਸੀਅਤ ਦਾ ਲੋਹਾ ਮੰਨਿਆਂ।ਮਾਂ ਦੇ ਇਸ ਸੁਭਾ ਦਾ ਸਾਡੇ ਚਰਿਤਰ ਨਿਰਮਾਣ ਉਤੇ ਵੀ ਭਰਵਾਂ ਅਸਰ ਪਿਆ।ਮਾਂ ਜੀ ਨੇ ਜੋ ਗੱਲ ਸਾਨੂੰ ਦੱਸਣੀ ਜਾਂ ਸਮਝਾਉਣੀ ਹੁੰਦੀ ਸੀ ਉਹ ਇਕ ਵਾਰ ਹੀ ਦੱਸਣਾ ਸਮਝਾਉਣਾ ਠੀਕ ਸਮਝਦੀ ਸੀ ਤੇ ਅਸੀਂ ਵੀ ਮਾਂ ਦੇ ਸੁਭਾ ਤੋਂ ਖ਼ੂਬ ਜਾਣੂ ਹੁੰਦੇ ਹੋਏ ਦੁਬਾਰਾ ਮੌਕਾ ਹੀ ਨਾ ਦਿੰਦੇ। ਮੇਰੀ ਮਾਂ ਆਪਣੇ ਮਾਪਿਆਂ ਦੀ ਰਾਜੋ ਜਾਂ ਰਾਓ ਮੇਰੇ ਬਾਪੂ ਜੀ ਸ਼੍ਰੀ ਗ਼ਰੀਬੂ ਰਾਮ ਜੀ ਦੀ ਰਾਜ ਕੌਰ ਜਿਸ ਨੇ ਅੱਜ ਤੋਂ ਸੱਤਰ ਸਾਲ ਪਹਿਲਾਂ ਆਪਣੇ ਪੁੱਤਰ ਨੂੰ ਸਕੂਲ ਭੇਜਣ ਦਾ ਸੁਪਨਾ ਲਿਆ ਸੀ ,ਉਸ ਜ਼ਮਾਨੇ ਵਿਚ ਕੋਈ ਦਲਿਤ ਪਿਛੜਿਆ ਆਪਣੇ ਬੱਚੇ ਨੂੰ ਪੜ੍ਹਾਉਂਦਾ ਨਹੀਂ ਸੀ । ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਪਹਿਲੇ ਦਿਨ ਮੈਂ ਸਕੂਲ ਜਾਣ ਤੋਂ ਤਿਆਰ ਹੋ ਕੇ ਵੀ ਨਾਂਹ ਕਰ ਦਿੱਤੀ ਸੀ ਤੇ ਮਾਂ ਦੀ ਭਰਪੂਰ ਕੁੱਟ ਦਾ ਸ਼ਿਕਾਰ ਹੋਇਆ ਸੀ।ਅਗਲੇ ਦਿਨ ਮੈਂ ਜਿਉਂ ਸਕੂਲ ਜਾਣ ਲੱਗਿਆ ਮੁੜ ਪਿੱਛੇ ਮੁੜ ਕੇ ਨਹੀਂ ਦੇਖਿਆ। ਮੇਰੀ ਕਲਾਸ ਵਿਚ ਮੇਰੇ ਤੋਂ ਇਲਾਵਾ ਕੋਈ ਵੀ ਹੋਰ ਦਲਿਤ ਵਿਦਿਆਰਥੀ ਨਹੀਂ ਹੁੰਦਾ ਸੀ ।ਇਹ ਸਥਿਤੀ ਮੇਰੇ ਦਸਵੀਂ ਪਾਸ ਕਰ ਜਾਣ ਤੱਕ ਇਸੇ ਹੀ ਤਰ੍ਹਾਂ ਚੱਲੀ।ਅੱਜ ਸਥਿਤੀ ਇਹ ਹੈ ਕਿ ਸਵੇਰੇ ਸਵੇਰੇ ਹਰੇਕ ਮਾਂ ਆਪਣੇ ਬੱਚੇ ਨੂੰ ਨਾਲ ਲੈ ਕੇ ਸਕੂਲ ਛੱਡਣ ਜਾ ਰਹੀ ਹੁੰਦੀ ਹੈ।ਜਦ ਵੀ ਮੈਂ ਕਿਸੇ ਮਾਂ ਨੂੰ ਆਪਣੇ ਬੱਚੇ ਨੂੰ ਸਕੂਲ ਛੱਡਣ ਜਾਣ ਲਈ ਮੇਰੇ ਘਰ ਦੇ ਨੇੜਿਓਂ ਦੀ ਲੰਘਦੀ ਹੈ ( ਮੇਰੇ ਘਰ ਦੇ ਨੇੜੇ ਤੇੜੇ ਕਈ ਸਕੂਲ ਖੁਲ੍ਹੇ ਹੋਏ ਹਨ) ਤਾਂ ਮੈਨੂੰ ਕੁਝ ਇੰਜ ਹੀ ਲੱਗਦਾ ਹੈ ਕਿ ( ਸ਼ਾਇਦ) ਇਹ ਮੇਰੀ ਮਾਂ ਦੀ ਹੀ ਪ੍ਰੇਰਣਾ ਨਾਲ ਹੋ ਰਿਹਾ ਹੈ।

ਮਾਂ ਜੀ ਬਾਪੂ ਜੀ ਤੋਂ ਬਾਰਾਂ ਵਰ੍ਹੇ ਛੋਟੇ ਸਨ। ਮਾਂ ਜੀ ਇਹ ਸਚਾਈ ਆਪ ਵੀ ਦੱਸਿਆ ਕਰਦੇ ਸਨ ਤੇ ਸਾਡੀਆਂ ਉਮਰਾਂ ਦੇ ਹਿਸਾਬ ਨਾਲ ਵੀ ਇਹ ਗੱਲ ਸਹੀ ਬੈਠਦੀ ਹੈ। ਬਾਪੂ ਜੀ ਦੇ 1994 ਵਿਚ ਤੁਰ ਜਾਣ ਤੋਂ ਬਾਦ ਐਨਾ ਵੱਡਾ ਟੱਬਰ ਹੋਣ ਦੇ ਬਾਵਜੂਦ ਉਹ ਆਪਣੇ ਆਪ ਨੂੰ ਇਕਲਾ ਇਕੱਲਾ ਸਮਝਣ ਲੱਗ ਪਏ ਸਨ। ਅਸੀਂ ਬਹੁਤ ਧੀਰਜ ਬਨ੍ਹਾਉਂਦੇ ਪਰ ਉਨ੍ਹਾਂ ਦਾ ਰੌਂ ਘੱਟ ਹੀ ਬਦਲਦਾ। ਬਾਪੂ ਜੀ ਦੇ ਜਾਣ ਤੋਂ 16 ਸਾਲਾਂ ਬਾਦ ਉਨ੍ਹਾਂ ਨੇ ਵੀ ਘਰ ਵਿਚ ਸਭ ਸੁਖ ਸੁਵਿਧਾਵਾਂ ਹੋਣ ਦੇ ਬਾਵਜੂਦ 2010 ਵਿਚ ਮਾਯੂਸੀ ਦੇ ਆਲਮ ਵਿਚ ਹੀ ਇਸ ਸੰਸਾਰ ਨੂੰ ਤਿਆਗਿਆ।ਅਸੀਂ ਦੇਖਦੇ ਸੀ ਕਿ ਬਾਪੂ ਜੀ ਦੇ ਜਾਣ ਤੋਂ ਬਾਦ ਉਹ ਕਦੇ ਵੀ ਬਹੁਤਾ ਜੀਅ ਨਹੀਂ ਲਾਉਂਦੇ ਸੀ । ਕਦੇ ਘੱਟ ਵੱਧ ਹੀ ਉਨ੍ਹਾਂ ਨੂੰ ਖ਼ੁਸ਼ੀ ਦੇ ਰੌਂ ਵਿਚ ਅਸੀਂ ਦੇਖਦੇ ਹੁੰਦੇ ਸਾਂ।ਅਖ਼ੀਰਲੇ ਮਹੀਨਿਆਂ ਵਿਚ ਉਨ੍ਹਾਂ ਦੀ ਯਾਦ ਸ਼ਕਤੀ ਬਹੁਤ ਘਟ ਗਈ ਸੀ । ਰੋਟੀ ਖਾ ਕੇ ਭੁੱਲ ਜਾਂਦੇ ਸਨ।ਬਾਰ ਬਾਰ ਰੋਟੀ ਮੰਗਦੇ ਰਹਿੰਦੇ ਸਨ। ਫਿਰ ਅਣਪਚ ਹੀ ਕੱਢਦੇ ਰਹਿੰਦੇ ਸਨ। ਇਨ੍ਹਾਂ ਹਾਲਾਤ ਵਿਚ ਹੀ ਮਾਂ ਨੇ ਆਪਣੇ ਸਾਰੇ ਪੁੱਤਾਂ ਧੀਆਂ ਪੋਤਿਆਂ ਪੋਤੀਆਂ ਆਦਿ ਦੀ ਹਾਜ਼ਰੀ ਵਿਚ ਆਪਣਾ ਸ਼ਰੀਰ ਤਿਆਗਿਆ।ਇਸ ਤਰ੍ਹਾਂ ਮੇਰੇ ਪਰਿਵਾਰ ਦੇ ਇਕ ਯੁਗ ਦੀ ਸਮਾਪਤੀ ਹੋਈ। ਮੇਰੀ ਮਾਂ ਨੇ ਜ਼ਿੰਦਗੀ ਭਰ ਕਦੇ ਕਿਸੇ ਦੀ ਚੁਗਲੀ ਨਿੰਦਿਆ ਨਾ ਕੀਤੀ ।ਸਗੋਂ ਜੇਕਰ ਕਿਸੇ ਨੇ ਮਾੜਾ ਮੋਟਾ ਮੂੰਹ ਖੋਲ੍ਹਣਾ ਵੀ ਤਾਂ ਮਾਂ ਨੇ ਝੱਟ ਚੁੱਪ ਕਰਵਾ ਕੇ ਗੱਲ ਦਾ ਰੁਖ਼ ਬਦਲ ਦੇਣਾ ਆਖਣਾ 'ਨੀਂ ਆ ਆਪਾਂ ਆਪਣੀਆਂ ਗੱਲਾਂ ਕਰੀਏ। ਆਪਣੀਆਂ ਗੱਲਾਂ ਥੋੜ੍ਹੀਆਂ ਹਨ ਕਰਨ ਨੂੰ'? ਸਾਰੀ ਉਮਰ ਮੇਰੀ ਮਾਂ ਆਪਣੇ ਰਿਸ਼ਤੇਦਾਰਾਂ ,ਭੈਣ ਭਰਾਵਾਂ ਆਂਢ ਗਵਾਂਢ ,ਗਲੀ ਮੁਹੱਲੇ ਨੂੰ ਬਚਿਆਂ ਨੂੰ ਪੜ੍ਹਾ ਲੈਣ ਲਈ ਪ੍ਰੇਰਦੀ ਰਹੀ। ਪਤਾ ਨਹੀਂ ਕਿੰਨੇ ਲੋਕ ਹਨ ਜਿਨ੍ਹਾਂ ਨੇ ਮਾਂ ਦੇ ਮਗ਼ਰ ਲੱਗ ਕੇ ਉਸ ਦੇ ਪਰਿਵਾਰ ਦੀ ਚੜ੍ਹਦੀ ਕਲਾ ਦੇਖ਼ ਕੇ ਆਪਣੇ ਬੱਚਿਆਂ ਨੂੰ ਪੜ੍ਹਉਣਾ ਸ਼ੁਰੂ ਕੀਤਾ ਤੇ ਪਰਿਵਾਰ ਦੀ ਕਾਇਆਂ ਪਲਟਣ ਵਿਚ ਸਫਲ ਹੋਏ। ਮਾਂ ਦੇ ਭੋਗ ਤੇ ਸਭ ਮਾਂ ਦੀਆਂ ਇਨ੍ਹਾਂ ਸਿਫਤਾਂ ਦੀਆਂ ਚਰਚਾਵਾਂ ਹੀ ਕਰਦੇ ਰਹੇ ਸਨ। ਭਾਵੇਂ ਮਾਂ ਨੂੰ ਗੁਜ਼ਰ ਗਈ ਨੂੰ ਛੇ ਸਾਲ ਬੀਤ ਗਏ ਹਨ ਪਰ ਇਸ ਤਰ੍ਹਾਂ ਲਗਦਾ ਰਹਿੰਦਾ ਹੈ ਕਿ ਮਾਂ ਮੇਰੇ ਨਾਲ ਨਾਲ ਤੁਰੀ ਫਿਰਦੀ ਹੈ। ਕੋਈ ਦਿਨ ਅਜਿਹਾ ਨਹੀਂ ਲੰਘਦਾ ਜਦੋਂ ਅਸੀਂ ਆਪਣੇ ਸੁਹਿਰਦ ਤੇ ਪਿਆਰੇ ਮਾਂ ਬਾਪੂ ਦੀ ਸਿਫਤ ਵਿਚ ਉਨ੍ਹਾਂ ਨੂੰ ਯਾਦ ਨਾ ਕਰਦੇ ਹੋਈਏ।

# ਨਿਰਮਲ ਕੁਮਾਰ ਸਰੋਏ ਤੇ ਬੀਬੀ ਸੱਤਿਆ ਦੇਵੀ ਸਰੋਏ ਦੀ ਸਪੁੱਤਰੀ ਦਾ ਆਨੰਦ ਕਾਰਜ ਪੂਰਨ ਗੁਰ ਮਰਿਆਦਾ ਅਨੁਸਾਰ ਹੋਏ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 20 ਅਗਸਤ ਦਿਨ ਸ਼ਨੀਵਾਰ ਨੂੰ ਸ੍ਰੀ ਨਿਰਮਲ ਕੁਮਾਰ ਸਰੋਏ, ਬੀਬੀ ਸੱਤਿਆ ਦੇਵੀ ਸਰੋਏ ਜੀ ਦੀ ਸਪੁੱਤਰੀ ਬੀਬੀ ਸੁਸ਼ਮਾ ਸਰੋਏ ਜੀ ਦਾ ਆਨੰਦ ਕਾਰਜ ਹਰਪਾਲ ਚੰਦ ਰੱਲ੍ਹ (ਬੀਬੀ ਕਮਲਜੀਤ ਕੌਰ ਰੱਲ੍ਹ ਅਤੇ ਨਰਿੰਦਰ ਰੱਲ੍ਹ ਜੀ ਦਾ ਸਪੁੱਤਰ) ਨਾਲ ਪੂਰਨ ਗੁਰ ਮਰਿਆਦਾ ਅਨੁਸਾਰ ਹੋਏ। ਇਸ ਮੌਕੇ ਲੜਕੀ ਦੇ ਚਾਚਾ ਜੀ ਉਘੇ ਸਮਾਜ ਸੇਵੀ, ਦਾਨੀ ਪੁਰਸ਼ ਤੇ ਬਿਜਨਸਮੈਨ ਸ੍ਰੀ ਰਾਮ ਮੂਰਤੀ ਸਰੋਏ ਅਤੇ ਮਿਸਿਜ ਸੱਤਿਆਵਤੀ ਸਰੇਏ ਜੀ ਨੇ ਵਿਆਹੁਤਾ ਜੋੜੀ ਨੂੰ ਆਸ਼ੀਰਵਾਦ ਦਿੱਤਾ। ਇਸ ਦੌਰਾਨ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਨਾਮ ਸਿੰਘ ਭੰਡਾਲ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਦੋਹਾਂ ਪਰਿਵਾਰਾਂ ਦਾ ਧੰਨਵਾਦ ਕੀਤਾ ਅਤੇ ਨਵਵਿਆਹੀ ਜੋੜੀ ਨੂੰ ਆਸ਼ੀਰਵਾਦ ਦਿੱਤਾ।














# ਸ੍ਰੀ ਗੁਰ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਲੰਗਰ ਹਾਲ ਦਾ ਉਦਘਾਟਨ

ਪੰਜਾਬੀ ਭਾਈਚਾਰੇ ਦੇ ਮੰਨੇ-ਪ੍ਰਮੰਨੇ ਉਘੇ ਸਮਾਜ ਸੇਵੀ, ਦਾਨੀ ਪੁਰਸ਼ ਅਤੇ ਬਿਜਨਸਮੈਨ ਸ੍ਰੀ ਰਾਮ ਮੂਰਤੀ ਸਰੋਏ ਜੀ ਨੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਲੰਗਰ ਹਾਲ ਦਾ ਲੰਘੇ ਐਤਵਾਰ 23 ਅਗਸਤ ਨੂੰ ਉਦਘਾਟਨ ਕੀਤਾ। ਇਸ ਮੌਕੇ ਸ੍ਰੀ ਸਰੋਏ ਜੀ ਨੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਸ ਤਰੀਕੇ ਨਾਲ ਤੁਸੀ ਗੁਰੂ ਘਰ ਦੀ ਸੇਵਾ ਕਰ ਰਹੇ ਹੋ, ਇਹ ਆਪਣੇ ਆਪ ਵਿਚ ਇਕ ਮਿਸਾਲ ਹੈ। ਸਾਨੂੰ ਸਭ ਨੂੰ ਗੁਰੂ ਮਹਾਰਾਜ ਦੇ ਦਿਖਾਏ ਮਾਰਗ 'ਤੇ ਦਸਾਂ ਨਹੁੰਆਂ ਦੀ ਕਿਰਤ ਕਰਦੇ ਹੋਏ ਚੱਲਣਾ ਚਾਹੀਦਾ ਹੈ।

ਇਸ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਰਾਮ ਮੂਰਤੀ ਸਰੋਏ ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਸੱਤਿਆਵਤੀ ਸਰੋਏ ਜੀ ਨੂੰ ਸਿਰੋਪਾਓ ਅਤੇ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ।

**********











# ਗੁਰਦੁਆਰਾ ਸਿੱਖ ਟੈਂਪਲ, ਯੂਬਾ ਸਿਟੀ


# ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਬੋਰਡ ਦੀ ਚੋਣ

## ਮਿਤੀ 27 ਅਤੇ 28 ਅਗਸਤ 2016

ਸਾਧ ਸੰਗਤ ਜੀ, ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਸੁਚੱਜਾ ਅਤੇ ਸੰਗਤਾਂ ਦੀ ਇੱਛਾ ਅਨੁਸਾਰ ਚਲਾਉਣ ਲਈ ਆ ਰਹੀਆਂ ਚੋਣਾਂ ਵਿਚ ਸਿੱਖ ਟੈਂਪਲ ਪੰਥਕ ਸਲੇਟ ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ।

## ਸਿੱਖ ਟੈਂਪਲ ਪੰਥਕ ਸਲੇਟ ਦੇ ਟੀਚੇ ਅਤੇ ਮਨੋਰਥ

- ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਬੋਰਡ ਵਿਚ ਭਰੋਸਾ ਕਾਇਮ ਕਰਕੇ ਸਿੱਖ ਭਾਈਚਾਰੇ ਨੂੰ ਇਕਜੁੱਟ ਕਰਨਾ।
- ਭਾਈਚਾਰੇ ਦੀ ਸਲਾਹ ਲੈ ਕੇ ਗੁਰੂਘਰ ਦੇ ਕੰਮਾਂ ਵਿਚ ਭਾਈਚਾਰੇ ਦੀ ਭਾਈਵਾਲੀ ਨੂੰ ਉਤਸ਼ਾਹਿਤ ਕਰਨਾ। ਸਮਝ ਆਉਣ ਵਾਲੇ ਤਰੀਕੇ ਨਾਲ ਸਮੇਂ ਸਿਰ ਜਾਰੀ ਕਰਨਾ। ਪੀੜ੍ਹੀ ਦੀ ਭਾਈਵਾਲੀਨੂੰ ਉਤਸ਼ਾਹਿਤ ਕਰਨ ਦੇ ਪ੍ਰੋਗਰਾਮ ਬਣਾਉਣੇ।
- ਗੁਰੂਘਰ ਦੀਆਂ ਸੀਵਰ ਅਤੇ ਜਲ ਸੇਵਾਵਾਂ ਨੂੰ ਸਿਟੀ ਨਾਲ ਜੋੜਨਾ।
- ਫਿਊਨਰਲ ਹੋਮ ਬਣਾਉਣ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣਾ।
- ਯੋਗ ਗ੍ਰੰਥੀ ਅਤੇ ਕੀਰਤਨੀ ਜਥੇ ਰੱਖ ਕੇ ਗੁਰੂਘਰ ਦੀਆਂ ਸੇਵਾਵਾਂ ਵਿਚ ਸੁਧਾਰ ਲਿਆਉਣਾ।
- ਗੁਰੂਘਰ ਦੇ ਵਿੱਤੀ ਮਾਮਲਿਆਂ ਨੂੰ ਲੈ ਕੇ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਉਣਾ, ਵਿੱਤੀ ਰਿਪੋਰਟਾਂ ਬਹੁਤ ਸਾਦਾ ਅਤੇ
- ਪੰਜਾਬੀ ਸਕੂਲਾਂ, ਖੇਡਾਂ, ਗੋਸ਼ਟੀਆਂ, ਕੈਂਪਾਂ ਅਤੇ ਅੰਗਰੇਜ਼ੀ ਵਿਚ ਪ੍ਰੋਗਰਾਮਾਂ ਰਾਹੀਂ ਗੁਰੂਘਰ ਦੇ ਕਾਰਜਾਂ ਵਿਚ ਨਵੀਂ
- ਗੁਰੂਘਰ ਅੰਦਰ ਤ੍ਰੈਮਾਸਿਕ ਮੈਡੀਕਲ ਕਲੀਨਿਕ ਲਾਉਣ ਲਈ ਸਿਹਤ ਸੰਸਥਾਵਾਂ ਨਾਲ ਰਾਬਤਾ ਬਣਾਉਣਾ।
- ਭਵਿੱਖ ਦੀਆਂ ਯੋਜਨਾਵਾਂ ਅਨੁਸਾਰ ਨਵੀਂ ਇਮਾਰਤ, ਜਿਮਨੇਜ਼ੀਅਮ ਅਤੇ ਬਜ਼ੁਰਗਾਂ ਲਈ ਸਹੂਲਤਾਂ ਦਾ ਬੰਦੋਬਸਤ ਕਰਨਾ।
- ਭਾਈਚਾਰੇ ਦੇ ਬਹੁਤ ਲੋੜਵੰਦ ਲੋਕਾਂ ਲਈ 24 ਘੰਟੇ ਸੱਤੇ ਦਿਨ ਫੋਨ ਲਾਈਨ ਕਾਇਮ ਕਰਨ ਦੀ ਸੰਭਾਵਨਾ ਦਾ ਪਤਾ ਲਗਾਉਣਾ।



## ਪੰਥਕ ਸਲੇਟ ਦੇ ਉਮੀਦਵਾਰ



ਸ. ਗੁਰਨਾਮ ਸਿੰਘ ਪੰਮਾ | ਜਸਵੰਤ ਬੈਂਸ | ਸਰਬ ਥਿਆੜਾ | ਕੁਲਦੀਪ ਸਿੰਘ ਅਟਵਾਲ | ਪ੍ਰਮਿੰਦਰ ਸਿੰਘ ਗਰੇਵਾਲ | ਯੂਬਾ ਸਿਟੀ ਸਿੱਖ ਪਰੇਡ ਦੇ ਬਾਨੀ ਦੀਦਾਰ ਸਿੰਘ ਬੈਂਸ | ਸ. ਗੁਰਮੇਜ ਸਿੰਘ ਗਿੱਲ | ਹਰਦੀਪ ਢਾਡਲੀ | ਕਰਮ ਸਿੰਘ ਬੈਂਸ | ਬਲਰਾਜ ਸਿੰਘ ਢਿੱਲੋਂ | ਕੁਲਦੀਪ ਸਿੰਘ ਸਹੋਤਾ (ਐਮ ਏ ਡੀ ਪੀ ਈ) | ਸ. ਮਨਜੀਤ ਸਿੰਘ ਢਿੱਲੋਂ | ਸ. ਦਲਬੀਰ ਸਿੰਘ ਗਿੱਲ | ਜਸਵਿੰਦਰ ਸਿੰਘ ਹੁੰਦਲ | ਸ. ਹਰਮਨ ਸਿੰਘ | ਸ. ਮਨਦੀਪ ਸਿੰਘ ਢਿੱਲੋਂ | ਸ. ਦਿਲਬਾਗ ਸਿੰਘ ਬੈਂਸ

ਸ. ਸਰਬਜੀਤ ਸਿੰਘ ਸਾਬੀ | ਰਛਪਾਲ ਸਿੰਘ ਦੁਸਾਂਝ | ਹਰਭਜਨ ਸਿੰਘ ਢੇਰੀ | ਸਵਰਨ ਸਿੰਘ ਢਿੱਲੋਂ | ਚਰਨਜੀਤ ਸਿੰਘ ਚੌਹਾਨ | ਜਗਦੀਸ਼ ਸਿੰਘ ਭੱਟੀ | ਨਿਰਮਲ ਸਿੰਘ ਜੰਡਾ | ਜਸਵਿੰਦਰ ਸਿੰਘ ਕੰਗ | ਗੁਰੀਤ ਸਿੰਘ ਹੇਅਰ | ਗੁਰਪ੍ਰੀਤ ਸਿੰਘ ਧਰਨੀ | ਜਸਵੀਰ ਸਿੰਘ ਧਾਮੀ | ਰੇਸ਼ਮ ਸਿੰਘ ਚੌਹਾਨ | ਨਰਿੰਦਰ ਸਿੰਘ | ਗੁਰਚਰਨ ਸਿੰਘ ਰੰਧਾਵਾ | ਬਲਵਿੰਦਰ ਸਿੰਘ ਸਮਰਾ | ਅਜਾਇਬ ਸਿੰਘ ਮੱਲੀ | ਅਮਰੀਕ ਸਿੰਘ ਮਾਹਲ

ਹਰਵਿੰਦਰ ਸਿੰਘ ਬਿੱਲਾ | ਕੁਲਤਾਰ ਸਿੰਘ ਚੀਮਾ | ਗੁਰਨੇਕ ਸਿੰਘ ਨੇਕਾ | ਮਹਾ ਸਿੰਘ ਢਿੱਲੋਂ | ਮੇਵਾ ਸਿੰਘ ਬੈਂਸ | ਹਰਬੰਸ ਸਿੰਘ ਧਨੋਆ (ਸਾਮਾ) | ਹਰਨਰਿੰਦਰ ਸਿੰਘ ਪਿੰਕਾ | ਹਰਜੀਤ ਸਿੰਘ ਗਿੱਲ | ਜਸਪ੍ਰੀਤ ਸਿੰਘ ਥਿਆੜਾ (ਜੱਸਾ) | ਹਰਨੇਕ ਸਿੰਘ | ਕੁਲਦੀਪ ਸਿੰਘ ਔਜਲਾ | ਹਰਨਾਮ ਸਿੰਘ ਬਸਰਾ | ਪਾਲੀ ਸਿੰਘ ਸੰਘਾ | ਸੁਖਵਿੰਦਰ ਸਿੰਘ ਤੰਬੜ | ਬਲਜੀਤ ਸਿੰਘ ਜੱਜ | ਪਲਵਿੰਦਰ ਸਿੰਘ ਮਾਹੀ | ਗੁਰਮੀਤ ਤੱਖੜ | ਮੋਹਿੰਦਰ ਸਿੰਘ ਨਿੱਜਰ

ਤਾਰਾ ਸਿੰਘ ਭੰਗਲ | ਭਜਨ ਸਿੰਘ ਥਿਆੜਾ | ਦਿਲਬਾਰ ਸਿੰਘ ਸੰਧਰ | ਸ. ਨਛੱਤਰ ਸਿੰਘ ਚੌਹਾਨ | ਸਿੰਘ ਥਿਆੜਾ | ਅਮਰਜੀਤ ਸਿੰਘ ਹੁੰਦਲ | ਬਲਬੀਰ ਸਿੰਘ ਸੋਹਲ | ਗੁਰਕਮਲਜੀਤ ਕਾਲਕਟ | ਹਰਭਜਨ ਸੰਧੂ | ਸੁਰਜੀਤ ਸਿੰਘ ਬੈਂਸ | ਹਰਮਿੰਦਰ ਸਿੰਘ | ਕੇਵਲ ਸਿੰਘ | ਲਖਵੀਰ ਸਿੰਘ ਨਾਗਰਾ | ਪਾਲ ਸਿੰਘ ਗਿੱਲ | ਰੇਸ਼ਮ ਸਿੰਘ ਪੁਰੇਵਾਲ | ਰਵਿੰਦਰ ਸਿੰਘ ਸਹੋਤਾ | ਸੰਦੀਪ ਸਿੰਘ | ਸੁਖਜੀਵਨ ਸਿੰਘ ਬਿਹਾਲਾ | ਸੁਰਜੀਤ ਸਿੰਘ

# ਬੇਨਤੀ ਕਰਤਾ : ਪੰਥਕ ਸਲੇਟ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ (ਯੂਬਾਸਿਟੀ)


ਗੁਰਦੁਆਰਾ ਸਿੱਖ ਟੈਂਪਲ, ਯੂਬਾ ਸਿਟੀ
ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਬੋਰਡ ਦੀ ਚੋਣ
ਮਿਤੀ 27 ਅਤੇ 28 ਅਗਸਤ 2016
ਸਾਧ ਸੰਗਤ ਜੀ, ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਸੁਚੱਜਾ ਅਤੇ ਸੰਗਤਾਂ ਦੀ ਇੱਛਾ ਅਨੁਸਾਰ ਚਲਾਉਣ ਲਈ ਆ ਰਹੀਆਂ ਚੋਣਾਂ ਵਿਚ ਸਿੱਖ ਟੈਂਪਲ ਪੰਥਕ ਸਲੇਟ ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ।
ਸਿੱਖ ਟੈਂਪਲ ਪੰਥਕ ਸਲੇਟ ਦੇ ਟੀਚੇ ਅਤੇ ਮਨੋਰਥ
• ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਬੋਰਡ ਵਿਚ ਭਰੋਸਾ ਕਾਇਮ ਕਰਕੇ ਸਿੱਖ ਭਾਈਚਾਰੇ ਨੂੰ ਇਕਜੁੱਟ ਕਰਨਾ।
• ਭਾਈਚਾਰੇ ਦੀ ਸਲਾਹ ਲੈ ਕੇ ਗੁਰੂਘਰ ਦੇ ਕੰਮਾਂ ਵਿਚ ਭਾਈਚਾਰੇ ਦੀ ਭਾਈਵਾਲੀ ਨੂੰ ਉਤਸ਼ਾਹਿਤ ਕਰਨਾ।
ਸਮਝ ਆਉਣ ਵਾਲੇ ਤਰੀਕੇ ਨਾਲ ਸਮੇਂ ਸਿਰ ਜਾਰੀ ਕਰਨਾ।
ਪੀੜ੍ਹੀ ਦੀ ਭਾਈਵਾਲੀਨੂੰ ਉਤਸ਼ਾਹਿਤ ਕਰਨ ਦੇ ਪ੍ਰੋਗਰਾਮ ਬਣਾਉਣੇ।
• ਗੁਰੂਘਰ ਦੀਆਂ ਸੀਵਰ ਅਤੇ ਜਲ ਸੇਵਾਵਾਂ ਨੂੰ ਸਿਟੀ ਨਾਲ ਜੋੜਨਾ।
• ਫਿਊਨਰਲ ਹੋਮ ਬਣਾਉਣ ਦੀਆਂ ਸੰਭਾਵਨਾਵ ਦਾ ਪਤਾ ਲਾਉਣਾ।
• ਯੋਗ ਗ੍ਰੰਥੀ ਅਤੇ ਕੀਰਤਨੀ ਜਥੇ ਰੱਖ ਕੇ ਗੁਰੂਘਰ ਦੀਆਂ ਸੇਵਾਵਾਂ ਵਿਚ ਸੁਧਾਰ ਲਿਆਉਣਾ।
• ਗੁਰੂਘਰ ਦੇ ਵਿੱਤੀ ਮਾਮਲਿਆਂ ਨੂੰ ਲੈ ਕੇ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਉਣਾ, ਵਿੱਤੀ ਰਿਪੋਰਟਾਂ ਬਹੁਤ ਸਾਦਾ ਅਤੇ
• ਪੰਜਾਬੀ ਸਕੂਲਾਂ, ਖੇਡਾਂ, ਗੋਸ਼ਟੀਆਂ, ਕੈਂਪਾਂ ਅਤੇ ਅੰਗਰੇਜ਼ੀ ਵਿਚ ਪ੍ਰੋਗਰਾਮਾਂ ਰਾਹੀਂ ਗੁਰੂਘਰ ਦੇ ਕਾਰਜਾਂ ਵਿਚ ਨਵੀਂ
• ਗੁਰੂਘਰ ਅੰਦਰ ਤ੍ਰੈਮਾਸਿਕ ਮੈਡੀਕਲ ਕਲੀਨਿਕ ਲਾਉਣ ਲਈ ਸਿਹਤ ਸੰਸਥਾਵਾਂ ਨਾਲ ਰਾਬਤਾ ਬਣਾਉਣਾ।
• ਭਵਿੱਖ ਦੀਆਂ ਯੋਜਨਾਵਾਂ ਅਨੁਸਾਰ ਨਵੀਂ ਇਮਾਰਤ, ਜ਼ਿਮਨੇਜ਼ੀਅਮ ਅਤੇ ਬਜ਼ੁਰਗਾਂ ਲਈ ਸਹੂਲਤਾਂ ਦਾ ਬੰਦੋਬਸਤ ਕਰਨਾ।
• ਭਾਈਚਾਰੇ ਦੇ ਬਹੁਤ ਲੋੜਵੰਦ ਲੋਕਾਂ ਲਈ 24 ਘੰਟੇ ਸੱਤੇ ਦਿਨ ਫੋਨ ਲਾਈਨ ਕਾਇਮ ਕਰਨ ਦੀ ਸੰਭਾਵਨਾ ਦਾ ਪਤਾ ਲਗਾਉਣਾ।
ਪੰਥਕ ਸਲੇਟ ਦੇ ਉਮੀਦਵਾਰ
ਸ. ਗੁਰਨਾਮ ਸਿੰਘ ਪੰਮਾ
ਜਸਵੰਤ ਬੈਂਸ
ਸਰਬ ਬਿਆੜਾ
ਕੁਲਦੀਪ ਸਿੰਘ ਅਟਵਾਲ
ਪ੍ਰਮਿੰਦਰ ਸਿੰਘ ਗਰੇਵਾਲ
ਯੂਬਾ ਸਿਟੀ ਸਿੱਖ ਪਰੇਡ ਦੇ ਬਾਨੀ ਦੀਦਾਰ ਸਿੰਘ ਬੈਂਸ
ਸ. ਗੁਰਮੇਜ ਸਿੰਘ ਗਿੱਲ
ਹਰਦੀਪ ਢਾਡਲੀ
ਕਰਮ ਸਿੰਘ ਬੈਂਸ
ਬਲਰਾਜ ਸਿੰਘ ਢਿੱਲੋਂ
ਕੁਲਦੀਪ ਸਿੰਘ ਸ਼ੇਰਾ (ਐਮ ਏ ਬੀ ਪੀ ਈ)
ਸ. ਮਨਜੀਤ ਸਿੰਘ ਢਿੱਲੋਂ
ਸ. ਦਲਬੀਰ ਸਿੰਘ ਗਿੱਲ
ਜਸਵਿੰਦਰ ਸਿੰਘ ਹੁੰਦਲ
ਸ. ਹਰਮਨ ਸਿੰਘ
ਸ. ਮਨਦੀਪ ਸਿੰਘ ਢਿੱਲੋਂ
ਸ. ਦਿਲਬਾਗ ਸਿੰਘ ਬੈਂਸ
ਸ. ਸਰਬਜੀਤ ਸਿੰਘ ਸਾਬੀ
ਰਛਪਾਲ ਸਿੰਘ ਦੁਸਾਂਝ
ਹਰਭਜਨ ਸਿੰਘ ਢੇਰੀ
ਸਵਰਨ ਸਿੰਘ ਢਿੱਲੋਂ
ਚਰਨਜੀਤ ਸਿੰਘ ਚੌਹਾਨ
ਜਗਦੀਸ਼ ਸਿੰਘ ਭੱਟੀ
ਨਿਰਮਲ ਸਿੰਘ ਜੰਡਾ
ਜਸਵਿੰਦਰ ਸਿੰਘ ਕੰਗ
ਗੁਰੌਤ ਸਿੰਘ ਹੇਅਰ
ਗੁਰਪ੍ਰੀਤ ਸਿੰਘ ਧਰਨੀ
ਜਸਵੀਰ ਸਿੰਘ ਧਾਮੀ
ਰੇਸ਼ਮ ਸਿੰਘ ਚੌਹਾਨ
ਨਰਿੰਦਰ ਸਿੰਘ
ਗੁਰਚਰਨ ਸਿੰਘ ਰੰਧਾਵਾ
ਬਲਵਿੰਦਰ ਸਿੰਘ ਸਮਰਾ
ਅਜਾਇਬ ਸਿੰਘ ਮੱਲੀ
ਅਮਰੀਕ ਸਿੰਘ ਮਾਹਲ
ਹਰਵਿੰਦਰ ਸਿੰਘ ਬਿੱਲਾ
ਕੁਲਤਾਰ ਸਿੰਘ ਢੀਮਾ
ਗੁਰਨੇਕ ਸਿੰਘ ਨੇਕਾ
ਮਹਾ ਸਿੰਘ ਢਿੱਲੋਂ
ਮੇਵਾ ਸਿੰਘ ਬੈਂਸ
ਹਰਬੰਸ ਸਿੰਘ ਧਨੋਆ (ਸਾਮਾ)
ਹਰਨਰਿੰਦਰ ਸਿੰਘ ਪਿੰਕਾ
ਹਰਜੀਤ ਸਿੰਘ ਗਿੱਲ
ਜਸਪ੍ਰੀਤ ਸਿੰਘ ਬਿਆੜਾ (ਜੱਸਾ)
ਹਰਨੇਕ ਸਿੰਘ
ਕੁਲਦੀਪ ਸਿੰਘ ਅੰਜਲਾ
ਹਰਨਾਮ ਸਿੰਘ ਬਸਰਾ
ਪਾਲੀ ਸਿੰਘ ਸੰਘਾ
ਸੁਖਵਿੰਦਰ ਸਿੰਘ ਤੰਬੜ
ਬਲਜੀਤ ਸਿੰਘ ਜੱਜ
ਪਲਵਿੰਦਰ ਸਿੰਘ ਮਾਹੀ
ਗੁਰਮੀਤ ਤੱਖੜ
ਮੋਹਿੰਦਰ ਸਿੰਘ ਨਿੱਜਰ
ਤਾਰਾ ਸਿੰਘ ਭੰਗਲ
ਭਜਨ ਸਿੰਘ ਬਿਆੜਾ
ਦਿਲਬਾਗ ਸਿੰਘ ਸੰਧਰ
ਸ. ਨਛੱਤਰ ਸਿੰਘ ਚੌਹਾਨ
ਸਿੰਘ ਬਿਆੜਾ
ਅਮਰਜੀਤ ਸਿੰਘ ਹੁੰਦਲ
ਬਲਬੀਰ ਸਿੰਘ ਸੋਹਲ
ਗੁਰਕਮਲਜੀਤ ਕਾਲਕਟ
ਹਰਭਜਨ ਸੰਧੂ
ਸੁਰਜੀਤ ਸਿੰਘ ਬੈਂਸ
ਹਰਮਿੰਦਰ ਸਿੰਘ
ਕੇਵਲ ਸਿੰਘ
ਲਖਵੀਰ ਸਿੰਘ ਨਾਗਰਾ
ਪਾਲ ਸਿੰਘ ਗਿੱਲ
ਰੇਸ਼ਮ ਸਿੰਘ ਪੁਰੇਵਾਲ
ਰਵਿੰਦਰ ਸਿੰਘ ਸਹੋਤਾ
ਸੰਦੀਪ ਸਿੰਘ
ਸੁਖਜੀਵਨ ਸਿੰਘ ਬਿਹਾਲਾ
ਗੁਰਜੀਤ ਸਿੰਘ
ਬੇਨਤੀ ਕਰਤਾ : ਪੰਥਕ ਸਲੇਟ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ (ਯੂਬਾਸਿਟੀ)

# ਨਗਰ ਵਾਲੇ ਸੰਤ ਬਾਬਾ ਮੇਲਾ ਰਾਮ ਜੀ

## ਦੀ 63ਵੀਂ ਬਰਸੀ ਸੈਕਰਾਮੈਂਟੋ ਵਿਖੇ ਪੂਰਨ ਸ਼ਰਧਾ ਨਾਲ ਮਨਾਈ ਜਾ ਰਹੀ ਹੈ

ਧੰਨ ਧੰਨ ਸੰਤ ਬਾਬਾ ਮੇਲਾ ਰਾਮ ਜੀ ਨਗਰ ਵਾਲਿਆਂ ਦੀ 63ਵੀਂ ਬਰਸੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ 28 ਅਗਸਤ, ਦਿਨ ਐਤਵਾਰ ਨੂੰ ਬਹੁਤ ਸ਼ਰਧਾ ਪੂਰਵਕ ਮਨਾਈ ਜਾਵੇਗੀ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 26 ਅਗਸਤ ਦਿਨ ਸ਼ੁੱਕਰਵਾਰ ਨੂੰ ਪ੍ਰਾਰੰਭ ਹੋਣਗੇ ਅਤੇ 28 ਅਗਸਤ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ। ਇਸ ਮੌਕੇ ਗੁਰੂ ਘਰ ਦਾ ਰਾਗੀ ਜਥਾ ਅਤੇ ਹੋਰ ਪੰਥ ਪ੍ਰਸਿੱਧ ਜਥੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤ ਨੂੰ ਨਿਹਾਲ ਕਰਨਗੇ।

ਨਿਮਰਤਾ ਸਹਿਤ ਬੇਨਤੀ ਕਰਤਾ


ਹੋਰ ਜਾਣਕਾਰੀ ਲਈ ਸੰਪਰਕ ਕਰੋ:

| ਰਮੇਸ਼ ਬੰਗੜ | ਸਤੀਸ਼ ਰੱਲ੍ਹ | ਬਲਬੀਰ ਕਲੇਰ |
|---|---|---|
| 916-821-2175 | 916-214-9092 | 916-769-8569 |

## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ)

**6221, 16th St. Rio Linda, CA 95673**

**ਫੋਨ- 916-992-1710**




ਸੰਤ ਬਾਬਾ ਭਗਵਾਨ ਦਾਸ ਜੀ
ਡੇਰਾ ਸੰਤ ਬਾਬਾ ਮੇਲਾ ਰਾਮ ਜੀ
ਨਗਰ, ਤਹਿਸੀਲ ਫਿਲੌਰ (ਜਲੰਧਰ)


# TANDOOR Indian Restaurant

**27167 Mission Blvd. Hayward, CA 95544**







ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hayward, CA 94544



Harmandeep Singh

# ਪ੍ਰੋ: ਗੁਰਦਿਆਲ ਸਿੰਘ- ਪੰਜਾਬੀ ਸਾਹਿਤ ਦੇ ਇਤਿਹਾਸ ਦਾ ਅਨਮੋਲ ਰਤਨ



ਪ੍ਰੋ: ਐਚ.ਐਲ.ਕਪੂਰ
001- 916- 587-4002

'ਪਰਸਾ' ਨਾਵਲ ਤੇ 'ਗਿਆਨਪੀਠ' ਪੁਰਸਕਾਰ ਜੇਤੂ ਤੇ ਵਿਸ਼ਵ ਭਰ 'ਚ ਪ੍ਰਸਿੱਧੀ ਹਾਸਲ ਕਰਨ ਵਾਲੇ ਪੰਜਾਬੀ ਸਾਹਿਤ ਦੇ, ਸਰਦਾਰ ਨਾਨਕ ਸਿੰਘ ਤੇ ਸਰਦਾਰ ਜਸਵੰਤ ਸਿੰਘ 'ਕੰਵਲ' ਤੋਂ ਬਾਅਦ, ਸਿਰਮੌਰ ਨਾਵਲਕਾਰ ਤੇ ਚਿੰਤਕ ਪ੍ਰੋ. ਗੁਰਦਿਆਲ ਸਿੰਘ ਇਸ ਸੰਸਾਰ 'ਚ ਨਹੀਂ ਰਹੇ। ਉਹ ਕੁਝ ਸਮੇਂ ਤੋਂ ਬਿਮਾਰ ਸਨ ਤੇ ਮਿਤੀ 16 ਅਗਸਤ, 2016 ਨੂੰ ਉਨ੍ਹਾਂ ਨੇ ਦਿਨ ਦੇ ਕੋਈ ਡੇਢ ਵਜੇ ਬਠਿੰਡਾ ਦੇ 'ਮੈਕਸ ਹਸਪਤਾਲ' 'ਚ ਆਖਰੀ ਸਾਹ ਲਿਆ। ਤਕਰੀਬਨ ਡੇਢ ਮਹੀਨਾ ਪਹਿਲਾਂ ਘਰ 'ਚ ਡਿੱਗਣ ਕਾਰਨ ਉਨ੍ਹਾਂ ਦਾ ਚੂਲਾ ਟੁੱਟ ਗਿਆ ਸੀਤੇ ਉਨ੍ਹਾਂ ਦਾ ਅਪਰੇਸ਼ਨ ਲੁਧਿਆਣਾ ਦੇ ਇਕ ਹਸਪਤਾਲ 'ਚ ਹੋਇਆ ਸੀ। ਹਫਤਾ ਕੁ ਪਹਿਲਾਂ ਹੀ ਉਹ ਬਿਮਾਰ ਹੋ ਗਏ ਤੇ ਉਨ੍ਹਾਂ ਨੂੰ ਬਠਿੰਡਾ ਦੇ ਇਕ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ ਤੇ ਅਚਾਨਕ ਉਨ੍ਹਾਂ ਦੇ ਗੁਰਦਿਆਂ 'ਚ ਆਈ ਖਰਾਬੀ ਕਾਰਨ, ਪਿਛਲੇ ਕੁਝ ਦਿਨਾਂ ਤੋਂ ਉਨ੍ਹਾਂ ਦੀ ਹਾਲਤ ਠੀਕ ਨਹੀਂ ਚੱਲ ਰਹੀ ਸੀ।

ਇਹ ਗੱਲ ਬੜਾ ਧਿਆਨ ਦੇਣ ਵਾਲੀ ਹੈ ਕਿ ਉਨ੍ਹਾਂ ਦਾ ਜਨਮ ਮਿਤੀ 10 ਜਨਵਰੀ, 1938 ਨੂੰ ਇਕ ਅਜਿਹੇ ਪਰਿਵਾਰ 'ਚ ਹੋਇਆ, ਜਿਸ ਦੀ ਆਰਥਿਕ ਦਸ਼ਾ, ਇਕ ਲੀਰੋ-ਲੀਰ ਤੇ ਮੈਲੇ-ਕੁਚੈਲੇ ਕੁੜਤੇ-ਪਜਾਮੇ ਵਰਗੀ ਹੋਵੇ। ਪ੍ਰੋ. ਗੁਰਦਿਆਲ ਸਿੰਘ ਨੇ ਆਪਣੀ ਜ਼ਿੰਦਗੀ ਦੇ ਆਰੰਭਕ ਦਿਨਾਂ ਤੋਂ ਲੈ ਕੇ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਅਣਗਿਣਤ ਚੁਣੌਤੀਆਂ ਦਾ ਖਿੜ੍ਹੇ-ਮੱਥੇ ਸਾਹਮਣਾ ਕੀਤਾ। ਉਨ੍ਹਾਂ ਨੇ ਆਪਣਾ ਜੀਵਨ ਜੈਤੋ ਮੰਡੀ ਦੇ ਇਕ ਸਧਾਰਨ ਜਿਹੇ ਘਰ 'ਚ ਗੁਜ਼ਾਰਿਆ ਤੇ ਘਰ ਦੇ ਚੁਬਾਰੇ 'ਚ ਹੀ ਬੈਠ ਕੇ ਆਪਣੇ ਸਾਰੇ ਸਾਹਿਤ ਦੀ ਰਚਨਾ ਕੀਤੀ। ਜਿਸ ਗਲੀ 'ਚ ਉਨ੍ਹਾਂ ਦਾ ਸਧਾਰਨ ਜਿਹਾ ਘਰ ਹੈ ਉਸ ਗਲੀ ਦਾ ਪਹਿਲਾਂ ਨਾਂਅ 'ਮੇਹਰ ਚੰਦ ਸਟਰੀਟ' ਸੀ ਤੇ ਉਹਨਾਂ ਨੂੰ 'ਗਿਆਨਪੀਠ' ਪੁਰਸਕਾਰ ਮਿਲਣ ਉਪਰੰਤ ਉਸ ਗਲੀ ਦਾ ਨਾਂਅ ਸਰਕਾਰ ਨੇ 'ਗਿਆਨਪੀਠ ਮਾਰਗ' ਰੱਖ ਦਿੱਤਾ।

ਉਨ੍ਹਾਂ ਦੇ ਪਿਤਾ ਦਾ ਨਾਂਅ ਸਰਦਾਰ ਜਗਤ ਸਿੰਘ ਸੀ ਤੇ ਉਹ ਪ੍ਰੋ. ਗੁਰਦਿਆਲ ਸਿੰਘ ਨੂੰ ਆਪਣੇ ਜੱਦੀ-ਪੁਸ਼ਤੀ ਕਿੱਤੇ 'ਚ ਹੀ ਪਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਪ੍ਰਾਇਮਰੀ ਪਾਸ ਕਰਨ ਉਪਰੰਤ ਪੜ੍ਹਾਈ ਛੱਡ ਦਿੱਤੀ ਤੇ ਕਈ ਸਾਲ ਜ਼ਿੰਦਗੀ ਦੇ ਆਰੰਭਕ ਦਿਨਾਂ 'ਚ ਚਿੱਤਰਕਾਰੀ ਦੇ ਕਿੱਤੇ ਨਾਲ, ਆਪਣਾ ਜੀਵਨ ਸ਼ੁਰੂ ਕੀਤਾ। ਇਸ ਤੋਂ ਬਾਅਦ ਉਹ ਜੈਤੋ ਦੇ ਗੁਰਦੁਆਰੇ ਗੰਗਸਰ ਸਾਹਿਬ 'ਚ ਕੀਰਤਨ ਕਰਦੇ ਰਹੇ। ਫਿਰ ਹੈਡਮਾਸਟਰ ਮਦਨ ਮੋਹਨ ਸ਼ਰਮਾ ਅਚਾਨਕ ਉਨ੍ਹਾਂ ਦੀ ਜ਼ਿੰਦਗੀ 'ਚ ਵਰਦਾਨ ਬਣ ਕੇ ਆਏ। ਉਨ੍ਹਾਂ ਦੀ ਪ੍ਰੇਰਨਾ ਨਾਲ ਦੀਵੇ ਦੀ ਲੋਅ ਹੇਠ ਪੜ੍ਹਾਈ ਕਰਦਿਆਂ, ਦਿਨ ਰਾਤ ਮਿਹਨਤ ਕੀਤੀ ਤੇ ਦਸਵੀਂ ਪਾਸ ਕਰਨ ਉਪਰੰਤ ਗਿਆਨੀ ਤੇ ਜੇ. ਬੀ. ਟੀ. ਦੇ ਇਮਤਿਹਾਨ ਪਾਸ ਕੀਤੇ ਤੇ ਉਹ ਅਧਿਆਪਕ ਬਣ ਗਏ। ਇਸ ਉਪਰੰਤ ਉਨ੍ਹਾਂ ਨੇ ਆਪਣੀ ਪਹਿਲੀ ਰਚਨਾ 'ਰਾਹੀ' ਦੇ ਤਖ਼ੱਲਸ ਨਾਲ ਲਿਖੀ ਜਿਸ ਦਾ ਨਾਂਅ ਸੀ 'ਗੰਗਸਰ ਦੇ ਸ਼ਹੀਦ'। ਇਹ ਰਚਨਾ ਜੈਤੋ ਦੇ ਮੋਰਚੇ ਨਾਲ ਸਬੰਧਤ ਸੀ। ਉਨ੍ਹਾਂ ਦੇ ਪਰਿਵਾਰ 'ਚ ਪਤਨੀ ਸ੍ਰੀਮਤੀ ਬਲਵੰਤ ਕੌਰ, ਇਕ ਪੁੱਤਰ ਰਵਿੰਦਰ 'ਰਾਹੀ', ਦੋ ਧੀਆਂ ਤੇ ਦੋ ਪੋਤਰੇ ਜਿਨ੍ਹਾਂ ਦੇ ਨਾਂਅ ਸੁਖਰੀਤ ਤੇ ਗੁਰਵਿੰਦਰ ਹੈ, ਸ਼ਾਮਲ ਹਨ।

ਨਾਵਲਕਾਰ ਪ੍ਰੋ. ਗੁਰਦਿਆਲ ਸਿੰਘ ਪੰਜਾਬੀ ਸਾਹਿਤ ਦਾ ਇਕੱਲਾ ਲਿਖਾਰੀ ਹੈ ਜਿਸ ਨੇ ਇਕ ਪ੍ਰਗਤੀਵਾਦੀ ਤੇ ਸੁਚੇਤ ਸਾਹਿਤਕਾਰ ਵਜੋਂ ਪਿਛਲੀ ਅੱਧੀ ਸਦੀ ਤੋਂ ਵੀ ਜ਼ਿਆਦਾ ਸਮਾਂ ਲਗਾਤਾਰ ਲਿਖਿਆ ਹੈ। ਇਹ ਮਾਣ-ਸਨਮਾਨ ਵੀ ਸਿਰਫ਼ ਉਨ੍ਹਾਂ ਦੇ ਹਿੱਸੇ ਹੀ ਆਇਆ। ਉਨ੍ਹਾਂ ਦੀਆਂ ਰਚਨਾਵਾਂ ਨੂੰ ਹਰ ਸੂਝਵਾਨ ਪਾਠਕ, ਵਿਦਵਾਨ ਚਿੰਤਕਾਂ ਤੇ ਆਲੋਚਕਾਂ ਨੇ ਰੱਜ ਕੇ ਸਲਾਹਿਆ, ਅਜਿਹਾ ਮਾਣ-ਸਨਮਾਨ ਆਪਣੇ ਜਿਉਂਦੇ-ਜੀਅ ਪੰਜਾਬੀ ਦੇ ਕਿਸੇ ਹੋਰ ਸਾਹਿਤਕਾਰ ਦੇ ਹਿੱਸੇ ਨਹੀਂ ਆਇਆ। ਇਹ ਉਨ੍ਹਾਂ ਦੀ ਇਕ ਬਹੁਤ ਵੱਡੀ ਪ੍ਰਾਪਤੀ ਹੈ।

ਪ੍ਰੋ. ਗੁਰਦਿਆਲ ਸਿੰਘ ਜੀ ਨੇ ਪੰਜਾਬੀ ਸਾਹਿਤ 'ਚ ਸਭ ਤੋਂ ਪਹਿਲਾਂ ਆਪਣੀ ਹਾਜ਼ਰੀ ਇਕ ਕਹਾਣੀਕਾਰ ਵਜੋਂ ਲੁਆਈ ਤੇ ਉਨ੍ਹਾਂ ਦੀ ਸਭ ਤੋਂ ਪਹਿਲੀ ਕਹਾਣੀ 'ਭਾਗਾਂ ਵਾਲੇ' ਪੰਜਾਬੀ ਸਾਹਿਤ ਦੇ ਸ਼ਹਿਨਸ਼ਾਹ ਤੇ ਯੁੱਗ-ਕਵੀ ਪ੍ਰੋ. ਮੋਹਨ ਸਿੰਘ ਜੀ ਦੇ ਛਪਦੇ ਰਸਾਲੇ 'ਪੰਜ ਦਰਿਆ' ਸਤੰਬਰ 1957 'ਚ ਛਪੀ। ਇਸ ਤੋਂ ਉਪਰੰਤ ਲਗਾਤਾਰ ਉਹਨਾਂ ਦੀਆਂ ਕਹਾਣੀਆਂ ਤੇ ਹੋਰ ਰਚਨਾਵਾਂ, ਉਸ ਸਮੇਂ ਦੇ ਬਹੁਤ ਹੀ ਉਚਤਮ ਦਰਜੇ ਦੇ ਸਾਹਿਤਕ ਰਸਾਲੇ 'ਪ੍ਰੀਤ ਲੜੀ' ਤੇ 'ਪੰਜ ਦਰਿਆ' ਵਿਚ ਛਪਦੀਆਂ ਰਹੀਆਂ। ਇਸ ਦੇ ਨਾਲ-ਨਾਲ ਬੱਚਿਆਂ ਲਈ ਛਪਦੇ ਉਦੋਂ ਦੇ ਪ੍ਰਸਿੱਧ ਰਸਾਲੇ 'ਬਾਲ ਸੰਦੇਸ਼' ਵਿਚ ਵੀ 'ਬਕਲਮਖ਼ੁਦ' ਦੇ ਅਨੁਵਾਦ ਤਹਿਤ ਛਪੀਆਂ, ਉਨ੍ਹਾਂ ਦਾ ਸੰਗ੍ਰਹਿ 'ਬਕਲਮਖ਼ੁਦ' ਦੇ ਨਾਂ ਨਾਲ ਹੀ 1960 'ਚ ਪ੍ਰਕਾਸ਼ਿਤ ਹੋਇਆ। ਉਸੇ ਸਾਲ ਹੀ ਉਨ੍ਹਾਂ ਦਾ ਪਲੇਠਾ ਕਹਾਣੀ-ਸੰਗ੍ਰਹਿ 'ਸੱਗੀ-ਫੁੱਲ' ਛਪਕੇ ਪਾਠਕਾਂ ਦੇ ਰੂ-ਬਰੂ ਹੋਇਆ। ਇਸ ਸੰਗ੍ਰਹਿ ਦੇ ਆਰੰਭਕ ਸਫ਼ਿਆਂ 'ਤੇ ਹੀ ਗੁਰਬਖ਼ਸ਼ ਸਿੰਘ 'ਪ੍ਰੀਤਲੜੀ', ਪ੍ਰੋ. ਮੋਹਨ ਸਿੰਘ ਤੇ ਸੰਤ ਸਿੰਘ ਸੇਖੋਂ ਵਰਗੇ ਮਹਾਨ ਸਾਹਿਤਕਾਰਾਂ ਦੀਆਂ ਟਿੱਪਣੀਆਂ ਛਪੀਆਂ, ਜੋ ਉਸ ਵੇਲੇ ਦੇ ਇਕ ਨਵੇਂ ਲੇਖਕ ਲਈ ਇਕ ਮਾਅਰਕੇ ਦੀ ਗੱਲ ਕਹੀ ਜਾ ਸਕਦੀ ਹੈ। ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਪਲੇਠੀ ਰਚਨਾ ਨਾਲ ਹੀ ਪੰਜਾਬੀ ਸਾਹਿਤ ਦੇ ਜਗਤ 'ਚ ਆਪਣੀ ਸਥਾਪਤੀ ਬਣਾ ਲਈ ਸੀ।

ਜਦੋਂ ਪ੍ਰੋ. ਗੁਰਦਿਆਲ ਸਿੰਘ ਨੇ ਆਪਣਾ ਪਹਿਲਾ ਨਾਵਲ 'ਮੜ੍ਹੀ ਦਾ ਦੀਵਾ' ਸੰਨ 1964 'ਚ ਛਪਵਾ ਕੇ ਪਾਠਕਾਂ ਦੀ ਨਜ਼ਰ ਕੀਤਾ ਤਾਂ ਪੰਜਾਬੀ ਸਾਹਿਤ ਦੇ ਮਹਾਨ ਆਲੋਚਕ ਡਾ. ਅਤਰ ਸਿੰਘ ਜੀ ਨੇ ਇਸ ਨਾਵਲ ਦੀ ਤੁਲਨਾ ਭਾਰਤ ਦੇ ਹਿੰਦੀ ਸਾਹਿਤ ਦੇ ਮਹਾਨ ਗਲਪਕਾਰ ਮੁਨਸ਼ੀ ਪ੍ਰੇਮ ਚੰਦ ਦੇ ਕਲਾਸਿਕ ਨਾਵਲ 'ਗੋਦਾਨ' ਤੇ ਫਨੇਸ਼ਵਰ ਰੇਣੂੰ ਦੇ 'ਮੈਲਾ ਆਂਚਲ' ਨਾਲ ਕੀਤੀ ਸੀ। ਪ੍ਰੋ. ਗੁਰਦਿਆਲ ਸਿੰਘ ਦੇ ਨਾਵਲਾਂ ਦੇ ਮੁੱਖ-ਪਾਤਰ ਜਗਸੀਰ ਤੇ ਬਿਸ਼ਨਾ ਦੀ ਪਾਤਰ ਉਸਾਰੀ ਕਮਾਲ ਦੀ ਹੈ ਤੇ ਇਸ ਦੀ ਤੁਲਨਾ ਮਹਾਨ ਲੇਖਕ ਕਾਲੀਦਾਸ ਦੇ ਨਾਟਕਾਂ ਦੇ ਪਾਤਰਾਂ, ਬਿਲੀਅਮ ਸ਼ੇਕਸਪੀਅਰ ਦੇ ਨਾਟਕਾਂ ਦੇ ਪਾਤਰਾਂ, ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਦੇ ਮੁੱਖ-ਪਾਤਰ ਕਿਦਾਰ ਨਾਲ ਕੀਤੀ ਜਾ ਸਕਦੀ ਹੈ। ਪ੍ਰੋ. ਗੁਰਦਿਆਲ ਸਿੰਘ ਵੀ ਆਪਣੇ ਇਨ੍ਹਾਂ ਪਾਤਰਾਂ ਵਾਂਗ, ਆਪਣੇ ਜੀਵਨ 'ਚ ਸੰਘਰਸ਼ ਕਰਦਾ ਹੋਇਆ ਝੁੱਕਦਾ ਨਹੀਂ ਹੈ ਸਗੋਂ ਜੁਝਾਰਵਾਦੀ ਤੇ ਪ੍ਰਗਤੀਵਾਦੀ ਬਣ ਕੇ ਹਰ ਸਮੱਸਿਆ ਦਾ ਹੱਲ ਵਿਗਿਆਨਕ ਤਰੀਕੇ ਨਾਲ ਕੱਢਦਾ ਹੈ। ਪੰਜਾਬੀ ਸਾਹਿਤ ਦੇ ਪਿਤਾਮਾ ਨਾਵਲਕਾਰ ਨਾਨਕ ਸਿੰਘ ਜੀ ਨੇ ਨਾਵਲ ਪੜ੍ਹ ਕੇ ਇਸ ਤਰ੍ਹਾਂ ਕਿਹਾ ਸੀ ਕਿ, "ਮੜ੍ਹੀ ਦਾ ਦੀਵਾ' ਸ਼ਾਇਦ ਪੰਜਾਬੀ ਦਾ ਪਹਿਲਾ ਨਾਵਲ ਹੈ ਜਿਸ ਨੇ ਮੈਨੂੰ ਨਸ਼ਿਆ ਦਿੱਤਾ ਹੈ। ਇਸ ਤੋਂ ਨਾਵਲ ਬਾਰੇ ਬੜਾ ਸਪਸ਼ਟ ਅਨੁਮਾਨ ਹੁੰਦਾ ਹੈ ਕਿ ਨਾਵਲ ਨੂੰ ਪੜ੍ਹ ਕੇ ਸੁਆਦ ਆਉਣ ਤੋਂ ਉਪਰ ਦਾ ਅਨੁਭਵ ਨਸ਼ਿਆ ਜਾਣਾ ਹੀ ਹੋ ਸਕਦਾ ਹੈ। ਮੇਰੀ ਇਹ ਦਿਲੀ ਇੱਛਾ ਹੈ ਕਿ ਇਹ ਨੌਜਵਾਨ ਨਾਵਲਕਾਰ ਪੰਜਾਬੀ ਸਾਹਿਤ ਜਗਤ ਦੇ ਗਗਨ-ਮੰਡਲ 'ਚ ਧਰੂ-ਤਾਰਾ ਬਣਕੇ ਰੌਸ਼ਨ ਹੋਵੇ।" ਅਗਲੇ ਸਾਲ ਜਦੋਂ ਇਹ ਨਾਵਲ ਹਿੰਦੀ 'ਚ ਅਨੁਵਾਦ ਹੋ ਕੇ ਛਪਿਆ ਤਾਂ ਹਿੰਦੀ ਸਾਹਿਤ ਦੇ ਮਹਾਨ ਆਲੋਚਕ ਡਾ. ਨਾਮਵਰ ਸਿੰਘ ਨੇ ਇਸ ਦੀ ਤੁਲਨਾ ਰੂਸੀ ਨਾਵਲ 'ਜੰਗ ਤੇ ਅਮਨ' ਦੇ ਬਰਾਬਰ ਦੀ ਗਲਪ-ਰਚਨਾ ਕਰਾਰ ਦਿੱਤਾ। ਇਸ ਦੀ ਤੁਲਨਾ ਹਿੰਦੀ ਸਾਹਿਤ 'ਚ ਵੀ ਬੜੀ ਜ਼ਬਰਦਸਤ ਹੋਈ। ਪੰਜਾਬੀ ਸਾਹਿਤ ਜਗਤ ਦਾ ਇਹ ਪਲੇਠਾ ਨਾਵਲ ਸੀ, ਜਿਸ ਦਾ ਰੂਸੀ ਭਾਸ਼ਾ 'ਚ ਉਲੱਥਾ ਹੋਇਆ ਤੇ ਇਸ ਦੀ ਪੰਜ ਲੱਖ ਕਾਪੀ ਰੂਸ 'ਚ ਛਪ ਕੇ ਵਿਕੀ ਤੇ ਇਸ ਨਾਵਲ ਨੇ ਉਹਨਾਂ ਨੂੰ ਵਿਸ਼ਵ ਪ੍ਰਸਿੱਧ ਨਾਵਲਕਾਰਾਂ ਦੀ ਕਤਾਰ 'ਚ ਆਣ ਖਲਿਆਰਿਆ। ਇਹ ਉਹਨਾਂ ਦੀ ਆਪਣੇ ਜੀਵਨ ਦੀ ਇਕ ਅਹਿਮ ਪ੍ਰਾਪਤੀ ਸੀ।

ਆਪਣੇ ਪਹਿਲੇ ਨਾਵਲ 'ਮੜ੍ਹੀ ਦਾ ਦੀਵਾ' ਤੋਂ ਬਾਅਦ ਜਦੋਂ ਉਨ੍ਹਾਂ ਦਾ ਦੂਜਾ ਨਾਵਲ 'ਅਣਹੋਏ' ਛਪਿਆ ਤਾਂ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਇਸ ਨੂੰ ਸ਼ੇਕਸਪੀਅਰ ਦੇ ਮਹਾਨ ਨਾਟਕ 'ਹੈਮਿਲਟ' ਤੇ ਸੰਸਾਰ ਦੇ ਪਹਿਲੇ ਨਾਵਲਕਾਰ ਸਰਵਾਂਤੀ ਦੇ ਕਲਾਸਿਕ ਨਾਵਲ 'ਦਾਨ ਕੀ ਹੋਤੇ' ਦੇ ਬਰਾਬਰ ਦੀ ਰਚਨਾ ਮੰਨਿਆ। ਉਹਨਾਂ ਦਿਨਾਂ 'ਚ 1960 ਦੇ ਦਹਾਕਿਆਂ 'ਚ ਪੰਜਾਬੀ ਦੇ ਕਿਸੇ ਹੋਰ ਗਲਪਕਾਰ ਨੇ ਇਸ ਤਰ੍ਹਾਂ ਦੀ ਪ੍ਰਸਿੱਧੀ ਹਾਸਲ ਨਹੀਂ ਕੀਤੀ। ਪਿਛਲੇ 60 ਸਾਲਾਂ ਤੋਂ ਵੀ ਉਪਰ ਪ੍ਰੋ. ਗੁਰਦਿਆਲ ਸਿੰਘ ਨਿਰਵਿਘਨ ਕਹਾਣੀਆਂ, ਨਾਵਲ, ਬਾਲ-ਸਾਹਿਤ ਤੇ ਵਾਰਤਕ ਦੇ ਨਿਬੰਧ ਲਗਾਤਾਰ ਲਿਖਦਾ ਆ ਰਿਹਾ ਸੀ। ਅੱਠ ਦਹਾਕਿਆਂ ਨੂੰ ਟੱਪ ਚੁੱਕੇ ਇਸ ਮਹਾਨ ਲੇਖਕ ਨੇ ਚਾਲੀ ਸਾਲਾਂ ਤੋਂ ਉਪਰ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ 'ਚ ਪਹਿਲਾਂ ਜੇ. ਬੀ. ਟੀ. ਤੇ ਫਿਰ ਗਿਆਨੀ ਪਾਸ ਕਰਕੇ ਇਕ ਪ੍ਰਾਇਮਰੀ ਤੇ ਹਾਈ ਸਕੂਲ ਦੀ ਅਧਿਆਪਕੀ ਤੋਂ ਪ੍ਰੋਫੈਸਰ ਤੱਕ ਦੇ ਐਮ. ਏ., ਐਮ. ਫਿਲ ਤੱਕ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ ਤੇ ਜ਼ਿੰਦਗੀ ਦਾ ਵਿਸ਼ਾਲ ਤਜਰਬਾ ਹਾਸਲ ਕੀਤਾ। ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਤੇ ਆਰਥਿਕ ਮੰਦਹਾਲੀ ਨਾਲ ਜੂਝਦਿਆਂ ਹੋਇਆਂ ਵੀ ਉਹਨਾਂ ਨੇ ਆਪਣੀ ਕਲਮ ਨੂੰ ਕਦੇ ਵੀ ਵਿਰਾਮ ਨਹੀਂ ਲਗਾਇਆ ਤੇ ਇਸ ਨੂੰ ਹਮੇਸ਼ਾ ਚੜ੍ਹਦੀਕਲਾ 'ਚ ਰੱਖਿਆ ਤੇ ਆਪਣੀਆਂ ਰਚਨਾਵਾਂ ਨੂੰ ਆਪਣੀਆਂ ਪਲੇਠੀਆਂ ਰਚਨਾਵਾਂ ਦੇ ਪੱਧਰ ਤੋਂ ਕਦੇ ਵੀ ਨੀਵਾਂ ਨਹੀਂ ਡਿੱਗਣ ਦਿੱਤਾ। ਪੰਜਾਬੀ ਸਾਹਿਤ ਦੇ ਮਹਾਨ ਤੇ ਪਿਤਾਮਾ ਨਾਵਲਕਾਰ ਨਾਨਕ ਸਿੰਘ ਤੋਂ ਮਗਰੋਂ ਇਕੱਲੇ ਪ੍ਰੋ. ਗੁਰਦਿਆਲ ਸਿੰਘ ਜੀ ਹੀ ਇਕ ਅਜਿਹੇ ਮਹਾਨ ਲੇਖਕ ਹਨ, ਜਿਹਨਾਂ ਦੀਆਂ ਰਚਨਾਵਾਂ 'ਗੁਰਦਿਆਲ ਸਿੰਘ ਰਚਨਾਵਲੀ' ਦੇ ਅਨੁਵਾਦ ਹੇਠ ਦਸ ਭਾਗਾਂ ਵਿਚ ਛਪੀਆਂ ਹਨ। ਉਸ ਦੀਆ ਜਿਹੜੀਆਂ ਕੁਝ ਰਚਨਾਵਾਂ 'ਕਾਪੀ ਰਾਈਟ' ਦੇ ਝਮੇਲੇ ਕਾਰਨ ਇਸ ਰਚਨਾਵਲੀ 'ਚ ਨਹੀਂ ਛਪ ਸਕੀਆਂ, ਉਹਨਾਂ ਦਿਨਾਂ ਦੇ ਪ੍ਰਕਾਸ਼ਕ 'ਲੋਕਗੀਤ ਪ੍ਰਕਾਸ਼ਨ' ਵੱਲੋਂ ਦੋ ਭਾਗਾਂ 'ਚ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਇਹ ਉਹਨਾਂ ਦਾ ਵੱਡਾ ਸੁਭਾਗ ਹੀ ਤਾਂ ਸੀ।



ਅੱਜ ਤੱਕ ਤਕਰੀਬਨ ਉਹਨਾਂ ਦੇ 10 ਨਾਵਲ, 110 ਤੋਂ ਉਪਰ ਕਹਾਣੀਆਂ, 70 ਤੋਂ ਉਪਰ ਬਾਲ-ਕਹਾਣੀਆਂ, ਲੇਖ ਤੇ ਨਾਟਕ, ਦੋ ਜਿਲਦਾਂ 'ਚ ਉਹਨਾਂ ਦੀ ਸਵੈ-ਜੀਵਨੀ, ਇਕ ਸੌ ਤੋਂ ਉਪਰ ਅਖ਼ਬਾਰੀ ਲੇਖ ਤਿੰਨ ਇਕਾਂਗੀ-ਸੰਗ੍ਰਹਿ ਤੇ ਇਕ ਪੂਰਾ ਨਾਟਕ ਛਪ ਚੁੱਕੇ ਹਨ। ਅੱਜਕਲ੍ਹ ਉਹ ਆਪਣਾ ਗਿਆਰਵਾਂ ਨਾਵਲ ਪੂਰਾ ਕਰਨ 'ਚ ਲੱਗੇ ਹੋਏ ਸਨ, ਜਿਸ ਨੂੰ ਉਹ ਆਪਣੀ ਬਿਰਧ ਅਵਸਥਾ ਦੀਆਂ ਸਮੱਸਿਆਵਾਂ ਹੋਣ ਦੇ ਕਾਰਨ ਤੇ ਸਰੀਰਕ ਸਮਰੱਥਾ ਘੱਟ ਜਾਣ ਕਾਰਨ ਆਪਣਾ ਆਖਰੀ ਨਾਵਲ ਕਹਿੰਦੇ ਸਨ। ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਉਹਨਾਂ ਦੇ ਦੋ ਨਾਵਲ ਤੇ ਸਵੈ-ਜੀਵਨੀ 'ਨੈਸ਼ਨਲ ਬੁਕ ਟਰੱਸਟ' ਨੇ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ 'ਚ ਛਾਪਣ ਦਾ ਫੈਸਲਾ ਕੀਤਾ ਹੈ। ਨਾਵਲ 'ਅੱਧ ਚਾਨਣੀ ਰਾਤ' ਸਭ ਭਾਸ਼ਾਵਾਂ 'ਚ ਛਪ ਚੁੱਕਾ ਹੈ ਤੇ ਦੂਸਰੀਆਂ ਰਚਨਾਵਾਂ ਵੀ ਸਵੈ-ਜੀਵਨੀ ਸਮੇਤ ਛਪ ਚੁੱਕੀਆਂ ਹਨ। ਉਹਨਾਂ ਦੇ ਛੇ ਨਾਵਲ ਤੇ ਇਕ ਕਹਾਣੀ-ਸੰਗ੍ਰਹਿ ਅੰਗਰੇਜ਼ੀ 'ਚ ਛਪ ਚੁੱਕੇ ਹਨ। ਪੰਜਾਬੀ ਸਾਹਿਤ ਦਾ ਉਹ ਪਹਿਲਾ ਲੇਖਕ ਹੈ, ਜਿਹਨਾਂ ਦੀਆਂ ਰਚਨਾਵਾਂ ਦੇ ਭਾਗ ਤੇ ਉਹਨਾਂ ਬਾਰੇ ਕਈ ਆਲੋਚ-ਨਾਤਮਕ ਲੇਖ ਭਾਰਤ ਦੀ ਸਾਹਿਤ ਅਕਾਦਮੀ ਦੀ ਸਾਢੇ ਛੇ ਸੌ ਸਫ਼ਿਆਂ ਦੀ ਪੁਸਤਕ 'ਰੀਡਰ' ਪ੍ਰਕਾਸ਼ਿਤ ਕਰ ਰਹੀ ਹੈ ਜੋ ਅੰ-ਗਰੇਜ਼ੀ ਦੇ ਪ੍ਰੋਫੈਸਰ ਡਾ. ਰਾਣਾ ਨਈਅਰ ਨੇ ਤਿਆਰ ਕੀਤੀ ਹੈ। ਉਹਨਾਂ ਦੀ ਸਮੁੱਚੀ ਰਚਨਾਵਲੀ ਪੰਜਾਬੀ ਦੇ ਨਾਲ-ਨਾਲ ਹਿੰਦੀ 'ਚ ਵੀ ਛਪ ਚੁੱਕੀ ਹੈ।

ਪੰਜਾਬੀ ਸਾਹਿਤ ਦੇ ਇਸ ਮਹਾਨ ਲੇਖਕ ਨੇ ਫਿਲਮ ਦੇ ਆਧੁਨਿਕ ਖੇਤਰ 'ਚ ਵੀ ਨਵੀਆਂ ਪੈੜਾਂ ਪਾਈਆਂ ਹਨ। ਇਹਨਾਂ ਦੇ ਪਹਿਲੇ ਨਾਵਲ 'ਮੜ੍ਹੀ ਦਾ ਦੀਵਾ' ਤੇ ਆਧਾਰਿਤ ਇਸੇ ਨਾਂ 'ਤੇ ਪਹਿਲੀ ਪੰਜਾਬੀ ਫਿਲਮ ਐਨ. ਐਫ. ਡੀ. ਸੀ. (ਨੈਸ਼ਨਲ ਫਿਲਮ ਡੀਵੈਲਪਮੈਂਟ ਕਾਰਪੋਰੇਸ਼ਨ) ਵੱਲੋਂ ਡਾਇਰੈਕਟਰ ਸੁਰਿੰਦਰ ਸਿੰਘ ਨੇ 1990 'ਚ ਬਣਾਈ ਸੀ, ਜੋ ਪੰਜਾਬੀ ਦੀ ਪਹਿਲੀ ਕਲਾਤਮਕ ਫਿਲਮ ਸੀ ਤੇ ਜਿਸ ਨੂੰ ਖੇਤਰੀ ਭਾਸ਼ਾਈ ਫਿਲਮਾਂ 'ਚ ਕੌਮਾਂਤਰੀ ਪੁਰਸਕਾਰ ਨਾਲ ਸਨਮਾਨਿਆ ਗਿਆ ਸੀ। ਇਸ ਦੇ ਤਕਰੀਬਨ ਦੋ ਦਹਾਕਿਆਂ ਬਾਅਦ 2011 'ਚ ਨਾਵਲ 'ਅੰਨ੍ਹੇ ਘੋੜੇ ਦਾ ਦਾਨ' 'ਤੇ ਆਧਾਰਿਤ ਫਿਲਮ ਗੁਰਵਿੰਦਰ ਸਿੰਘ ਦੀ ਸੁਹਿਰਦ ਨਿਰਦੇਸ਼ਨਾਂ ਹੇਠ ਬਣਾਈ ਗਈ ਸੀ। ਪੰਜਾਬੀ ਦੀ ਇਹ ਪਹਿਲੀ ਫਿਲਮ ਸੀ, ਜਿਹੜੀ ਅਗਸਤ 2011 ਤੋਂ ਫਰਵਰੀ 2012 ਤੱਕ ਸੰਸਾਰ ਦੇ ਅੱਠ ਦੇਸ਼ਾਂ ਦੇ ਵਿਸ਼ਵ-ਫਿਲਮ ਮੇਲਿਆਂ 'ਚ ਦਿਖਾਈ ਗਈ ਸੀ ਤੇ ਆਬੂਧਾਬੀ ਦੇ ਵਿਸ਼ਵ ਫਿਲਮ ਮੇਲੇ 'ਚ ਇਸ ਫਿਲਮ ਨੂੰ 50 ਹਜ਼ਾਰ ਅਮਰੀਕੀ ਡਾਲਰ ਦਾ ਪੁਰਸਕਾਰ ਦਿੱਤਾ ਗਿਆ। ਉਹਨਾਂ ਦੇ ਚਾਰ ਹੋਰ ਨਾਵਲਾਂ 'ਤੇ ਕੌਮੀ ਪੱਧਰ ਦੇ ਟੀ. ਵੀ. ਸੀਰੀਅਲ ਅਤੇ 10 ਕਹਾਣੀਆਂ 'ਤੇ ਉੱਚ-ਪੱਧਰ ਦੀਆਂ ਟੈਲੀ ਫਿਲਮਾਂ ਬਣੀਆਂ ਹਨ। 'ਅੰਨ੍ਹੇ ਘੋੜੇ ਦਾ ਦਾਨ' ਪੰਜਾਬੀ ਦੀ ਅਜਿਹੀ ਫਿਲਮ ਹੈ, ਜਿਸ ਨੂੰ ਭਾਰਤ ਦੇ ਤਿੰਨ ਉੱਚ ਵੱਕਾਰੀ ਪੁਰਸਕਾਰਾਂ ਨਾਲ ਸਨਮਾਨਿਆ ਗਿਆ ਹੈ। ਇਹਨਾਂ 'ਚ ਸਰਵੋਤਮ ਡਾਇਰੈਕਟਰ ਦਾ ਪੁਰਸਕਾਰ ਵੀ ਸ਼ਾਮਲ ਹੈ। ਇਹ ਪੁਰਸਕਾਰ ਹਰ ਸਾਲ ਦੇਸ਼ ਦੀਆ ਮੁੱਖ ਤੇ ਖੇਤਰੀ ਫਿਲਮਾਂ 'ਚੋਂ ਸਮੁੱਚੇ ਰੂਪ 'ਚ ਕੇਵਲ ਇਕ ਡਾਇਰੈਕਟਰ ਨੂੰ ਹੀ ਮਿਲਦਾ ਹੈ ਤੇ ਕਿਸੇ ਖੇਤਰੀ ਫਿਲਮ ਦੇ ਹਿੱਸੇ ਅਜਿਹਾ ਬਾਵੱਕਾਰੀ ਪੁਰਸਕਾਰ ਆਉਣਾ, ਸਰਵੋਤਮ ਸਨਮਾਨ ਦਾ ਸੂਚਕ ਹੈ।

ਪ੍ਰੋ. ਗੁਰਦਿਆਲ ਸਿੰਘ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਦੂਜਾ ਸਾਹਿਤਕਾਰ ਹੈ ਜਿਸ ਨੂੰ ਯੁੱਗ-ਕਵਿਤ੍ਰੀ ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਦੇ 'ਨੋਬਲ ਪ੍ਰਾਈਜ਼' ਮੰਨੇ ਜਾਂਦੇ 'ਗਿਆਨਪੀਠ ਐਵਾਰਡ 1999' ਪ੍ਰਾਪਤ ਕਰਨ ਦਾ ਸੁਭਾਗ ਹਾਸਲ ਹੋਇਆ ਹੈ। 'ਪਦਮਸ਼੍ਰੀ' ਵਰਗੀ ਸਨਮਾਨਿਤ ਉਪਾਧੀ ਤੇ 'ਸੋਵੀਅਤ ਨਹਿਰੂ ਪੁਰਸਕਾਰ' ਪ੍ਰਾਪਤੀ ਤੋਂ ਇਲਾਵਾ ਤਿੰਨ ਸਭ ਤੋਂ ਛੋਟੀ ਉਮਰ ਦੇ ਉਹਨਾਂ ਲੇਖਕਾਂ 'ਚ ਵੀ ਉਹਨਾਂ ਦਾ ਨਾਂ ਸ਼ਾਮਲ ਹੈ, ਜਿਸ ਨੂੰ 1975 'ਚ ਕੇਵਲ 42 ਸਾਲ ਦੀ ਉਮਰ 'ਚ 'ਭਾਰਤ ਦੀ ਸਾਹਿਤ ਅਕਾਦਮੀ' ਦਾ ਪੁਰਸਕਾਰ ਪ੍ਰਾਪਤ ਹੋਇਆ। ਉਹਨਾਂ ਦੀਆਂ ਪ੍ਰਾਪਤੀਆਂ 'ਚ ਉਸ ਸਮੇਂ ਹੋਰ ਵਾਧਾ ਹੋ ਗਿਆ ਜਦੋਂ ਉਹਨਾਂ ਦਾ ਨਾਮ 'ਲਿਮਕਾ ਬੁਕ ਆਫ ਰਿਕਾਰਡਜ਼' ਵੱਲੋਂ 2015 ਲਈ ਜਾਰੀ ਉਹਨਾਂ 15 ਸ਼ਖਸੀਅਤਾਂ ਦੀ ਸੂਚੀ 'ਚ ਸ਼ਾਮਲ ਕੀਤਾ ਗਿਆ, ਜਿਹਨਾਂ ਵੱਲੋਂ ਸਾਹਿਤ ਦੇ ਖੇਤਰ 'ਚ ਵਿਲੱਖਣ ਪ੍ਰਾਪਤੀਆਂ ਕੀਤੀਆਂ ਗਈਆਂ ਸਨ। ਹੋਰਨਾਂ ਸ਼ਖਸੀਅਤਾਂ, ਜਿਹਨਾਂ ਦੇ ਨਾਂਅ ਇਸ ਸੂਚੀ 'ਚ ਜਾਰੀ ਕੀਤੇ ਗਏ ਸਨ, ਉਹਨਾਂ 'ਚ ਸ੍ਰੀ ਕੁੰਵਰ ਨਰਾਇਣ, ਡਾ. ਨਾਮਵਰ ਸਿੰਘ, ਰਸਕਿਨ ਬਾਂਡ, ਨਇਨਤਾਰਾ ਸਹਿਗਲ, ਡਾ. ਅਮਿਤਾਵ ਘੋਸ਼, ਮਹਾਂ ਸ਼ਵੇਤਾ ਦੇਵੀ, ਐਮ. ਟੀ. ਵਾਸੁਦੇਵਨ ਨਾਇਰ, ਰਹਿਮਾਨ ਰਾਹੀ, ਡਾ. ਚੰਦਰ ਸ਼ੇਖਰ ਕੰਬਾਰ, ਸੀਤਾਕਾਂਤ ਮਹਾਂਪਾਤਰਾ, ਡਾ. ਡੀ. ਸੀ. ਐਸ. ਲਕਸ਼ਮੀ, ਨਿਧਾ ਫਾਜ਼ਲੀ, ਡਾ. ਨਾਗੇਨ ਸੈਕੀਆ ਤੇ ਲਕਸ਼ਮਣ ਗਾਇਕਵਾੜ ਸ਼ਾਮਲ ਸਨ। ਇਨ੍ਹਾਂ ਵੱਡੇ ਪੁਰਸਕਾਰਾਂ ਤੋਂ ਇਲਾਵਾ ਪੰਜਾਬ ਦੇ ਭਾਸ਼ਾ ਵਿਭਾਗ ਵੱਲੋਂ ਛੇ ਪੁਰਸਕਾਰਾਂ ਸਮੇਤ ਅਨੇਕ ਪੰਜਾਬੀ ਤੇ ਭਾਰਤੀ ਸਾਹਿਤ ਸਭਾਵਾਂ ਵੱਲੋਂ 20 ਤੋਂ ਵਧੇਰੇ ਪੁਰਸਕਾਰ ਉਨ੍ਹਾਂ ਨੂੰ ਪ੍ਰਾਪਤ ਹੋ ਚੁੱਕੇ ਹਨ। ਉਹਨਾਂ ਦੀਆਂ ਰਚਨਾਵਾਂ 'ਤੇ ਕਈ ਵਿਦਿਆਰਥੀ ਪੀ. ਐਚ. ਡੀ. ਦੀਆਂ ਡਿਗਰੀਆਂ ਲੈ ਚੁੱਕੇ ਹਨ। ਇਕ ਸੰਸਥਾ ਵੱਲੋਂ ਕਰਵਾਏ ਗਏ ਸਰਵੇ ਅਨੁਸਾਰ ਪ੍ਰੋ. ਗੁਰਦਿਆਲ ਸਿੰਘ ਵਧੇਰੇ ਸੰਵੇਦਨਸ਼ੀਲ ਤੇ ਗੰਭੀਰ ਸਾਹਿਤ ਪੜ੍ਹਨ ਵਾਲੇ ਪਾਠਕਾਂ ਵੱਲੋਂ ਸਭ ਤੋਂ ਵਧੇਰੇ ਪੜ੍ਹਿਆ ਜਾਣ ਵਾਲਾ ਲੇਖਕ ਹੈ।

ਇਹਨਾਂ ਅਨੇਕਾਂ ਮਹਾਨ ਪ੍ਰਾਪਤੀਆਂ ਦੇ ਬਾਵਜੂਦ ਪ੍ਰੋ. ਗੁਰਦਿਆਲ ਸਿੰਘ ਇਕ ਤਕੜੇ ਪਿੰਡ ਵਰਗਾ, ਕਸਬਾ ਜੈਤੋ ਮੰਡੀ ਜਿਸ ਦੀ ਆਬਾਦੀ ਤਕਰੀਬਨ, ਚਾਲੀ ਹਜ਼ਾਰ ਦੇ ਨੇੜੇ-ਤੇੜੇ ਹੋਵੇਗੀ 'ਚ ਹੀ ਰਹਿਣਾ ਪਸੰਦ ਕਰਦੇ ਸਨ, ਜਿੱਥੇ ਕੇਵਲ ਵੱਧ ਤੋਂ ਵੱਧ ਢਾਈ ਤਿੰਨ ਸੌ ਵਿਦਿਆਰਥੀ ਤੇ ਅਧਿਆਪਕ ਹੀ ਜਾਣਦੇ ਸਨ ਕਿ ਉਹ ਇਕ ਵੱਡਾ ਲਿਖਾਰੀ ਹੈ। ਉਨ੍ਹਾਂ ਦੇ ਮੁਹੱਲੇ ਦੇ ਲੋਕ ਵੀ ਉਹਨਾਂ ਨੂੰ 'ਰਾਹੀ ਸਾਹਿਬ' ਕਹਿੰਦੇ ਸਨ ਕਿਉਂਕਿ ਉਹ ਪਹਿਲਾਂ-ਪਹਿਲਾਂ ਆਪਣੇ ਨਾਂਅ ਨਾਲ 'ਰਾਹੀ' ਲਿਖਿਆ ਕਰਦੇ ਸਨ ਜਾਂ 'ਗਿਆਨੀ ਜੀ' ਕਰਕੇ ਹੀ ਜਾਣਦੇ ਸਨ ਤੇ ਕਿਸੇ ਨੂੰ ਉਹਨਾਂ ਦੀਆਂ ਚਾਰ ਕਿਤਾਬਾਂ ਦੇ ਨਾਂਅ ਵੀ ਯਾਦ ਨਹੀਂ ਹੋਣੇ। ਇਸ ਪੱਖੋਂ ਉਹ ਬੇਹੱਦ ਸੰਤੁਸ਼ਟ ਸਨ ਕਿ ਉਹਨਾਂ ਦੇ ਕਸਬੇ ਦੇ ਲੋਕ ਇਕ 'ਵੱਡੇ ਲੇਖਕ' ਵਜੋਂ ਨਹੀਂ ਜਾਣਦੇ ਜਿਸ ਕਾਰਨ ਉਹ ਇਕ ਸਧਾਰਨ ਵਿਅਕਤੀ ਵਾਂਗ ਉਹਨਾਂ 'ਚ ਵਿਚਰਦੇ ਸਨ ਤੇ ਆਪਣਾ ਬੜਾ ਸਧਾਰਨ ਜੀਵਨ ਬਤੀਤ ਕਰਦੇ ਸਨ। ਪਰ ਇਸ ਦੇ ਉਲਟ ਕਈ ਵਿਅਕਤੀ ਐਸੇ ਵੀ ਹੁੰਦੇ ਹਨ ਜੋ ਮਾੜੀ ਜਿਹੀ ਪ੍ਰਸਿੱਧੀ ਪ੍ਰਾਪਤ ਕਰ ਲੈਣ 'ਤੇ ਪੇਂਡੂ ਸਧਾਰਨ ਜੀਵਨ ਨੂੰ ਤਿਲਾਂਜਲੀ ਦੇ ਕੇ ਆਪਣਾ ਰੁਖ ਵੱਡੇ ਸ਼ਹਿਰਾਂ ਦੀ ਤੜਕ-ਫੜਕ ਵੱਲ ਕਰ ਲੈਂਦੇ ਹਨ। ਜਦੋਂ ਕੋਈ ਉਹਨਾਂ ਦੀਆਂ ਮਹਾਨ ਸਾਹਿਤਕ ਪ੍ਰਾਪਤੀਆਂ ਦੀ ਗੱਲ ਛੇੜਦਾ ਸੀ ਤਾਂ ਉਹ 19ਵੀਂ ਸਦੀ ਦੇ ਕਿਊਬਾ ਦੇ ਇਕ ਕਵੀ, ਪੱਤਰਕਾਰ, ਚਿੰਤਕ 'ਜੋਸੇ ਮਾਰਤੀ' ਜਿਹੜਾ ਤਕਰੀਬਨ ਜ਼ਿੰਦਗੀ ਦੇ ਬਤਾਲੀ ਸਾਲ ਹੀ ਜਿਉਂ ਸਕਿਆ ਸੀ, ਦੀ ਮਿਸਾਲ ਦਿੰਦੇ ਸਨ, ਜਿਸ ਨੇ ਕਿਹਾ ਸੀ ਕਿ 'ਦੁਨੀਆਂ ਦਾ ਸਾਰਾ ਸਨਮਾਨ, ਪ੍ਰਤਿਸ਼ਠਾ ਮੱਕੀ ਦੀ ਇਕ ਛੱਲੀ ਦੇ ਗੁੱਲ 'ਚ ਹੀ ਸਮਾ ਜਾਂਦੀ ਹੈ।' ਭਾਵ ਉਸ ਦਾ ਏਨਾ ਕੁ ਹੀ ਮੁੱਲ ਹੁੰਦਾ ਹੈ।

1957 'ਚ ਕਹਾਣੀ 'ਭਾਗਾਂ ਵਾਲੇ' ਛਪਣ ਉਪਰੰਤ ਉਹਨਾਂ ਦਾ ਸਾਹਿਤਕ ਸਫ਼ਰ ਸ਼ੁਰੂ ਹੁੰਦਾ ਹੈ ਤੇ ਉਸ ਤੋਂ ਬਾਅਦ ਉਹਨਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ ਜ਼ਿੰਦਗੀ ਦੇ ਆਖਰੀ ਵਕਤ ਤੱਕ ਉਹ ਨਿਰੰਤਰ ਆਪਣੀ ਲੇਖਣੀ ਨਾਲ ਜੁੜੇ ਰਹੇ। ਸਾਹਿਤਕ ਰਚਨਾਵਾਂ ਦੇ ਨਾਲ-ਨਾਲ ਉਹ ਪੰਜਾਬ ਤੇ ਇੱਥੋਂ ਦੇ ਲੋਕਾਂ ਨਾਲ ਜੁੜੇ ਮੁੱਦਿਆਂ ਬਾਰੇ ਵੀ ਆਪਣੇ ਵਿਚਾਰ ਨਿਧੜਕ ਹੋ ਕੇ ਲਿਖਦੇ ਰਹੇ ਤੇ ਲੋਕ ਹਿਤਾਂ ਨਾਲ ਆਪਣੀ ਪ੍ਰਤੀਬੱਧਤਾ ਦਾ ਇਜ਼ਹਾਰ ਕਰਦੇ ਰਹੇ। ਉਹਨਾਂ ਦੀਆਂ ਸਾਹਿਤਕ ਰਚਨਾਵਾਂ ਦੀ ਸਭ ਤੋਂ ਵੱਡੀ ਸਿਫ਼ਤ ਇਹ ਹੈ ਕਿ ਉਹਨਾਂ ਦੇ ਨਾਇਕ ਤੇ ਪਾਤਰ ਭਾਵੇਂ ਗਰੀਬ ਤੇ ਹਾਸ਼ੀਆਗ੍ਰਸਤ ਲੋਕ ਸਨ ਪਰ ਉਹ ਵਿਵਸਥਾ ਦੇ ਖਿਲਾਫ ਡੱਟ ਕੇ ਖੜ੍ਹੇ ਦਿਖਾਈ ਦਿੰਦੇ ਸਨ ਤੇ ਮਾੜੀਆਂ ਹਾਲਤਾਂ 'ਚ ਵੀ ਸਮਝੌਤਾ ਨਹੀਂ ਕਰਦੇ ਸਨ। ਇਸ ਕਰਕੇ ਹੀ ਉਹਨਾਂ ਅਗਾਂਹਵਧੂ, ਯਥਾਰਥਵਾਦੀ ਅਤੇ ਦੱਬੇ-ਕੁਚਲੇ ਵਰਗਾਂ ਦੇ ਲੇਖਕ ਹੋਣ ਦਾ ਮਾਣ ਪ੍ਰਾਪਤ ਹੈ। ਉਹਨਾਂ ਦੀਆਂ ਸਾਹਿਤਕ ਰਚਨਾਵਾਂ 'ਚੋਂ ਪੰਜਾਬੀ ਸੱਭਿਆਚਾਰ ਦੇ ਹਰ ਪੱਖ ਦੀਆਂ ਝਲਕਾਂ ਮਿਲਦੀਆਂ ਹਨ।

ਪ੍ਰੋ. ਗੁਰਦਿਆਲ ਸਿੰਘ ਜੀ ਦੇ ਸਾਹਿਤਕ ਸਫ਼ਰ ਦੀ ਇਕ ਅਨੋਖੀ ਗੱਲ ਇਹ ਹੈ ਕਿ ਉਹਨਾਂ ਪੰਜਾਬੀ ਦੇ ਬਹੁਤ ਸਾਰੇ ਅਜੋਕੇ ਲੇਖਕਾਂ ਵਾਂਗ ਆਪਣੀਆਂ ਰਚਨਾਵਾਂ ਨੂੰ ਕਿਤਾਬ ਦਾ ਰੂਪ ਦੇਣ 'ਚ ਕਾਹਲੀ ਨਹੀਂ ਵਰਤੀ ਸਗੋਂ ਉਹਨਾਂ ਦੀਆਂ ਲਿਖਤਾਂ ਨੂੰ ਕਿਤਾਬੀ ਰੂਪ ਮਿਲਣ 'ਚ ਕਾਫ਼ੀ ਵਕਫ਼ਾ ਹੈ। ਜ਼ਿੰਦਗੀ ਦੇ ਆਰੰਭਕ ਦੌਰ 'ਚ ਉਹਨਾਂ ਨੇ ਕਈ ਕਿੱਤੇ ਅਪਣਾਏ ਪਰ ਅਖੀਰ 'ਚ ਉਹਨਾਂ ਦਾ ਮਨ ਅਧਿਆਪਨ ਤੇ ਸਾਹਿਤ ਰਚਨਾ 'ਚ ਹੀ ਟਿਕਿਆ। 'ਗਿਆਨਪੀਠ' ਦੀ ਪ੍ਰਾਪਤੀ ਦੇ ਬਾਵਜੂਦ ਵੀ ਉਹ ਨੇਕੀ, ਨਿਮਰਤਾ ਅਤੇ ਸਲੀਕੇ ਜਿਹੇ ਮਾਨਵੀ ਗੁਣਾਂ ਦੇ ਧਾਰਨੀ ਰਹੇ ਤੇ ਜ਼ਿੰਦਗੀ ਦੇ ਆਖਰੀ ਦਿਨਾਂ ਤੱਕ ਆਪਣੇ ਜੈਤੋ ਮੰਡੀ ਦੇ ਕਸਬੇ 'ਚ ਹੀ ਟਿਕੇ ਰਹੇ। ਉਨ੍ਹਾਂ ਨੇ ਭਾਰਤ ਦੇ ਗਰੀਬ ਵਰਗ ਦੇ ਦੱਬੇ-ਕੁਚਲੇ ਪੇਂਡੂ ਲੋਕਾਂ ਦੀਆਂ ਸਮੱਸਿਆਵਾਂ ਨੂੰ ਆਪਣੀਆਂ ਲਿਖਤਾਂ 'ਚ ਰੂਪਮਾਨ ਕੀਤਾ ਤੇ ਬੜੀ ਸ਼ਿੱਦਤ ਤੇ ਗੰਭੀਰਤਾ ਨਾਲ ਉਨ੍ਹਾਂ ਨੂੰ ਉਭਾਰਿਆ। ਇਸ ਦਲੇਰੀ ਲਈ ਭਾਰਤੀ ਸਾਹਿਤ, ਖਾਸ ਕਰਕੇ ਪੰਜਾਬੀ ਸਾਹਿਤ ਜਗਤ ਉਹਨਾਂ ਦਾ ਹਮੇਸ਼ਾ ਰਿਣੀ ਰਹੇਗਾ। ਉਹਨਾਂ ਦੇ ਜੁਝਾਰੂ ਤੇ ਸਿਰੜੀ ਪਾਤਰ ਆਪਣੇ ਹੱਕਾਂ ਲਈ ਜੂਝਦੇ ਲੋਕਾਂ ਲਈ ਹਮੇਸ਼ਾ ਪ੍ਰੇਰਨਾ ਸਰੋਤ ਬਣੇ ਰਹਿਣਗੇ ਤੇ ਉਹਨਾਂ ਦੀ ਸਾਹਿਤਕ ਸਿਰਜਣਾ ਹਮੇਸ਼ਾ ਨਵੀਂ ਪੀੜ੍ਹੀ ਦੇ ਸਾਹਿਤਕਾਰਾਂ ਲਈ ਮਾਰਗ ਦਰਸ਼ਨ ਕਰਦੀ ਰਹੇਗੀ। ਉਹ ਹਮੇਸ਼ਾ ਧੜਿਆਂ 'ਚ ਵੰਡੀਆਂ ਸਾਹਿਤਕ ਸਭਾਵਾਂ ਤੋਂ ਹਮੇਸ਼ਾ ਨਿਰਲੇਪ ਰਹੇ ਤੇ ਉਹਨਾਂ ਨੇ ਲੋਕ-ਪੱਖੀ ਸਾਹਿਤ ਦੀ ਰਚਨਾ ਵੱਲ ਹੀ ਆਪਣਾ ਧਿਆਨ ਕੇਂਦਰਿਤ ਰੱਖਿਆ। ਇਹ ਉਹਨਾਂ ਦੀ ਸ਼ਖ਼ਸੀਅਤ ਦਾ ਇਕ ਵੱਡਾ ਗੁਣ ਸੀ। ਉਹਨਾਂ ਦੀਆਂ ਕਈ ਰਚਨਾਵਾਂ ਵਿਸ਼ਵ ਕਲਾਸਕੀ ਸਾਹਿਤ ਦੇ ਪੱਧਰ ਦੀਆਂ ਹਨ ਪਰ ਅਫਸੋਸ ਦੀ ਗੱਲ ਹੈ ਕਿ ਸਰਕਾਰਾਂ ਦੀ ਬੇਰੁੱਖੀ ਕਰਕੇ ਇਹਨਾਂ ਰਚਨਾਵਾਂ ਦਾ ਵੱਡੀ ਪੱਧਰ 'ਤੇ, ਵਿਦੇਸ਼ੀ ਪੱਧਰ 'ਤੇ ਅਨੁਵਾਦ ਨਹੀਂ ਹੋਇਆ। ਇਸ ਲਈ ਹੀ ਉਹਨਾਂ ਨੂੰ ਵਿਸ਼ਵ ਪੱਧਰ 'ਤੇ ਵੱਡੀ ਪਛਾਣ ਪ੍ਰਾਪਤ ਨਹੀਂ ਹੋ ਸਕੀ। ਇਹ ਇਕ ਵੱਖਰੀ ਗੱਲ ਹੈ ਕਿ ਉਹਨਾਂ ਨੂੰ ਪੰਜਾਬ ਸਰਕਾਰ ਨੇ 'ਸ਼੍ਰੋਮਣੀ ਸਾਹਿਤਕਾਰ ਦੀ ਉਪਾਧੀ' ਨਾਲ ਸਨਮਾਨਿਆ। ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇਹ ਅਨਮੋਲ ਰਤਨ ਅੱਜ ਭਾਵੇਂ ਸਾਡੇ ਵਿਚਕਾਰ ਨਹੀਂ ਰਿਹਾ ਪਰ ਉਹਨਾਂ ਦੀਆਂ ਅਮਰ ਰਚਨਾਵਾਂ ਹਮੇਸ਼ਾ ਸਾਡੇ ਅੰਗ-ਸੰਗ ਰਹਿਣ-ਗੀਆਂ ਤੇ ਨਵੀਂ ਪੀੜ੍ਹੀ ਦੇ ਸਾਹਿਤਕਾਰਾਂ ਲਈ ਪ੍ਰੇਰਨਾ ਸਰੋਤ ਬਣੀਆਂ ਰਹਿਣਗੀਆਂ। ਮੈਂ ਪੰਜਾਬੀ ਸਾਹਿਤ ਦੇ ਇਸ ਮਹਾਨ ਨਾਵਲਕਾਰ, ਕਹਾਣੀਕਾਰ, ਨਾਟਕਕਾਰ, ਨਿਬੰਧਕਾਰ ਤੇ ਮਹਾਨ ਚਿੰਤਕ ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿਣ 'ਤੇ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ।

**ਪ੍ਰੋ. ਗੁਰਦਿਆਲ ਸਿੰਘ ਜੀ ਦੀਆਂ ਰਚਨਾਵਾਂ ਨਿਮਨ-ਲਿਖਤ ਅਨੁਸਾਰ ਹਨ:**

**ਨਾਵਲ:** ਮੜ੍ਹੀ ਦਾ ਦੀਵਾ (1964), ਅਣਹੋਏ, ਰੇਤੇ ਦੀ ਇੱਕ ਮੁੱਠੀ, ਕੁਵੇਲਾ, ਅੱਧ ਚਾਨਣੀ ਰਾਤ, ਆਥਣ ਉੱਗਣ, ਅੰਨ੍ਹੇ ਘੋੜੇ ਦਾ ਦਾਨ, ਪਹੁ ਫੁਟਾਲੇ ਤੋਂ ਪਹਿਲਾਂ, ਪਰਸਾ (1992), ਆਹਣ (2009)।

**ਕਹਾਣੀ ਸੰਗ੍ਰਹਿ :** ਸੱਗੀ ਫੁੱਲ, ਚੰਨ ਦਾ ਬੂਟਾ, ਓਪਰਾ ਘਰ, ਕੁੱਤਾ ਤੇ ਆਦਮੀ, ਮਸਤੀ ਬੋਤਾ, ਰੁੱਖੇ ਮਿੱਸੇ ਬੰਦੇ, ਬੇਗਾਨਾ ਪਿੰਡ, ਚੋਣਵੀਆਂ ਕਹਾਣੀਆਂ, ਪੱਕਾ ਟਿਕਾਣਾ, ਕਰੀਰ ਦੀ ਢਿਗਰੀ, ਮੇਰੀ ਪ੍ਰਤਿਨਿਧ ਰਚਨਾ (ਪੰਜਾਬੀ ਯੂਨੀਵਰਸਿਟੀ)

**ਨਾਟਕ:** ਫਰੀਦਾ ਰਾਤੀਂ ਵੱਡੀਆਂ, ਵਿਦਾਇਗੀ ਤੋਂ ਪਿੱਛੋਂ, ਨਿੱਕੀ ਮੋਟੀ ਗੱਲ।


**ਗਦ:** ਪੰਜਾਬੀ ਦੇ ਮੇਲੇ ਤੇ ਤਿਉਹਾਰ, ਦੁਖੀਆ ਦਾਸ ਕਬੀਰ ਹੈ, ਨਿਆਣ ਮੱਤੀਆਂ (ਆਤਮ ਕਥਾ-1), ਦੂਜੇ ਦੇ ਹੀ (ਆਤਮ ਕਥਾ-2), ਸਤਜੁਗ ਦੇ ਆਉਣ ਤੱਕ, ਡਗਮਗ ਛਾਡ ਰੇ ਮਨ ਬਉਰਾ, ਲੇਖਕ ਦਾ ਅਨੁਭਵ ਤੇ ਸਿਰਜਣ ਪ੍ਰਕਿਰਿਆ, ਬੰਬਈ ਸ਼ਹਿਰ ਕਹਿਰ ਸਵਾ ਪਹਿਰ।

**ਬੱਚਿਆਂ ਲਈ:** ਬਕਲਮ ਖੁਦ, ਟੁੱਕ ਖੋਹ ਲਏ ਕਾਵਾਂ, ਲਿਖਤਮ ਬਾਬਾ ਖੇਮਾ, ਗੱਪੀਆਂ ਦਾ ਪਿਉ, ਮਹਾਂਭਾਰਤ, ਧਰਤ ਸੁਹਾਵੀ, ਤਿੰਨ ਕਦਮ ਧਰਤੀ, ਖੱਟੇ ਮਿੱਠੇ ਲੋਕ, ਜੀਵਨ ਦਾਸੀ ਗੰਗਾ, ਕਾਲੂ ਕੌਤਕੀ, ਢਾਈ ਕਦਮ ਧਰਤੀ, ਜੀਵਨ ਦਾਤੀ ਗੰਗਾ (ਦੋ ਭਾਗ)

**ਸੰਪਾਦਿਤ:** ਪੰਜਾਬੀ ਕਥਾ ਕਿਤਾਬ

**ਅਨੁਵਾਦ:** ਮੇਰਾ ਬਚਪਨ (ਗੋਰਕੀ), ਭੁੱਲੇ ਵਿੱਸਰੇ (ਭਗਵਤੀ ਚਰਨ ਵਰਮਾ), ਮ੍ਰਿਗਨੇਨੀ (ਵਿਰੰਦਾਵਨ ਲਾਲ ਵਰਮਾ), ਜ਼ਿੰਦਗੀਨਾਮਾ (ਕ੍ਰਿਸ਼ਨ ਸੋਬਤੀ), ਬਿਰਾਜ ਬਹੂ (ਸ਼ਰਤ ਚੰਦਰ)

# ਭਾਜਪਾ ਨੂੰ ਮਹਿੰਗੀ ਪੈ ਸਕਦੀ ਹੈ ਦਲਿਤਾਂ ਦੀ ਨਾਰਾਜ਼ਗੀ



ਪ੍ਰੋ: ਅਭੈ ਕੁਮਾਰ ਦੂਬੇ

**ਭਾਜਪਾ ਜਾਣਦੀ ਹੈ ਕਿ ਉਸ ਦੇ ਅਤੇ ਅਕਾਲੀਆਂ ਦੇ 10 ਸਾਲ ਦੇ ਸੱਤਾਧਾਰੀ ਗਠਜੋੜ ਦੇ ਖਿਲਾਫ਼ ਲੋਕਾਂ ਵਿਚ ਕਾਫੀ ਨਾਰਾਜ਼ਗੀ ਵਾਲੀ ਭਾਵਨਾ ਹੈ। ਇਸੇ ਕਰਕੇ ਹੀ ਮੋਦੀ ਦੀ ਲਹਿਰ ਵਿਚ ਵੀ 2014 'ਚ ਪੰਜਾਬ ਨੇ ਇਸ ਗਠਜੋੜ ਨੂੰ ਬਹੁਤੇ ਚੰਗੇ ਨਤੀਜੇ ਨਹੀਂ ਦਿੱਤੇ ਸਨ। ਦਰਅਸਲ ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਵਿਚਕਾਰ ਸਿਰਫ ਦੋ ਫ਼ੀਸਦੀ ਵੋਟਾਂ ਦਾ ਹੀ ਫ਼ਰਕ ਸੀ। ਜੇ ਅਕਾਲੀ ਦਲ ਤੋਂ ਟੁੱਟੇ ਹੋਏ ਮਨਪ੍ਰੀਤ ਬਾਦਲ ਦੇ ਧੜੇ ਦੀ ਭੂਮਿਕਾ ਨਾ ਹੁੰਦੀ ਤਾਂ ਉਨ੍ਹਾਂ ਚੋਣਾਂ ਵਿਚ ਗਠਜੋੜ ਨੇ ਹਾਰ ਜਾਣਾ ਸੀ। ਉੱਤਰ ਪ੍ਰਦੇਸ਼ ਭਾਜਪਾ ਲਈ ਦਲਿਤਾਂ ਦੇ ਮਾਮਲੇ ਵਿਚ ਹੋਰ ਵੀ ਔਖਾ ਦ੍ਰਿਸ਼ ਪੇਸ਼ ਕਰਦਾ ਹੈ। 2014 'ਚ ਕੇਵਲ ਥੋੜ੍ਹੇ ਜਿਹੇ ਦਲਿਤਾਂ ਨੇ ਹੀ ਵਿਕਾਸ ਦੇ ਨਾਂਅ 'ਤੇ ਮੋਦੀ ਨੂੰ ਵੋਟਾਂ ਪਾਈਆਂ ਸਨ। ਭਾਵੇਂ ਮਾਇਆਵਤੀ ਨੂੰ ਕੋਈ ਸੀਟ ਨਹੀਂ ਮਿਲ ਸਕੀ ਸੀ ਪਰ ਬਾਕੀ ਸਾਰੀਆਂ ਦਲਿਤ ਵੋਟਾਂ ਬਹੁਜਨ ਸਮਾਜ ਪਾਰਟੀ ਨੂੰ ਹੀ ਪਈਆਂ ਸਨ। ਇਹ ਇਕ ਸਥਾਪਤ ਤੱਥ ਹੈ ਕਿ ਉੱਤਰ ਪ੍ਰਦੇਸ਼ ਵਿਚ ਬਸਪਾ ਦੀ ਅਗਵਾਈ ਹੇਠ ਦਲਿਤ ਰਾਜਨੀਤਕ ਭਾਈਚਾਰੇ ਦਾ ਉਭਾਰ ਹੋ ਚੁੱਕਾ ਹੈ।**

ਭਾਰਤ ਦਾ 70ਵਾਂ ਆਜ਼ਾਦੀ ਦਿਵਸ ਆਜ਼ਾਦੀ ਦੇ ਬਾਅਦ ਤੋਂ ਹੀ ਅਣਸੁਲਝੇ ਪਏ ਦਲਿਤ ਸਵਾਲ ਦੇ ਪ੍ਰਛਾਵੇਂ ਹੇਠ ਮਨਾਇਆ ਗਿਆ। ਆਜ਼ਾਦੀ ਦਿਵਸ ਤੋਂ ਕੁਝ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਕਹਿਣਾ ਕਿ ਮੈਨੂੰ ਗੋਲੀ ਮਾਰ ਦਿਓ, ਪਰ ਦਲਿਤਾਂ 'ਤੇ ਅੱਤਿਆਚਾਰ ਨਾ ਕਰੋ, ਇਕ ਬਹੁਤ ਚਿੰਤਾਜਨਕ ਦ੍ਰਿਸ਼ ਵੱਲ ਇਸ਼ਾਰਾ ਕਰਦਾ ਹੈ। ਅਤੇ ਉਹ ਦ੍ਰਿਸ਼ ਇਹ ਹੈ ਕਿ ਦਲਿਤਾਂ ਦੀ ਰਾਖੀ ਸੰਵਿਧਾਨ ਦੀ ਸਹੁੰ ਚੁੱਕ ਕੇ ਸੱਤਾ 'ਚ ਆਈ ਸਰਕਾਰ ਨਹੀਂ ਕਰਦੀ, ਸਗੋਂ ਦਲਿਤਾਂ ਦੀਆਂ ਆਪਣੀਆਂ ਵੋਟਾਂ ਦੀ ਤਾਕਤ ਹੀ ਉਨ੍ਹਾਂ ਨੂੰ ਬਚਾਉਂਦੀ ਹੈ। ਇਹ ਸੋਚ ਕੇ ਰੂਹ ਕੰਬ ਜਾਂਦੀ ਹੈ ਕਿ ਜੇ ਸਾਰੇ ਦੇਸ਼ ਵਿਚ ਦਲਿਤ ਇਕ ਰਾਜਨੀਤਕ ਭਾਈਚਾਰੇ ਵਜੋਂ (ਕਿਤੇ ਘੱਟ, ਕਿਤੇ ਵਧੇਰੇ) ਨਾ ਉਭਰੇ ਹੁੰਦੇ ਤਾਂ ਅੱਜ ਹਿੰਦੂਤਵਵਾਦੀਆਂ ਦੀ ਸੱਤਾ ਤਹਿਤ ਉਨ੍ਹਾਂ ਦਾ ਕੀ ਹਸ਼ਰ ਹੋ ਰਿਹਾ ਹੁੰਦਾ। ਪ੍ਰਧਾਨ ਮੰਤਰੀ ਨੇ ਜਦੋਂ ਇਹ ਸ਼ਬਦ ਕਹੇ ਤਾਂ ਉਸ ਸਮੇਂ ਤੱਕ ਹਿੰਦੂਤਵਵਾਦੀਆਂ ਵੱਲੋਂ ਸੰਗਠਿਤ ਢੰਗ ਨਾਲ ਦਲਿਤਾਂ 'ਤੇ ਕੀਤੇ ਜਾਣ ਵਾਲੇ ਅੱਤਿਆਚਾਰਾਂ ਨੂੰ 7 ਮਹੀਨੇ ਹੋਣ ਵਾਲੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦਲਿਤਾਂ 'ਤੇ ਹਮੇਸ਼ਾ ਅੱਤਿਆਚਾਰ ਹੁੰਦੇ ਰਹੇ ਹਨ ਪਰ ਸੱਤਾਧਾਰੀ ਤਾਕਤਾਂ ਨਾਲ ਜੁੜੇ ਸੰਗਠਨਾਂ ਵੱਲੋਂ ਯੋਜਨਾਬੱਧ ਜ਼ਿਆਦਤੀਆਂ ਦੀ ਅਜਿਹੀ ਮਿਸਾਲ ਪਹਿਲਾਂ ਕਦੇ ਨਹੀਂ ਦੇਖੀ ਗਈ ਸੀ। ਇਹ ਸਿਲਸਿਲਾ ਇਸੇ ਸਾਲ 17 ਜਨਵਰੀ ਨੂੰ ਉਦੋਂ ਸ਼ੁਰੂ ਹੋਇਆ ਜਦੋਂ ਹਿੰਦੂਤਵਵਾਦੀ ਵਿਦਿਆਰਥੀ ਜਥੇਬੰਦੀ ਦੀ ਹੈਦਰਾਬਾਦ ਯੂਨੀਵਰਸਿਟੀ ਵਿਚ ਸਰਗਰਮ ਇਕਾਈ ਦੇ ਦਬਾਅ ਕਾਰਨ ਸਤਾਏ ਜਾ ਰਹੇ ਦਲਿਤ ਖੋਜਾਰਥੀ ਰੋਹਿਤ ਵੇਮੁਲਾ ਨੂੰ ਮਜਬੂਰਨ ਆਤਮ-ਹੱਤਿਆ ਕਰਨੀ ਪਈ ਸੀ। ਸਾਲ ਦੀ ਸ਼ੁਰੂਆਤ ਵਿਚ ਹੋਈ ਇਸ ਘਟਨਾ 'ਤੇ ਵੀ ਪ੍ਰਧਾਨ ਮੰਤਰੀ ਦੇਰੀ ਨਾਲ ਹੀ ਬੋਲੇ ਅਤੇ ਉਨ੍ਹਾਂ ਨੇ ਵੇਮੁਲਾ ਦੀ ਦਲਿਤ ਪਛਾਣ ਨੂੰ ਵੀ ਸਵੀਕਾਰ ਨਹੀਂ ਸੀ ਕੀਤਾ। ਉਦੋਂ ਵੇਮੁਲਾ ਉਨ੍ਹਾਂ ਲਈ ਸਿਰਫ 'ਭਾਰਤ ਮਾਂ ਦਾ ਇਕ ਲਾਲ' ਸੀ। ਭਾਰਤ ਮਾਂ ਦਾ ਇਹ ਲਾਲ ਦਲਿਤ ਸੀ ਅਤੇ ਉਸ ਨੂੰ ਕਿਉਂ ਅਤੇ ਕਿਹੜੀਆਂ ਸਮਾਜਿਕ-ਰਾਜਨੀਤਕ ਤਾਕਤਾਂ ਕਾਰਨ ਗੁਆਇਆ ਗਿਆ, ਇਹ ਤੱਥ ਪ੍ਰਧਾਨ ਮੰਤਰੀ ਦੇ ਬਿਆਨ 'ਚੋਂ ਪੂਰੀ ਤਰ੍ਹਾਂ ਗਾਇਬ ਸੀ। ਜ਼ਿਕਰਯੋਗ ਹੈ ਕਿ ਉਦੋਂ ਭਾਜਪਾ ਦੀ ਪੂਰੀ ਕੋਸ਼ਿਸ਼ ਸੀ ਕਿ ਵੇਮੁਲਾ ਦੀ ਦਲਿਤ ਪਛਾਣ ਨੂੰ ਸਵੀਕਾਰਿਆ ਹੀ ਨਾ ਜਾਵੇ। ਇਸੇ ਲਈ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਦਾਅਵਾ ਕੀਤਾ ਸੀ ਕਿ ਰੋਹਿਤ ਦਲਿਤ ਨਹੀਂ ਸੀ। ਪਰ ਗੁਜਰਾਤ ਦੇ ਊਨਾ ਵਿਚ ਗਊ ਰੱਖਿਅਕਾਂ ਵੱਲੋਂ ਦਲਿਤਾਂ ਦੀ ਬੇਰਹਿਮੀ ਨਾਲ ਕੁੱਟਮਾਰ ਅਤੇ ਦੇਸ਼ ਭਰ ਵਿਚ ਹੋਣ ਵਾਲੀਆਂ ਅਜਿਹੀਆਂ ਹੀ ਹੋਰ ਵਾਰਦਾਤਾਂ ਨੇ ਭਾਜਪਾ ਅਤੇ ਸਰਕਾਰ ਦੀ ਇਸ ਪੂਰੀ ਰਣਨੀਤੀ ਨੂੰ ਸੌ ਫ਼ੀਸਦੀ ਨਾਕਾਮ ਕਰ ਦਿੱਤਾ। ਗ੍ਰਹਿ ਮੰਤਰਾਲੇ ਨੂੰ ਲਿਖਤੀ ਸਲਾਹ ਰਾਜ ਸਰਕਾਰਾਂ ਨੂੰ ਭੇਜਣੀ ਪਈ ਕਿ ਦਲਿਤਾਂ ਨਾਲ ਹਿੰਸਾ ਕਰਨ ਵਾਲੇ ਗਊ ਰੱਖਿਅਕਾਂ ਖ਼ਿਲਾਫ਼ ਕਾਨੂੰਨ ਮੁਤਾਬਿਕ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਜੋ ਵੀ ਹੋਵੇ, ਪ੍ਰਧਾਨ ਮੰਤਰੀ ਤਕਰੀਬਨ 200 ਤੋਂ ਵਧੇਰੇ ਦਿਨਾਂ ਬਾਅਦ ਇਹ ਗੱਲ ਕਹਿ ਸਕੇ ਅਤੇ ਤਕਰੀਬਨ 200 ਤੋਂ ਵਧੇਰੇ ਦਿਨਾਂ ਬਾਅਦ ਹੀ ਗ੍ਰਹਿ ਮੰਤਰਾਲਾ ਹਰਕਤ 'ਚ ਆ ਸਕਿਆ। ਭਾਰਤੀ ਰਾਜ ਅਤੇ ਦਲਿਤਾਂ ਦੀ ਰਾਖੀ ਵਿਚਕਾਰ ਇਹ 200 ਦਿਨ ਦਾ ਫ਼ਰਕ 70ਵੇਂ ਆਜ਼ਾਦੀ ਦਿਵਸ ਦੀ ਸਭ ਤੋਂ ਕੌੜੀ ਹਕੀਕਤ ਹੈ। ਧਿਆਨ ਰਹੇ ਕਿ ਪ੍ਰਧਾਨ ਮੰਤਰੀ ਨੇ ਜਦੋਂ ਸਿਆਸੀ ਪੱਖੋਂ ਆਕਰਸ਼ਕ ਜਾਪਣ ਵਾਲੀਆਂ ਇਹ ਗੱਲਾਂ ਕਹੀਆਂ, ਉਸ ਤੋਂ ਪਹਿਲਾਂ ਭਾਜਪਾ ਦੀ ਇਸ ਸਬੰਧੀ ਰਣਨੀਤੀ ਦੇ ਮੁੱਖ ਤੌਰ 'ਤੇ ਤਿੰਨ ਪਹਿਲੂ ਸਨ। ਪਹਿਲਾ ਦਲਿਤਾਂ 'ਤੇ ਹੋ ਰਹੇ ਸੰਗਠਿਤ ਹਿੰਦੂਤਵਵਾਦੀ ਅੱਤਿਆਚਾਰਾਂ ਨੂੰ ਦਲਿਤਾਂ 'ਤੇ ਆਮ ਤੌਰ 'ਤੇ ਹੋਣ ਵਾਲੀਆਂ ਜ਼ਿਆਦਤੀਆਂ ਦੀ ਸ਼੍ਰੇਣੀ 'ਚ ਪਾਉਂਦਿਆਂ



ਵਾਰ-ਵਾਰ ਇਹ ਕਿਹਾ ਜਾਂਦਾ ਰਹੇ ਕਿ ਇਹ ਸਾਰਾ ਕੁਝ ਤਾਂ ਕਾਂਗਰਸ ਦੇ ਜ਼ਮਾਨੇ ਤੋਂ ਹੀ ਚਲਦਾ ਆ ਰਿਹਾ ਹੈ, ਇਸ ਵਿਚ ਕੋਈ ਨਵੀਂ ਗੱਲ ਨਹੀਂ ਹੈ। ਦੂਜਾ, ਇਨ੍ਹਾਂ ਘਟਨਾਵਾਂ ਲਈ ਮੋਦੀ ਸਰਕਾਰ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ, ਕਿਉਂਕਿ ਉਨ੍ਹਾਂ ਨੂੰ ਰੋਕਣਾ ਸੂਬਾਈ ਸਰਕਾਰਾਂ ਦਾ ਕੰਮ ਹੈ। ਤੀਜਾ, ਇਨ੍ਹਾਂ ਘਟਨਾਵਾਂ ਦਾ ਸਿਆਸੀਕਰਨ ਨਹੀਂ ਕੀਤਾ ਜਾਣਾ ਚਾਹੀਦਾ। ਕੇਂਦਰੀ ਮੰਤਰੀ ਵੈਂਕਈਆ ਨਾਇਡੂ ਨੇ ਇਸ ਕਿਸਮ ਦਾ ਇਕ ਲੇਖ ਵੀ ਇਕ ਅੰਗਰੇਜ਼ੀ ਅਖ਼ਬਾਰ ਵਿਚ ਲਿਖਿਆ ਸੀ। ਇਕ ਹੋਰ ਕੇਂਦਰੀ ਮੰਤਰੀ ਥਾਵਰ ਚੰਦ ਗਹਿਲੋਤ ਨੇ ਤਾਂ ਗਊ ਰੱਖਿਅਕਾਂ ਦਾ ਬਚਾਅ ਕਰਦੇ ਹੋਏ ਕਿਹਾ ਸੀ ਕਿ ਉਨ੍ਹਾਂ ਦੀ ਗ਼ਲਤੀ ਸਿਰਫ ਏਨੀ ਹੈ ਕਿ ਉਹ ਅਫ਼ਵਾਹਾਂ 'ਤੇ ਹੀ ਸਰਗਰਮ ਹੋ ਜਾਂਦੇ ਹਨ ਅਤੇ ਉਨ੍ਹਾਂ ਦੀ ਪੁਸ਼ਟੀ ਨਹੀਂ ਕਰਦੇ। ਇਸ ਦਾ ਸਿੱਧਾ ਮਤਲਬ ਸੀ ਕਿ ਜੇ ਵਾਕਈ ਗਊ ਹੱਤਿਆ ਵਿਰੋਧੀ ਕਾਨੂੰਨ ਦੀ ਉਲੰਘਣਾ ਹੋ ਰਹੀ ਹੋਵੇ ਅਤੇ ਗਊ ਰੱਖਿਅਕ ਕਾਨੂੰਨ ਆਪਣੇ ਹੱਥਾਂ 'ਚ ਲੈ ਲੈਣ ਤਾਂ ਇਸ ਵਿਚ ਕੋਈ ਗ਼ਲਤ ਗੱਲ ਨਹੀਂ ਹੈ। ਭਾਜਪਾ ਦੇ ਇਕ ਕੌਮੀ ਬੁਲਾਰੇ ਨੇ ਰਾਜ ਸਭਾ ਟੀ.ਵੀ. 'ਤੇ ਬਹਿਸ ਕਰਦਿਆਂ ਕਿਹਾ ਸੀ ਕਿ ਗਊ ਰੱਖਿਅਕ ਸ਼ਾਂਤੀਪੂਰਵਕ ਆਪਣਾ ਕੰਮ ਕਰ ਰਹੇ ਹਨ। ਭਾਜਪਾ ਨੂੰ ਆਪਣੀ ਇਹ ਰਣਨੀਤੀ ਕਿਉਂ ਵਾਪਸ ਲੈਣੀ ਪਈ? ਇਹ ਨੌਬਤ ਉਦੋਂ ਆਈ ਜਦੋਂ ਭਾਰਤੀ ਜਨਤਾ ਪਾਰਟੀ ਅਤੇ ਉਸ ਦੀ ਸਰਕਾਰ ਨੂੰ ਜਾਪਿਆ ਕਿ ਉੱਤਰ ਪ੍ਰਦੇਸ਼ ਅਤੇ ਪੰਜਾਬ ਦੀਆਂ ਚੋਣਾਂ ਵਿਚ ਦਲਿਤਾਂ ਦਾ ਸਰਕਾਰ ਵਿਰੋਧੀ ਗੁੱਸਾ ਭਾਜਪਾ ਨੂੰ ਲੈ ਡੁੱਬੇਗਾ। ਅਗਲੇ ਸਾਲ ਫਰਵਰੀ ਦੇ ਮਹੀਨੇ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿਚ ਵਿਧਾਨ ਸਭਾ ਲਈ ਵੋਟਾਂ ਪੈਣ ਵਾਲੀਆਂ ਹਨ। ਪੰਜਾਬ ਵਿਚ ਦਲਿਤ ਆਬਾਦੀ ਦੇਸ਼ ਵਿਚੋਂ ਸਭ ਤੋਂ ਵਧੇਰੇ ਭਾਵ 32 ਫ਼ੀਸਦੀ ਹੈ। ਵਿਧਾਨ ਸਭਾ ਦੀਆਂ 117 ਸੀਟਾਂ ਵਿਚੋਂ 34 ਤਾਂ ਦਲਿਤਾਂ ਲਈ ਰਾਖਵੀਆਂ ਹਨ ਹੀ, ਘੱਟੋ-ਘੱਟ 6 ਜ਼ਿਲ੍ਹੇ ਅਜਿਹੇ ਹਨ, ਜਿਥੇ ਦਲਿਤ ਵੋਟਾਂ ਨਾਲ ਹੀ ਹਾਰ-ਜਿੱਤ ਦਾ ਫ਼ੈਸਲਾ ਹੋ ਸਕਦਾ ਹੈ। ਇਕ ਜਾਣਕਾਰੀ ਅਨੁਸਾਰ ਸ਼ਹੀਦ ਭਗਤ ਸਿੰਘ ਨਗਰ ਵਿਚ ਦਲਿਤਾਂ ਦੀ ਗਿਣਤੀ 42.5, ਸ੍ਰੀ ਮੁਕਤਸਰ ਸਾਹਿਬ ਵਿਚ 42.3,ਫਿਰੋਜ਼ਪੁਰ ਵਿਚ 42, ਜਲੰਧਰ ਅਤੇ ਫਰੀਦਕੋਟ ਵਿਚ 39-39 ਅਤੇ ਮੋਗਾ ਵਿਚ 36.5 ਫ਼ੀਸਦੀ ਹੈ। ਭਾਜਪਾ ਜਾਣਦੀ ਹੈ ਕਿ ਉਸ ਦੇ ਅਤੇ ਅਕਾਲੀਆਂ ਦੇ 10 ਸਾਲ ਦੇ ਸੱਤਾਧਾਰੀ ਗਠਜੋੜ ਦੇ ਖਿਲਾਫ਼ ਲੋਕਾਂ ਵਿਚ ਕਾਫੀ ਨਾਰਾਜ਼ਗੀ ਵਾਲੀ ਭਾਵਨਾ ਹੈ। ਇਸੇ ਕਰਕੇ ਹੀ ਮੋਦੀ ਦੀ ਲਹਿਰ ਵਿਚ ਵੀ 2014 'ਚ ਪੰਜਾਬ ਨੇ ਇਸ ਗਠਜੋੜ ਨੂੰ ਬਹੁਤੇ ਚੰਗੇ ਨਤੀਜੇ ਨਹੀਂ ਦਿੱਤੇ ਸਨ। ਦਰਅਸਲ ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਵਿਚਕਾਰ ਸਿਰਫ ਦੋ ਫ਼ੀਸਦੀ ਵੋਟਾਂ ਦਾ ਹੀ ਫ਼ਰਕ ਸੀ। ਜੇ ਅਕਾਲੀ ਦਲ ਤੋਂ ਟੁੱਟੇ ਹੋਏ ਮਨਪ੍ਰੀਤ ਬਾਦਲ ਦੇ ਧੜੇ ਦੀ ਭੂਮਿਕਾ ਨਾ ਹੁੰਦੀ ਤਾਂ ਉਨ੍ਹਾਂ ਚੋਣਾਂ ਵਿਚ ਗਠਜੋੜ ਨੇ ਹਾਰ ਜਾਣਾ ਸੀ। ਉੱਤਰ ਪ੍ਰਦੇਸ਼ ਭਾਜਪਾ ਲਈ ਦਲਿਤਾਂ ਦੇ ਮਾਮਲੇ ਵਿਚ ਹੋਰ ਵੀ ਔਖਾ ਦ੍ਰਿਸ਼ ਪੇਸ਼ ਕਰਦਾ ਹੈ। 2014 'ਚ ਕੇਵਲ ਥੋੜ੍ਹੇ ਜਿਹੇ ਦਲਿਤਾਂ ਨੇ ਹੀ ਵਿਕਾਸ ਦੇ ਨਾਂਅ 'ਤੇ ਮੋਦੀ ਨੂੰ ਵੋਟਾਂ ਪਾਈਆਂ ਸਨ। ਭਾਵੇਂ ਮਾਇਆਵਤੀ ਨੂੰ ਕੋਈ ਸੀਟ ਨਹੀਂ ਮਿਲ ਸਕੀ ਸੀ ਪਰ ਬਾਕੀ ਸਾਰੀਆਂ ਦਲਿਤ ਵੋਟਾਂ ਬਹੁਜਨ ਸਮਾਜ ਪਾਰਟੀ ਨੂੰ ਹੀ ਪਈਆਂ ਸਨ। ਇਹ ਇਕ ਸਥਾਪਤ ਤੱਥ ਹੈ ਕਿ ਉੱਤਰ ਪ੍ਰਦੇਸ਼ ਵਿਚ ਬਸਪਾ ਦੀ ਅਗਵਾਈ ਹੇਠ ਦਲਿਤ ਰਾਜਨੀਤਕ ਭਾਈਚਾਰੇ ਦਾ ਉਭਾਰ ਹੋ ਚੁੱਕਾ ਹੈ। 21 ਫ਼ੀਸਦੀ ਦਲਿਤ ਆਬਾਦੀ ਵਾਲਾ ਇਹ ਸੂਬਾ ਇਕੱਲਾ ਹੈ ਜਿਥੇ ਦਲਿਤਾਂ ਦੇ ਸਿਆਸੀ ਗਲਬੇ ਵਿਚ ਉੱਚੀਆਂ ਜਾਤੀਆਂ ਬਸਪਾ ਨਾਲ ਚੋਣਾਵੀ ਸਮੀਕਰਨ ਬਣਾਉਣ ਲਈ ਮਜਬੂਰ ਹਨ। ਕਾਲਮ ਨਵੀਸ ਅਭੀਕ ਵਰਮਨ ਅਨੁਸਾਰ ਸੋਨ ਭੱਦਰ, ਕੌਸ਼ਾਂਬੀ, ਸੀਤਾਪੁਰ, ਉਨਾਵ, ਹਰਦੋਈ, ਝਾਂਸੀ ਅਤੇ ਰਾਇਬਰੇਲੀ ਵਰਗੇ ਜ਼ਿਲ੍ਹਿਆਂ ਵਿਚ ਦਲਿਤਾਂ ਦੀ ਆਬਾਦੀ 28 ਤੋਂ 42 ਫ਼ੀਸਦੀ ਤੱਕ ਹੈ। ਕੁੱਲ ਮਿਲਾ ਕੇ 34 ਜ਼ਿਲ੍ਹੇ ਅਜਿਹੇ ਹਨ, ਜਿਥੇ ਦਲਿਤ ਸੂਬੇ ਵਿਚਲੀ ਆਪਣੀ ਔਸਤ ਆਬਾਦੀ ਤੋਂ ਵਧੇਰੇ ਹਨ। ਭਾਜਪਾ ਨੂੰ ਪਤਾ ਹੈ ਕਿ 2012 ਵਿਚ ਸਮਾਜਵਾਦੀ ਪਾਰਟੀ ਨੇ ਸਿਰਫ 29 ਫ਼ੀਸਦੀ ਵੋਟਾਂ ਦੇ ਦਮ 'ਤੇ ਬਹੁਮਤ ਹਾਸਲ ਕਰ ਲਿਆ ਸੀ। ਇਹ ਹੈਰਾਨਕੁੰਨ ਚੋਣਾਵੀ ਸੰਘਰਸ਼ ਦਾ ਕਮਾਲ ਸੀ। ਇਸ ਵਾਰ ਵੀ ਤਕਰੀਬਨ ਉਹੀ ਹੋਣ ਜਾ ਰਿਹਾ ਹੈ। ਗੁਜਰਾਤ ਵਿਚ ਦਲਿਤਾਂ 'ਤੇ ਵਰ੍ਹਦੀਆਂ ਹਿੰਦੂਤਵਵਾਦੀਆਂ ਦੀਆਂ ਲਾਠੀਆਂ ਦਾ ਅਸਰ ਉਥੋਂ ਦੀ ਸਥਾਨਕ ਰਾਜਨੀਤੀ 'ਤੇ ਓਨਾ ਨਹੀਂ ਪਵੇਗਾ, ਜਿਨ੍ਹਾਂ ਉੱਤਰ ਪ੍ਰਦੇਸ਼ ਅਤੇ ਪੰਜਾਬ 'ਤੇ ਪਵੇਗਾ। ਪੰਜਾਬ ਵਿਚ ਭਾਜਪਾ ਆਪਣੀ ਹਾਰ ਦਾ ਠੀਕਰਾ ਅਕਾਲੀ ਦਲ ਦੇ ਸਿਰ ਭੰਨ ਸਕਦੀ ਹੈ ਪਰ ਉੱਤਰ ਪ੍ਰਦੇਸ਼ ਵਿਚ ਤਾਂ ਉਸ ਨੇ ਅਜੇ ਸਵਾ ਦੋ ਸਾਲ ਪਹਿਲਾਂ 71 ਸੀਟਾਂ ਜਿੱਤੀਆਂ ਸਨ ਅਤੇ ਉਹ 337 ਵਿਧਾਨ ਸਭਾ ਸੀਟਾਂ 'ਤੇ ਅੱਗੇ ਸੀ ਭਾਵ ਬਹੁਮਤ ਤੋਂ ਘੱਟ ਉਸ ਦੀ ਸਾਖ ਨਹੀਂ ਬਚੇਗੀ। ਜਦੋਂ ਮਾਇਆਵਤੀ ਨੂੰ ਆਪਣੀਆਂ ਸਥਾਈ ਦਲਿਤ ਵੋਟਾਂ ਤੋਂ ਇਲਾਵਾ ਸਮਾਜ ਦੇ ਹੋਰ ਹਿੱਸਿਆਂ ਦੀਆਂ ਥੋੜ੍ਹੀਆਂ-ਥੋੜ੍ਹੀਆਂ ਵੋਟਾਂ ਹੀ ਚਾਹੀਦੀਆਂ ਹਨ ਤਾਂ ਉਹ 30 ਫ਼ੀਸਦੀ ਦੇ ਕਰੀਬ ਪਹੁੰਚ ਜਾਵੇਗੀ। 2007 ਵਿਚ ਮਾਇਆਵਤੀ ਨੂੰ ਹਰੇਕ 100 ਬ੍ਰਾਹਮਣ ਵੋਟਾਂ ਵਿਚੋਂ 17 ਵੋਟਾਂ ਮਿਲੀਆਂ ਸਨ ਅਤੇ ਇਹੀ ਉਨ੍ਹਾਂ ਦੀ ਜਿੱਤ ਲਈ ਕਾਫੀ ਹੋ ਗਈਆਂ ਸਨ।

ਇਸ ਸਮੇਂ ਭਾਜਪਾ ਖ਼ੁਦ ਨੂੰ ਪੁੱਛ ਰਹੀ ਹੋਵੇਗੀ ਕਿ, ਕੀ ਪ੍ਰਧਾਨ ਮੰਤਰੀ ਦੇ ਨਾਟਕੀ ਜੁਮਲੇ ਉਸ ਨੂੰ ਮਿਲ ਸਕਣ ਵਾਲੀਆਂ ਦਲਿਤ ਵੋਟਾਂ ਦੀ ਗਾਰੰਟੀ ਕਰ ਸਕਣਗੇ? 2017 'ਚ ਉੱਤਰ ਪ੍ਰਦੇਸ਼ ਵਿਚ 2014 ਦੀ ਵਾਪਸੀ ਹੋਵੇਗੀ ਜਾਂ 2007 ਦੀ? ਇਹ ਦੇਖਣ ਵਾਲੀ ਗੱਲ ਹੋਵੇਗੀ।

# ਨਿਜੀ ਸਕੂਲਾਂ ਦੀ ਲੁੱਟ, ਮਾਪਿਆਂ ਦਾ ਵਿਦਰੋਹ : ਹੱਲ ਕੀ ਹੈ?

ਲਖਵਿੰਦਰ ਸਿੰਘ ਮੌੜ
91-94177-52063

ਪੂਰੇ ਹਿੰਦੋਸਤਾਨ ਵਿਚ ਸਰਕਾਰੀ ਸਿਖਿਆ ਦੀ ਜੋ ਤਸਵੀਰ ਹੈ, ਉਹ ਪੂਰੀ ਦੀ ਪੂਰੀ ਤਰਸਯੋਗ ਹੈ, ਸਰਕਾਰੀ ਸਿਖਿਆ ਦੀ ਤ੍ਰਾਸਦੀ ਕਿਸੇ ਬੁੱਧੀਜੀਵੀ ਤੋਂ ਗੁੱਝੀ ਹੋਈ ਨਹੀਂ। ਸਿਖਿਆ ਨਾਲ ਸਬੰਧ ਰੱਖਣ ਵਾਲੇ ਵਿਦਿਆ ਦੇ ਹੋ ਰਹੇ ਘਾਣ ਵਿਰੁਧ ਸਮੇਂ ਸਮੇਂ ਉਤੇ ਆਵਾਜ਼ ਬੁਲੰਦ ਕਰਦੇ ਰਹਿੰਦੇ ਹਨ ਪਰ ਇਹ ਭਾਰਤੀ ਹਾਕਮਾਂ ਦਾ ਸੁਭਾਅ ਬਣ ਗਿਆ ਹੈ ਕਿ ਕਿਸੇ ਦੀ ਚੀਕ ਪੁਕਾਰ ਨੂੰ ਗੰਭੀਰਤਾ ਨਾਲ ਲੈਣਾ ਤਾਂ ਦੂਰ ਦੀ ਗੱਲ, ਸੁਣਨਾ ਤਕ ਵੀ ਐਬ ਸਮਝਦੇ ਹਨ। ਹਾਕਮ ਜਮਾਤ ਦੇ ਇਸੇ ਸੁਭਾਅ ਦਾ ਫ਼ਾਇਦਾ ਉਠਾ ਕੇ ਕੁੱਝ ਧਨਵਾਨ ਲੋਕਾਂ ਨੇ ਵਿਦਿਆ ਨੂੰ ਵਸਤੂ ਵਾਂਗ ਵੇਚਣ ਲਈ ਨਿਜੀ ਸਕੂਲਾਂ ਦੀ ਸਥਾਪਨਾ ਕਰ ਲਈ ਤੇ ਸਸਤੀ ਵਿਦਿਆ ਖ਼ਰੀਦ ਕੇ ਮਹਿੰਗੇ ਮੁੱਲ ਵੇਚਣ ਵਾਲਾ ਵਰਗ ਪੈਦਾ ਹੋ ਗਿਆ। ਦੂਜੇ ਪਾਸੇ ਇਨ੍ਹਾਂ ਵਿਦਿਆ ਦੇ ਵਪਾਰੀਆਂ ਨੂੰ ਮੰਡੀ ਵਿਚੋਂ ਕੱਚਾ ਮਾਲ (ਪੜ੍ਹਿਆ ਲਿਖਿਆ ਸਿਖਿਅਤ ਅਧਿਆਪਕ) ਆਸਾਨੀ ਨਾਲ ਮਿਲ ਜਾਂਦਾ ਹੈ। ਕੱਚੇ ਮਾਲ ਨੂੰ ਨਿਚੋੜ ਕੇ ਇਸ ਦਾ ਅਰਕ (ਰਸ) ਵਿਦਿਆ ਦੇ ਰੂਪ ਵਿਚ ਪਰੋਸਿਆ ਜਾਂਦਾ ਹੈ।

ਪੰਜਾਬ ਵਿਚ ਇਸੇ ਲੁਟੇਰੇ ਵਰਗ ਵਿਰੁਧ ਆਵਾਜ਼ਾਂ ਉਠਣੀਆਂ ਸ਼ੁਰੂ ਹੋ ਗਈਆਂ। ਸਬੰਧਤ ਸਿਖਿਆ ਬੋਰਡਾਂ ਨੂੰ ਸਖ਼ਤ ਨਿਯਮ ਬਣਾਉਣੇ ਪੈ ਗਏ। ਉਚ ਅਦਾਲਤਾਂ ਨੂੰ ਦਖ਼ਲਅੰਦਾਜ਼ੀ ਕਰ ਕੇ ਨਿਜੀ ਸਕੂਲਾਂ ਦੀ ਖ਼ੂਨ ਚੂਸ ਕਾਰਗੁਜ਼ਾਰੀ ਵਿਚ ਦਖ਼ਲਅੰਦਾਜ਼ੀ ਕਰ ਕੇ ਕੁੱਝ ਸਖ਼ਤ ਹੁਕਮ ਦੇਣੇ ਪਏ, ਜਿਵੇਂ ਅਧਿਆਪਕ ਦਾ ਆਰਥਕ ਸ਼ੋਸ਼ਣ ਰੋਕਣ ਲਈ ਮੁਢਲੀ ਤਨਖ਼ਾਹ ਬੈਂਕ, ਚੈਕ ਡਰਾਫ਼ਟ ਆਦਿ ਰਾਹੀਂ ਦੇਣੀ, ਫ਼ੀਸਾਂ ਵਧਾਉਣ ਦੇ ਮਾਮਲੇ ਵਿਚ ਫ਼ੀਸ ਕਮੇਟੀ ਦਾ ਗਠਨ ਕਰਨਾ, ਅਧਿਆਪਕ ਦੀਆਂ ਸੇਵਾਵਾਂ ਸੁਰੱਖਿਅਤ ਰੱਖਣ ਦੇ ਨਿਰਦੇਸ਼ ਆਦਿ। ਇਹ ਨਿਰਦੇਸ਼ ਭਾਵੇਂ ਉਚ ਅਦਾਲਤਾਂ ਦੇ ਹਨ ਪਰ ਇਨ੍ਹਾਂ ਨੂੰ ਮੰਨਣ ਲਗਿਆਂ ਵਿਦਿਆ ਦੇ ਵਪਾਰੀਆਂ ਅਤੇ ਨਿਜੀ ਸਕੂਲ ਮਾਲਕਾਂ ਤੇ ਪ੍ਰਬੰਧਕਾਂ ਨੂੰ ਆਰਥਕ ਲੁੱਟ ਮਚਾਉਣ ਦਾ ਰਾਹ ਬੰਦ ਹੁੰਦਾ ਜਾਪਦਾ ਹੈ। ਦੂਜੇ ਪਾਸੇ ਮਾਣਯੋਗ ਅਦਾਲਤਾਂ ਦੇ ਫ਼ੈਸਲੇ ਲਾਗੂ ਕਰਾਉਣ ਲਈ ਮਾਪਿਆਂ ਵੱਲੋਂ ਲਾਮਬੰਦ ਹੋ ਕੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲੀਸ ਰਾਹੀਂ ਦਬਾਅ ਪਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਨਿਜੀ ਸਕੂਲ ਮਾਲਕ ਇਨ੍ਹਾਂ ਹੁਕਮਾਂ ਨੂੰ ਘਾਟੇ ਦਾ ਸੌਦਾ ਮੰਨ ਕੇ ਲਾਗੂ ਕਰਨ ਤੋਂ ਕੰਨੀ ਕਤਰਾ ਰਹੇ ਹਨ, ਪਰ ਸੂਝਵਾਨ ਮਾਪਿਆਂ ਦੇ ਦਬਾਅ ਅੱਗੇ ਕਦੇ-ਕਦਾਈ ਝੁਕ ਜਾਂਦੇ ਹਨ ਅਤੇ ਕਦੇ ਖਹਿਬੜਨ ਤਕ ਪਹੁੰਚ ਜਾਂਦੇ ਹਨ।

ਕੇਂਦਰ ਵਲੋਂ ਸਿਖਿਆ ਕਾਨੂੰਨ ਤਹਿਤ 25 ਫ਼ੀਸਦੀ ਗ਼ਰੀਬ ਬੱਚਿਆਂ ਨੂੰ ਦਾਖ਼ਲ ਕਰਨਾ ਵੀ ਇਨ੍ਹਾਂ ਨੂੰ ਨਾਪਸੰਦ ਹੈ, ਕਿਉਂਕਿ ਗ਼ਰੀਬ 25 ਫ਼ੀ ਸਦੀ ਬੱਚਿਆਂ ਦੀ ਆਮਦ ਨਾਲ ਸਕੂਲ ਦੀ ਕਥਿਤ ਪ੍ਰਤਿਭਾ ਨੂੰ ਖੋਰਾ ਲਗਦਾ ਹੈ, ਸਾਰਾ ਰੇੜਕਾ ਪੈਸਿਆਂ ਦਾ ਪੈ ਜਾਂਦਾ ਹੈ। ਸਰਕਾਰੀ ਸਿਖਿਆ ਦੀ ਨਾਲਾਇਕੀ ਹੀ ਵਿਦਿਆ ਦੇ ਵਪਾਰੀਆਂ ਲਈ ਸੋਨੇ 'ਤੇ ਸੁਹਾਗਾ ਹੈ। ਸੰਘਰਸ਼ਾਂ ਦੇ ਰਾਹ ਪਏ ਮਾਪਿਆਂ ਨੂੰ ਦੱਸਣਾ ਬਣਦਾ ਹੈ ਕਿ ਭਾਵੇਂ ਅਦਾਲਤਾਂ ਦਾ ਰਵਈਆ ਇਨ੍ਹਾਂ ਸਕੂਲਾਂ ਪ੍ਰਤੀ ਸਖ਼ਤ ਹੈ, ਪਰ ਸੂਬਾ ਸਰਕਾਰਾਂ ਸ਼ੋਸ਼ਤ ਵਰਗ ਨਾਲ ਨਹੀਂ ਸਗੋਂ ਸ਼ੋਸ਼ਕ ਵਰਗ ਦਾ ਪੱਖ ਪੂਰਦੀਆਂ ਮਹਿਸੂਸ ਹੁੰਦੀਆਂ ਹਨ ਕਿਉਂਕਿ ਨਿਜੀ ਸਕੂਲਾਂ ਵਿਚ ਬਤੌਰ ਸਕੂਲ ਮਾਲਕ, ਵਿਧਾਇਕ, ਸਿਆਸੀ ਪਹੁੰਚ ਰੱਖਣ ਵਾਲੇ ਐਮ.ਐਲ.ਏ. ਆਦਿ ਵੀ ਸ਼ੁਮਾਰ ਹੁੰਦੇ ਹਨ। ਬਾਕੀ ਨਿਜੀ ਸਕੂਲ ਮਾਲਕਾਂ ਦੀ ਜਥੇਬੰਦੀ ਯੂਨੀਅਨ ਵਿਦਿਅਕ ਖੇਤਰ ਵਿਚ ਪਾਏ ਜਾ ਰਹੇ ਯੋਗਦਾਨ ਦਾ ਵਧਾ-ਚੜ੍ਹਾਅ ਕੇ ਗੁਣਗਾਨ ਕਰ ਜਾਂਦੇ ਹਨ ਪਰ ਸਕੂਲ ਦੇ ਵਿਦਿਅਕ ਮਿਆਰ ਨੂੰ ਉੱਚਾ ਚੁਕਣ ਵਾਲੇ ਸਕੂਲ ਅਧਿਆਪਕਾਂ ਦੇ ਆਰਥਕ ਸ਼ੋਸ਼ਣ ਵਾਲੀ ਕਹਾਣੀ ਜਜ਼ਬਾਤਾਂ ਵਿਚ ਹੀ ਦੱਬ ਜਾਂਦੇ ਹਨ। ਹਰ ਵਕਤ ਹੀ ਹਾਕਮ ਜਮਾਤ ਨਿਜੀ ਸਕੂਲ ਮਾਲਕਾਂ ਦਾ ਪੱਖ ਪੂਰਦੀ ਹੈ, ਇਸ ਦੇ ਕਾਰਨਾਂ ਦਾ ਵਿਸਥਾਰ ਦੇਣ ਦੀ ਜ਼ਰੂਰਤ ਹੀ ਨਹੀਂ।



ਅਧਿਆਪਕਾਂ ਦੀ ਨਿਯੁਕਤੀ ਦਾ ਕੋਈ ਨਿਯਮ ਨਹੀ, ਇੰਟਰਵਿਊ ਦਾ ਇਸ਼ਤਿਹਾਰ ਦੇ ਕੇ ਅਧਿਆਪਕ ਬੁਲਾਏ ਜਾਂਦੇ ਹਨ, ਸਾਰੀਆਂ ਰਸਮਾਂ ਬਕਾਇਦਾ ਕੀਤੀਆਂ ਜਾਂਦੀਆਂ ਹਨ, ਜਿਵੇਂ ਦਸਤਾਵੇਜ਼ਾਂ ਦੀ ਪਰਖ, ਆਮ ਗੱਲਾਂ, ਤਜਰਬਾ, ਅੰਗਰੇਜ਼ੀ ਧਾਰਾ ਪ੍ਰਵਾਹ ਆਦਿ ਅਤੇ ਅੰਤ ਵਿਚ ਤਨਖ਼ਾਹ ਪੁੱਛੀ ਜਾਂਦੀ ਹੈ, ਜਦਕਿ ਤਨਖ਼ਾਹ ਪੁੱਛਣ ਦੀ ਜ਼ਰੂਰਤ ਨਹੀਂ, ਤਨਖ਼ਾਹ ਤਾਂ ਸਬੰਧਤ ਸਿਖਿਆ ਬੋਰਡ ਵਲੋਂ ਨਿਸ਼ਚਤ ਕੀਤੀ ਜਾਂਦੀ ਹੈ। ਤਨਖ਼ਾਹ ਪੁਛਣ ਦਾ ਭਾਵ ਇਹੀ ਹੁੰਦੈ ਕਿ ਤਨਖ਼ਾਹ ਦਾ ਕਿੰਨੇ ਫ਼ੀ ਸਦੀ ਤੁਸੀ ਨਕਦ ਦਿਉਗੇ? ਜਿਨ੍ਹੀ ਵੱਧ ਤੋਂ ਵੱਧ ਤਨਖ਼ਾਹ ਵਾਪਸ ਕਰਨ ਦੀ ਹਾਮੀ ਭਰ ਦਿਉ ਉਹ ਸਮਝੋ ਚੁਣਿਆ ਗਿਆ। ਈ. ਪੀ. ਐਫ਼ ਅਪਣੇ ਵਲੋਂ ਜਮ੍ਹਾਂ ਕਰਵਾਏ ਅਜਿਹਾ ਅਧਿਆਪਕ ਵੀ ਚੁਣਿਆ ਸਮਝੋ, ਭਾਵ ਸ਼ੋਸ਼ਣ ਕਰਾਉਣਾ ਮਨਜ਼ੂਰ ਕਰਨ ਵਾਲਾ ਅਧਿਆਪਕ ਹੀ ਖੰਡ ਦੀ ਪੁੜੀ ਹੁੰਦਾ ਹੈ, ਦੂਜਾ (ਬਾਗ਼ੀ ਤਬੀਅਤ ਵਾਲਾ) ਜ਼ਹਿਰ ਦੀ ਗੰਦਲ। ਅਧਿਆਪਕਾਂ ਦੀ ਜਾਗਰੂਕਤਾ ਵਿਚ ਵਾਧਾ ਕਰਨ ਲਈ ਦਸਣਾ ਚਾਹੁੰਦਾ ਹਾਂ ਕਿ ਸਬੰਧਤ ਬੋਰਡ ਦੀ ਆਗਿਆ ਬਿਨਾਂ ਅਧਿਆਪਕ ਦੀਆਂ ਸੇਵਾਵਾਂ ਖ਼ਤਮ ਨਹੀਂ ਕੀਤੀਆਂ ਜਾ ਸਕਦੀਆਂ। ਜੇਕਰ ਅਸਤੀਫ਼ਾ ਨਾ ਦਿਤਾ ਹੋਵੇ ਤਾਂ ਅਦਾਲਤ ਦੀ ਇਜਾਜ਼ਤ ਬਿਨਾਂ ਅਧਿਆਪਕ ਹਟਾਇਆ ਨਹੀਂ ਜਾ ਸਕਦਾ। ਇਹ ਪੰਜਾਬ ਹਰਿਆਣਾ ਹਾਈ ਕੋਰਟ ਦਾ ਫ਼ੈਸਲਾ ਹੈ। ਜੇਕਰ ਉਜਰਤ ਵਿਚੋਂ ਪੈਸੇ ਵਾਪਸ ਮੰਗੇ ਜਾਂਦੇ ਹਨ ਤਾਂ ਵਿਜੀਲੈਂਸ ਵਿਭਾਗ ਤਕ ਪਹੁੰਚ ਕਰ ਕੇ ਭ੍ਰਿਸ਼ਟਾਚਾਰ ਵਿਰੋਧੀ ਐਕਟ ਤਹਿਤ ਰੰਗੇ ਹੱਥੀਂ (ਰਿਸ਼ਵਤ ਵਾਂਗ) ਫੜਵਾਇਆ ਜਾ ਸਕਦਾ ਹੈ, ਪਰ ਅਜਿਹਾ ਕਾਰਾ ਦੱਬੂ ਮਾਨਸਿਕਤਾ ਵਾਲੇ ਅਧਿਆਪਕ ਨਹੀਂ ਕਰ ਸਕਦੇ, ਧੜੱਲੇਦਾਰ ਅਤੇ ਜੂਝਣ ਵਾਲੇ ਹੀ ਕਰ ਸਕਦੇ ਹਨ।

ਨਿਜੀ ਸਕੂਲਾਂ ਵਿਚ ਬਹੁਗਿਣਤੀ ਸਰਕਾਰੀ ਮੁਲਾਜ਼ਮਾਂ ਦੇ ਬੱਚਿਆਂ ਦੀ ਹੁੰਦੀ ਹੈ। ਸਰਕਾਰੀ ਅਧਿਆਪਕਾਂ ਦੇ ਬੱਚੇ ਵੀ ਇਨ੍ਹਾਂ ਸਕੂਲਾਂ ਵਿਚ ਪੜ੍ਹਦੇ ਹਨ। ਜਿਹੜੇ ਅਧਿਆਪਕ ਨੌਕਰੀ ਤਾਂ ਸਰਕਾਰੀ ਪਸੰਦ ਕਰਦੇ ਹਨ, ਪੜ੍ਹਾਈ ਪ੍ਰਾਈਵੇਟ ਸਕੂਲ ਦੀ, ਉਨ੍ਹਾਂ ਅਧਿਆਪਕਾਂ ਦੀ ਸੋਚ ਸਰਕਾਰੀ ਸਕੂਲ ਵਿਚ ਪੜ੍ਹਨ ਵਾਲੇ ਬੱਚਿਆਂ ਪ੍ਰਤੀ ਕੀ ਹੋਵੇਗੀ, ਇਹ ਉਹੀ ਬਿਹਤਰ ਜਾਣਦੇ ਹੋਣਗੇ। ਇਹ ਤਾਂ ਸਿੱਧ ਹੀ ਹੋ ਚੁਕਾ ਹੈ ਕਿ ਨਿਜੀ ਸਕੂਲ ਵੱਧ ਆਮਦਨ ਵਾਲਿਆਂ ਲਈ ਹੈ, ਸਰਕਾਰੀ ਸਕੂਲ ਦਲੀਆ, ਚੌਲ, ਮਿਡ-ਡੇ ਮੀਲ ਜਾਂ ਮੁਫ਼ਤ ਦਾ ਅੰਨ ਖਾਣ ਵਾਲਿਆਂ ਦਾ ਟਿਕਾਣਾ ਹੈ, ਇਥੇ ਕੰਮ ਕਰਨ ਵਾਲੇ ਮਿਹਨਤੀ, ਲਗਨ ਵਾਲੇ, ਗ਼ਰੀਬ ਪੱਖੀ ਅਧਿਆਪਕਾਂ ਨੂੰ ਸਲਾਮ, ਵਿਹਲੜਾਂ ਨੂੰ ਲਾਹਨਤ। ਜੇਕਰ ਸੱਚ ਬੋਲਣ ਦੀ ਹਿੰਮਤ ਕਰਾਂ ਤਾਂ ਸਕੂਲਾਂ, ਇਮਤਿਹਾਨਾਂ ਦੌਰਾਨ, ਸ਼ਰਾਬਾਂ ਪੀਣ ਵਾਲੇ ਅਧਿਆਪਕ ਮੁਰਦਾਬਾਦ ਆਖਾਂਗਾ ਕਿਉਂਕਿ ਨਿਜੀ ਸਕੂਲ ਇੰਡਸਟਰੀ ਦੇ ਉਥਾਨ ਲਈ ਅਜਿਹੇ ਮਨਹੂਸ ਮਾਸਟਰਾਂ ਦਾ ਟੋਲਾ ਵੀ ਸਰਕਾਰੀ ਨੀਤੀਆਂ ਵਾਂਗ ਜ਼ਿੰਮੇਵਾਰ ਹੈ।

ਇਲਾਹਾਬਾਦ ਹਾਈ ਕੋਰਟ ਵਿਚ ਇਕ ਵਫ਼ਾਦਾਰ ਸਰਕਾਰੀ ਅਧਿਆਪਕ ਨੇ ਜਨਹਿਤ ਪਟੀਸ਼ਨ ਦਾਇਰ ਕੀਤੀ। ਉਸ ਦੀ ਪਟੀਸ਼ਨ ਨੂੰ ਉਚਿਤ ਮੰਨਦਿਆਂ ਜੱਜ ਸੁਧੀਰ ਅਗਰਵਾਲ ਨੇ ਫ਼ੈਸਲਾ ਦਿਤਾ ਕਿ ਜਿਹੜੇ ਸਰਕਾਰੀ ਮੁਲਾਜ਼ਮਾਂ ਦੇ ਬੱਚੇ ਨਿਜੀ ਸਕੂਲਾਂ ਵਿਚ ਪੜ੍ਹਦੇ ਹਨ ਉਹ ਅਪਣੇ ਬੱਚਿਆਂ ਦੀ ਫ਼ੀਸ ਬਰਾਬਰ ਪੈਸੇ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਾਉਣ। ਫ਼ੈਸਲਾ ਆਉਣ ਦੀ ਦੇਰ ਸੀ ਕਿ ਸਿਖਿਆ ਦਾ ਵਫ਼ਾਦਾਰ ਰਖਵਾਲਾ ਸਰਕਾਰੀ ਅਧਿਆਪਕ, ਸਰਕਾਰੀ ਜਬਰ 'ਬਦਲੀਆਂ' ਦਾ ਸ਼ਿਕਾਰ ਹੋਣਾ ਸ਼ੁਰੂ ਹੋ ਗਿਆ। ਇਹ ਫ਼ੈਸਲਾ ਕਿਸੇ ਵੀ ਸੂਬਾ ਸਰਕਾਰ ਨੇ ਨੈਤਿਕਤਾ ਦੇ ਆਧਾਰ 'ਤੇ ਸੂਬੇ ਦੇ ਨਿਜੀ ਸਕੂਲਾਂ ਵਿਚ ਲਾਗੂ ਨਹੀਂ ਕੀਤਾ ਪਰ ਦਿੱਲੀ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਮੁੱਖ ਮੰਤਰੀ ਅਰਵਿੰਦ

(ਬਾਕੀ ਸਫ਼ਾ ਤੇ)

# ਰੀਓ ਉਲੰਪਿਕ ਵਿੱਚ ਤਮਗ਼ਾ ਨਹੀਂ ਪਰ ਦਿਲ ਜਿੱਤ ਗਈ ਦੀਪਾ ਕਰਮਾਕਰ

ਦੀਪਾ ਕਰਮਾਕਰ ਭਾਰਤ ਦੀ ਪਹਿਲੀ ਮਹਿਲਾ ਜਿਮਨਾਸਟ ਹੈ , ਜਿਸਨੇ ਉਲੰਪਿਕ ਵਿੱਚ ਹਿੱਸਾ ਲੈਣ ਵਿੱਚ ਹੀ ਕਾਮਯਾਬੀ ਹਾਸਲ ਨਹੀਂ ਕੀਤੀ ਸਗੋਂ ਸਿਰਫ਼ ਤਿੰਨ ਮਹੀਨਿਆਂ ਦੀ ਪ੍ਰੈਕਟਿਸ ਨਾਲ ਹੀ ਉਹ ਰੀਓ ਉਲੰਪਿਕ ਦੇ ਫਾਈਨਲ ਵਿੱਚ ਵੀ

ਕੁਲਵੰਤ ਸਿੰਘ ਟਿੱਬਾ (91-92179-71379)

ਪਹੁੰਚ ਗਈ ਅਤੇ ਬੜੇ ਥੋੜੇ ਅੰਤਰ ਨਾਲ ਮੈਡਲ ਜਿੱਤਣ ਤੋਂ ਖੁੰਝ ਗਈ। ਬੇਸ਼ੱਕ ਦੀਪਾ ਕਰਮਾਕਰ ਮੈਡਲ ਨਾ ਜਿੱਤ ਸਕੀ ਪਰ ਉਸਨੇ ਖੇਡ ਪ੍ਰੇਮੀਆਂ ਦੇ ਦਿਲ ਜ਼ਰੂਰ ਜਿੱਤ ਲਏ ਹਨ। ਤ੍ਰਿਪੁਰਾ ਦੇ ਅਗਰਤਲਾ ਦੀ ਜੰਮਪਲ ਦੀਪਾ ਕਰਮਾਕਰ ਦਲਿਤ ਵਰਗ ਨਾਲ ਸਬੰਧਿਤ ਹੈ। ਜਿਮਨਾਸਟਿਕ ਦੇ ਪ੍ਰੋਡੂਨੋਵਾ ਨਾਂ ਦੇ ਖ਼ਤਰਨਾਕ ਈਵੈਂਟ ਵਿੱਚ ਭਾਰਤ ਦੀ ਦੀਪਾ ਕਰਮਾਕਰ ਦਾ ਫਾਈਨਲ ਵਿੱਚ ਪੁੱਜਣਾ ਆਪਣੇ ਆਪ ਵਿੱਚ ਇੱਕ ਪ੍ਰਾਪਤੀ ਹੈ। ਅਗਰਤਲਾ ਵਿਖੇ 9 ਅਗਸਤ 1992 ਨੂੰ ਜਨਮੀ ਦੀਪਾ ਕਰਮਾਕਰ



ਨੂੰ ਗੋਲਡਨ ਗਰਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਉਸਨੇ ਫਰਵਰੀ 2011 ਵਿੱਚ ਹੋਈਆਂ ਨੈਸ਼ਨਲ ਗੇਮਜ਼ ਵਿੱਚ ਤ੍ਰਿਪੁਰਾ ਵੱਲੋਂ ਹਿੱਸਾ ਲੈਂਦਿਆਂ ਜਿਮਨਾਸਟਿਕ ਦੇ ਪੰਜ ਵਰਗਾਂ ਵਿੱਚ ਪੰਜ ਗੋਲਡ ਮੈਡਲ ਜਿੱਤੇ।

ਇਸ ਤੋਂ ਇਲਾਵਾਂ ਦੀਪਾ ਨੇ ਸਾਲ 2014 ਦੌਰਾਨ ਸਕਾਟਲੈਂਡ ਦੇ ਗਲਾਸਗੋ ਵਿਖੇ ਆਯੋਜਿਤ ਕਾਮਨਵੈਲਥ ਗੇਮਜ਼ ਵਿੱਚ ਕਾਂਸੀ ਦਾ ਮੈਡਲ ਜਿੱਤ ਕੇ ਇਤਿਹਾਸ ਰਚ ਦਿੱਤਾ। ਇਸ ਪਿੱਛੋਂ ਉਸਨੇ ਏਸ਼ੀਅਨ ਗੇਮਜ਼ ਹੀਰੋਸ਼ੀਮਾ (ਜਪਾਨ) ਵਿਖੇ ਵੀ ਜਿਮਨਾਸਟਿਕ ਵਿੱਚ ਕਾਂਸੀ ਦਾ ਮੈਡਲ ਜਿੱਤਿਆ ਹੈ। ਦੀਪਾ ਕਰਮਾਕਰ ਜਿਮਨਾਸਟਿਕ ਵਿੱਚ ਮੈਡਲ ਜਿੱਤਣ ਵਾਲੀ ਪਹਿਲੀ ਮਹਿਲਾ ਹੈ। ਹਾਲ ਹੀ ਵਿੱਚ ਦੀਪਾ ਨੇ 10 ਅਗਸਤ 2016 ਨੂੰ 14.833 ਸਕੋਰ ਕਰਕੇ ਉਲੰਪਿਕ ਦੇ ਫਾਈਨਲ ਵਿੱਚ ਪੁੱਜ ਗਈ । ਦੀਪਾ ਫਾਈਨਲ ਵਿੱਚ 0.150 ਪੁਆਇੰਟ ਦੇ ਮਾਮੂਲੀ ਅੰਤਰ ਨਾਲ ਮੈਡਲ ਜਿੱਤਣ ਤੋਂ ਖੁੰਝ ਗਈ ਅਤੇ ਚੌਥੇ ਸਥਾਨ ਤੇ ਰਹੀ। ਦੀਪਾ ਆਪਣੇ ਕੋਚ ਵਿਸੇਸਵਰ ਨੰਦੀ ਦੀ ਮਿਹਨਤ ਸਦਕਾ ਜਿਮਨਾਸਟ ਵਜੋਂ ਆਪਣੀ ਪਛਾਣ ਕਾਇਮ ਕਰ ਸਕੀ ਹੈ।

ਦੀਪਾ ਦੇ ਪਿਤਾ ਦੁਲਾਲ ਕਰਮਾਕਰ ਅਨੁਸਾਰ ਜੇਕਰ ਰਾਓ ਉਲੰਪਿਕ ਵਿੱਚ ਦੀਪਾ ਦੇ ਨਾਲ ਉਸਦਾ ਮੈਨੇਜਰ ਅਤੇ ਫਿਜੀਓਥ੍ਰਾਪਿਸਟ ਨਾਲ ਭੇਜੇ ਹੁੰਦੇ ਤਾਂ ਨਤੀਜੇ ਕੁੱਝ ਹੋਰ ਹੋ ਸਕਦੇ ਸਨ, ਕਿਉਂਕਿ ਮੈਨੇਜਰ ਦੀ ਅਣਹੋਂਦ ਕਾਰਣ ਦੀਪਾ ਆਪਣੇ ਵਿਰੁੱਧ ਆਏ ਫ਼ੈਸਲੇ ਨੂੰ ਚੈਲੰਜ ਨਹੀਂ ਕਰ ਸਕੀ। ਬੇਸ਼ੱਕ ਦੀਪਾ ਕਰਮਾਕਰ ਰਾਓ ਉਲੰਪਿਕ ਵਿੱਚ ਮੈਡਲ ਨਾ ਜਿੱਤ ਸਕੀ ਪਰ ਉਸਨੇ ਖੇਡ ਪ੍ਰੇਮੀਆਂ ਦੇ ਦਿਲ ਜ਼ਰੂਰ ਜਿੱਤ ਲਏ ਹਨ ਅਤੇ ਉਸਨੇ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਦਲਿਤਾਂ ਦੇ ਬੱਚਿਆਂ ਕੋਲ ਵੀ ਹੁਨਰ ਦੀ ਕੋਈ ਘਾਟ ਨਹੀਂ ਹੈ।

# ਦਲਿਤਾਂ ’ਤੇ ਹੁੰਦੇ ਅੱਤਿਆਚਾਰ, ਖਾਮੋਸ਼ੀ ਕਿਉ?



ਰਵੀਸ਼ ਕੁਮਾਰ
Email: ravish@ndtv.com

ਗੁਜਰਾਤ ਦੇ ਊਨਾ ਸ਼ਹਿਰ ਵਿਚ ਬੀਤੇ ਦਿਨੀਂ ਚਾਰ ਦਲਿਤਾਂ ਨੂੰ ਅਰਧ ਨਗਨ ਕਰਕੇ ਮਾਰਕੁੱਟ ਕਰਦੇ ਹੋਏ ਇਕ ਵਹੀਕਲ ਨਾਲ ਬੰਨ੍ਹਿਆ ਗਿਆ ਸੀ। ਉਹਨਾਂ ਨੂੰ ਜਿਸ ਐਸ. ਯੂ. ਵੀ. ਨਾਲ ਬੰਨ੍ਹਿਆ ਗਿਆ ਸੀ, ਉਹ ਸਾਡੀ ਅਰਥ ਵਿਵਸਥਾ ਨੂੰ ਰਫਤਾਰ ਦੇਣ ਦਾ ਪ੍ਰਤੀਕ ਹੈ। ਮਹਿੰਦਰ ਦੇ ਜਾਇਲੋ ਦੀ ਕੀਮਤ ਸਾਢੇ ਅੱਠ ਲੱਖ ਤੋਂ ਸਾਢੇ ਦਸ ਲੱਖ ਵਿਚਕਾਰ ਹੈ। ਇਸੇ ਜਾਇਲੋ ਨਾਲ ਬੰਨ੍ਹ ਕੇ ਦਲਿਤ ਨੌਜਵਾਨਾਂ ਨੂੰ ਸ਼ਹਿਰ ਵਿਚ ਘੁੰਮਾਇਆ ਗਿਆ ਅਤੇ ਉਹਨਾਂ ਨੂੰ ਲਾਠੀਆਂ ਨਾਲ ਮਾਰਿਆ ਗਿਆ। ਵਾਰ-ਵਾਰ ਮਾਰਿਆ ਗਿਆ। ਪਹਿਲਾਂ ਪਿੰਡ ਵਿਚ ਮਾਰਿਆ ਗਿਆ, ਫਿਰ ਸ਼ਹਿਰ ਲਿਆ ਕੇ ਮਾਰਿਆ ਗਿਆ ਤਾਂ ਜੋ ਸ਼ਹਿਰ ਵੀ ਦੇਖੇ।

ਸਮਾਜ ਵਿਚ ਮੌਜੂਦ ਸੰਵੇਦਨਸ਼ੀਲ ਲੋਕਾਂ ਨੂੰ ਉਹਨਾਂ ਦੀਆਂ ਲਾਠੀਆਂ ਦੀ ਆਵਾਜ਼ ਹਾਲੇ ਵੀ ਸੁਣਾਈ ਦੇ ਰਹੀ ਹੈ। ਦਲਿਤ ਨੌਜਵਾਨਾਂ ਦੀ ਪਿੱਠ ਤੇ ਪੈਂਦੀਆਂ ਲਾਠੀਆਂ ਦੀ ਆਵਾਜ਼ ਦੱਸ ਰਹੀ ਹੈ ਕਿ ਉਹ ਸਾਰੀਆਂ ਸਦੀਆਂ ਅਤੇ ਦਸਤੂਰ ਹਾਲੇ ਵੀ ਜਿੰਦਾ ਹੈ, ਜਿਹਨਾਂ ਵਿਚ ਦਲਿਤ ਕਦੀ ਜਿੰਦਾ ਨਹੀਂ ਸਨ। ਫਟਾਕ-ਫਟਾਕ ਦੀ ਆਵਾਜ਼ ਦਲਿਤ ਸਵੈਮਾਣ ਨੂੰ ਕੁਚਲ ਰਹੀ ਹੈ। ਕੀ ਦਲਿਤਾਂ ਦੀ ਪਿੱਠ ਦੀ ਕੋਈ ਕੀਮਤ ਨਹੀਂ? ਉਹਨਾਂ ਦੇ ਸਵੈਮਾਣ, ਸਨਮਾਨ ਦੀ ਕੋਈ ਕੀਮਤ ਨਹੀਂ? ਕੀਮਤ ਉਸ ਜਾਇਲੋ ਐਸ. ਯੂ. ਵੀ. ਦੀ ਹੈ, ਜਿਸ ’ਤੇ ਇਕ ਵੀ ਲਾਠੀ ਨਹੀਂ ਲੱਗਦੀ ਹੈ।




ਲੱਗਭੱਗ ਮਹੀਨੇ ਭਰ ਦਾ ਸਮਾਂ ਹੋ ਗਿਆ, ਲਾਠੀਆਂ ਦੀ ਆਵਾਜ਼ ਅੱਜ ਤੱਕ ਗੂੰਜ ਰਹੀ ਹੈ ਪਰ ਸਾਡਾ ਸਮਾਜ ਉਸਨੂੰ ਸੰਗੀਤ ਸਮਝ ਕੇ ਝੂੰਮ ਰਿਹਾ ਹੈ। ਕੀ ਇਹ ਲੜਾਈ ਇਕੱਲਿਆਂ ਦਲਿਤਾਂ ਦੀ ਹੈ? ਕੀ ਉਹਨਾਂ ਨੌਜਵਾਨਾਂ ਦੀ ਪਿੱਠ ਪੰਚਾਇਤ ਦਾ ਚਬੂਤਰਾ ਹੈ, ਜਿੱਥੇ ਕੋਈ ਵੀ ਬਦਮਾਸ਼ ਬੈਠੀ ਲਗਾ ਕੇ ਜੰਮ ਗਿਆ। ਉਹ ਲਾਠੀ ਦੱਸ ਰਹੀ ਹੈ ਕਿ ਸਾਡੇ ਵਿਚਕਾਰ ਕਰੂਰਤਾ ਮੌਜੂਦ ਹੈ। ਸਾਡੀ ਚੁੱਪ ਦੱਸ ਰਹੀ ਹੈ ਕਿ ਅਸੀਂ ਉਸ ਕਰੂਰਤਾ ਨਾਲ ਸਹਿਮਤ ਹਾਂ ਅਤੇ ਦਲਿਤਾਂ ਦੀ ਪਿੱਠ ਲੱਤ ਅਤੇ ਲਾਠੀ ਦੇ ਲਈ ਬਣੀ ਹੈ। ਕੀ ਇਹ ਤਸਵੀਰ ਕਾਫੀ ਨਹੀਂ ਹੈ ਕਿ ਗੈਰ ਦਲਿਤ ਸਮਾਜ ਆਪਣੇ ਅੰਦਰ ਦੀ ਇਸ ਧਾਰਮਿਕ ਅਤੇ ਸਭਿਆਚਾਰਕ ਕਰੂਰਤਾ ਦੇ ਖਿਲਾਫ ਚੀਖ ਉਠੇ? ਚੀਖ ਉਠੇ ਕਿ ਹੁਣ ਸਾਡੇ ਤੋਂ ਨਹੀਂ ਦੇਖਿਆ ਜਾਂਦਾ। ਕੀ ਉਸਤੋਂ ਪਹਿਲਾਂ ਦਲਿਤਾਂ ਨੂੰ ਸੜਕਾਂ ਤੇ ਨਹੀਂ ਉਤਰ ਆਉਣਾ ਚਾਹੀਦਾ ਸੀ?

ਭਾਰਤ ਨੇ ਹੁਣੇ-ਹੁਣੇ ਆਜ਼ਾਦੀ ਦਾ ਸੱਤਰ ਸਾਲਾ ਜਸ਼ਨ ਮਨਾਇਆ ਹੈ। ਇਸੇ ਦੌਰਾਨ ਪ੍ਰਧਾਨ ਮੰਤਰੀ ਨੇ ਆਪਣੀ ਪਾਰਟੀ ਨੂੰ ਕਿਹਾ ਸੀ ਕਿ ਉਹ ਤਿਰੰਗਾ ਹਫਤਾ ਮਨਾਉਣ। ਗਲੀ-ਗਲੀ ਵਿਚ ਤਿਰੰਗਾ ਰੈਲੀਆਂ ਕੱਢੀਆਂ ਗਈਆਂ। ਕਿਸਦੇ ਲਈ ਤਿਰੰਗੇ ਦੀ ਰੈਲੀ ਸੀ, ਕਦੋਂ ਤੱਕ ਅਸੀਂ ਅਜਿਹੇ ਰਾਸ਼ਟਰੀ ਆਯੋਜਨਾਂ ਦਾ ਓਹਲਾ ਲੈ ਕੇ ਇਹਨਾਂ ਸਵਾਲਾਂ ਤੋਂ ਬਚਾਂਗੇ? ਕਦੋਂ ਤੱਕ ਅਸੀਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਨਹੀਂ ਕਰਾਂਗੇ ਕਿ ਅੱਜ ਵੀ ਦਲਿਤ ਨੂੰ ਉਹ ਜਗ੍ਹਾ ਨਹੀਂ ਮਿਲੀ।

ਸੰਵਿਧਾਨ ਤੋਂ ਉਸਨੂੰ ਅਧਿਕਾਰ ਅਤੇ ਸੁਰੱਖਿਆ ਨਾ ਮਿਲੀ ਹੁੰਦੀ ਤਾਂ ਆਜ਼ਾਦ ਭਾਰਤ ਦਾ ਸਮਾਜ ਉਹਨਾਂ ਦੇ ਨਾਲ ਕੀ ਸਲੂਕ ਕਰਦਾ? ਗੁਜਰਾਤ ਦੀ ਘਟਨਾ ਸਬੂਤ ਹੈ ਕਿ ਜੋ ਕੁਝ ਹੋ ਰਿਹਾ ਹੈ, ਉਸਤੋਂ ਜ਼ਿਆਦਾ ਕਰੂਰ ਹੁੰਦਾ। ਜਦੋਂ ਤੱਕ ਇਹ ਅੰਤਰ ਨਹੀਂ ਮਿਟੇਗਾ, ਅਸੀਂ ਤਿਰੰਗਾ ਹੱਥ ਵਿਚ ਲੈ ਕੇ ਉਸਦਾ ਸਨਮਾਨ ਨਹੀਂ ਕਰ ਸਕਾਂਗੇ।

ਤੁਸੀਂ ਲੋਕਤੰਤਰ ਦੇ ਡਰਾਮੇਬਾਜ਼ ਸੋਸ਼ਲ ਮੀਡੀਆ ਨੂੰ ਖੰਘਾਲ ਕੇ ਦੇਖੋ। ਉਥੇ ਜਾਤੀਵਾਦ ਅਤੇ ਸੰਪਰਦਾਇ ਕਿਸ ਤਰ੍ਹਾਂ ਫੈਲਿਆ ਹੋਇਆ ਹੈ। ਸਭ ਆਪਣੇ ਜਾਤੀਵਾਦ ਨੂੰ ਬਚਾਉਣ ਦੇ ਲਈ ਤਿਰੰਗੇ ਅਤੇ ਰਾਸ਼ਟਰਵਾਦ ਦਾ ਸਹਾਰਾ ਲੈ ਰਹੇ ਹਨ। ਅਸੀਂ ਆਪਣੀਆਂ ਪੁਰਾਣੀਆਂ ਰਸਮਾਂ ਦੇ ਗੁਲਾਮ ਲੋਕ ਹਾਂ। ਅਸੀਂ ਆਪਣੇ ਅੰਦਰ ਦੀ ਨਫਰਤ ਦੇ ਗੁਲਾਮ ਲੋਕ ਹਾਂ। ਅਸੀਂ ਆਜ਼ਾਦ ਨਹੀਂ ਹਾਂ। ਕੀ ਕਿਸੇ ਨੂੰ ਇਸ ਸ਼ਹਿਰ ਵਿਚ ਸ਼ਰਮ ਆਉਂਦੀ ਹੈ? ਆਉਂਦੀ ਹੈ ਤਾਂ ਆਜ਼ਾਦ ਭਾਰਤ ਦਾ ਆਜ਼ਾਦ ਸਮਾਜ ਦੱਸੇ ਕਿ ਉਹ ਕਿਉਂ ਨਹੀਂ ਨਿਕਲਿਆ ਸੜਕਾਂ ’ਤੇ ਇਸ ਹਿੰਸਾ ਦੇ ਖਿਲਾਫ। ਸਿਰਫ ਦਲਿਤ ਹੀ ਕਿਉਂ ਨਿਕਲਦੇ ਹਨ, ਦਲਿਤ ਹਿੰਸਾ ਦੇ ਖਿਲਾਫ? ਮੀਡੀਆ ਬੇਸ਼ੱਕ ਗੁਜਰਾਤ ਵਿਚ ਪ੍ਰਦਰਸ਼ਨਾਂ ਨੂੰ ਜਿੰਨਾ ਵੱਡਾ ਦੱਸ ਲਵੇ ਪਰ ਅਸਲੀਅਤ ਇਹੀ ਹੈ ਕਿ ਇਸ ਵਿਆਪਕਤਾ ਵਿਚ ਵੀ ਦਲਿਤਾਂ ਦਾ ਇਕੱਲਾਪਣ ਝਲਕ ਰਿਹਾ ਹੈ। ਲੋਕ ਸਭਾ ਵਿਚ 131 ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਸਾਂਸਦ ਹਨ।

ਇਹਨਾਂ ਸਾਂਸਦਾਂ ਨੇ ਵੀ ਦਲਿਤਾਂ ਨੂੰ ਇਕੱਲਾ ਛੱਡ ਦਿੱਤਾ ਹੈ। ਇਹ ਸਾਰੇ ਨਾਂ ਤਾਂ ਬਾਬਾ ਸਾਹਿਬ ਦਾ ਲੈਂਦੇ ਹਨ ਪਰ ਬਾਬਾ ਸਾਹਿਬ ਜਿਹਨਾਂ ਦਾ ਨਾਂ ਲੈਂਦੇ ਸਨ, ਬੱਸ ਉਹਨਾਂ ਦਾ ਹੀ ਨਾਂ ਨਹੀਂ ਲੈਂਦੇ। ਇਹ ਆਪਣੀ ਪਾਰਟੀ ਅਤੇ ਨੇਤਾ ਦਾ ਨਾਂ ਲੈਂਦੇ ਹਨ ਪਰ ਉਸ ਸਮਾਜ ਦਾ ਨਾਂ ਨਹੀਂ ਲੈਂਦੇ, ਜਿਹਨਾਂ ਦੇ ਲਈ ਬਾਬਾ ਸਾਹਿਬ ਸੰਸਦ ਵਿਚ ਇਹਨਾਂ ਨੂੰ ਬਿਠਾ ਗਏ। ਨਾਂ ਲੈਂਦੇ ਤਾਂ ਇਹਨਾਂ ਸੌ ਤੋਂ ਜ਼ਿਆਦਾ ਦਲਿਤ ਆਦਿਵਾਸੀ ਸਾਂਸਦਾਂ ਦੇ ਕਲੇਜੇ ’ਤੇ ਵੀ ਹਰ ਲਾਠੀ ਦੇ ਨਿਸ਼ਾਨ ਮਿਲਦੇ। ਇਹ ਵੀ ਸੰਸਦ ਦੀਆਂ ਪੌੜੀਆਂ ’ਤੇ ਚੀਖਦੇ-ਚਿਲਾਉਂਦੇ। ਬੋਲਦੇ ਦੇਸ਼ ਨੂੰ ਨਹੀਂ ਸਾਨੂੰ ਠੀਕ ਤਰੀਕੇ ਨਾਲ ਦੇਖੋ, ਹਮ ਹੀ ਤੁਮ ਹੈ, ਤੁਮ ਹੀ ਹੰਮ ਹੋ। ਸਾਡੀ ਪਿੱਠ, ਤੁਹਾਡੀ ਪਿੱਠ ਹੈ। ਸਾਨੂੰ ਆਪਣਾ ਸਮਝੋ। ਸੰਵਿਧਾਨ ਅਤੇ ਸਰਕਾਰਾਂ ਤੋਂ ਇਨਸਾਫ ਮੰਗਦੇ ਪਰ ਇਹ ਸਾਂਸਦ ਵੀ ਚੁੱਪ ਰਹੇ। ਸਭ ਚੁੱਪ ਰਹੇ।

ਗੁਜਰਾਤ ਦੇ ਦਲਿਤਾਂ ਨੇ ਮਰੀ ਹੋਈ ਗਾਂ ਚੁੱਕਣ ਤੋਂ ਇਨਕਾਰ ਕਰ ਦਿੱਤਾ ਹੈ, ਜੋ ਬਹੁਤ ਪਹਿਲਾਂ ਕਰਨਾ ਚਾਹੀਦਾ ਸੀ। ਬਾਬਾ ਸਾਹਿਬ ਨੇ ਬਹੁਤ ਪਹਿਲਾਂ ਕਹਿ ਦਿੱਤਾ ਸੀ ਕਿ ਜੇਕਰ ਇਸ ਕੰਮ ਨਾਲ ਅਛੂਤ ਸਮਝੇ ਜਾਂਦੇ ਹਾਂ ਤਾਂ ਅਸੀਂ ਇਹ ਕੰਮ ਨਹੀਂ ਕਰਾਂਗੇ। ਕਿਸੇ ਵੀ ਕੀਮਤ ’ਤੇ ਇਹ ਕੰਮ ਬੰਦ ਹੋਣਾ ਚਾਹੀਦਾ ਸੀ। ਇਹਨਾਂ ਗਊ ਰਕਸ਼ਕਾਂ ਨੂੰ ਕਹਿਣਾ ਚਾਹੀਦਾ ਹੈ ਕਿ ਤੁਸੀਂ ਸੰਭਾਲੋ ਆਪਣੀ ਲਾਠੀ ਅਤੇ ਆਪਣੀ ਗਾਂ। ਕਰੂਰਤਾ ਅਤੇ ਉਸ ’ਤੇ ਚੁੱਪ ਦੀ ਵੀ ਹੱਦ ਹੁੰਦੀ ਹੈ। ਸ਼ਹਿਰ-ਸ਼ਹਿਰ ਸਾਡੀਆਂ ਗਾਵਾਂ ਪਲਾਸਟਿਕ ਖਾਂਦੀਆਂ ਹਨ। ਗਊ ਚਰਾਂਦ ਯਾਨਿ ਗਊਆਂ ਨੂੰ ਚਾਰਨ ਦੀ ਜ਼ਮੀਨ ਤੇ ਕਿਸਦਾ ਕਬਜਾ ਹੈ? ਇਹ ਹੁਣ ਸਾਫ ਹੋ ਜਾਵੇ ਇਸ ਦੇਸ਼ ਦੇ ਸਾਹਮਣੇ।

ਤੁਹਾਨੂੰ ਪਤਾ ਲੱਗੇਗਾ ਕਿ ਇਹਨਾਂ ਗਊ ਰਕਸ਼ਕਾਂ ਦੀ ਰਾਜਨੀਤਿਕ ਜਮਾਤ ਦੇ ਲੋਕਾਂ ਦਾ ਹੀ ਕਬਜਾ ਹੈ। ਗਾਂ ਦੀ ਜ਼ਮੀਨ ਖਾ ਗਏ। ਹੁਣ ਗਾਂ ਦੇ ਨਾਂ ’ਤੇ ਦਲਿਤਾਂ ਨੂੰ ਮਾਰ ਰਹੇ ਹਨ।

ਦਲਿਤਾਂ ਦੀ ਪਿੱਠ ’ਤੇ ਆਜ਼ਾਦ ਭਾਰਤ ਦੀ ਮਾਨਸਿਕ ਗੁਲਾਮੀ ਦੀਆਂ ਲਾਠੀਆਂ ਪੈ ਰਹੀਆਂ ਹਨ। ਗੁਜਰਾਤ ਦੇ ਕੁਝ ਦਲਿਤ ਲੜਕਿਆਂ ਨੇ ਜ਼ਹਿਰ ਪੀ ਕੇ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਹਨਾਂ ਨੂੰ ਖੁਦਕੁਸ਼ੀ ਦਾ ਰਸਤਾ ਨਹੀਂ ਅਪਣਾਉਣਾ ਚਾਹੀਦਾ। ਉਹਨਾਂ ਨੂੰ ਸਮਾਜ, ਸੰਸਦ ਅਤੇ ਸਰਕਾਰ ਨੂੰ ਸਵਾਲ ਕਰਨਾ ਚਾਹੀਦਾ ਹੈ। ਗੁਜਰਾਤ ਹੀ ਨਹੀਂ, ਬਿਹਾਰ ਤੋਂ ਲੈ ਕੇ ਯੂ. ਪੀ. ਤੱਕ ਕਿਉਂ ਹੈ ਸਾਡੇ ਖਿਲਾਫ ਇੰਨੀ ਨਫਰਤ? ਕਿਉਂ ਹੈ ਸਾਡੀ ਪਿੱਠ ਤੋਂ ਇੰਨੀ ਚਿੜ ਕਿ ਦਸ ਲੱਖ ਦੀ ਕਾਰ ਵਾਲੇ ਆਪਣੀ ਕਾਰ ਦੀ ਪਿੱਠ ਬਚਾਉਂਦੇ ਰਹੇ, ਪਰ ਸਾਡੀ ਪਿੱਠ ਤੇ ਲਾਠੀਆਂ ਮਾਰਦੇ ਰਹੇ।

# ਰੱਤੀਆਂ ਪਿੰਡ ’ਚ ਪੰਜਾਬੀ ਵਿਰਸਾ ਸਾਂਭੀ ਬੈਠਾ ਸਾਹਿਤਕਾਰ ਕੇਵਲ ਸਿੰਘ ਰੱਤੀਆਂ



ਤਸਵਿੰਦਰ ਸਿੰਘ ਬੜੈਚ
91-98763-22677

ਮੋਗੇ ਜ਼ਿਲ੍ਹੇ ਦੇ ਪਿੰਡ ਰੱਤੀਆਂ ਦਾ ਵਸਨੀਕ 50 ਸਾਲਾਂ ਕੇਵਲ ਸਿੰਘ ਰੱਤੀਆਂ ਆਪਣੇ ਅਵੱਲੇ ਸ਼ੌਕ ਕਰਕੇ ਜਾਣੀ-ਪਛਾਣੀ ਹਸਤੀ ਬਣ ਚੁੱਕਾ ਹੈ। ਮੋਗੇ ਦੇ ਗਿੱਲ ਰੋਡ ’ਤੇ ਗੇਟ-ਗਰਿੱਲਾਂ ਬਣਾਉਣ ਦਾ ਕੰਮ ਕਰਦੇ ਕੇਵਲ ਸਿੰਘ ਨੂੰ ਪੁਰਾਤਨ ਵਸਤਾਂ ਜੋ ਸਾਡੇ ਘਰਾਂ ਵਿਚੋਂ ਅਲੋਪ ਹੋ ਰਹੀਆਂ ਨੇ, ਨੂੰ ਇਕੱਠੀਆਂ ਕਰਨ ਦਾ ਵਚਿੱਤਰ ਸ਼ੌਕ ਹੈ। ਇਸ ਸ਼ੌਕ ਕਾਰਨ ਹੀ ਉਸ ਕੋਲ ਹਜ਼ਾਰਾਂ ਪੁਰਾਤਨ ਤੇ ਦੁਰਲੱਭ ਚੀਜ਼ਾਂ ਹਨ। 13 ਫਰਵਰੀ 1966 ਨੂੰ ਪਿਤਾ ਹਰਮੰਦਰ ਸਿੰਘ ਵੈਦ ਅਤੇ ਮਾਤਾ ਕਿਰਪਾਲ ਕੌਰ ਦੀ ਕੁੱਖੋਂ ਜਨਮੇ ਕੇਵਲ ਸਿੰਘ ਰੱਤੀਆਂ ਦੇ ਵਿਰਾਸਤੀ ਖਜ਼ਾਨੇ ਵਿਚ 70 ਦਹਾਕੇ ਦਾ ਕਿਸਾਨ ਵੀਰਾਂ ਵੱਲੋਂ ਚਲਾਇਆ ਜਾਂਦਾ ਬਲਦ ਗੱਡਾ, 1917 ’ਚ ਲੰਡਨ ਦੀ ਬਣੀ ਦੂਰਬੀਨ, ਆਟਾ ਪੀਸਣ ਵਾਲੀ ਹੱਥ ਚੱਕੀ, ਰਾਜਿਆਂ ਵੇਲੇ ਦਾ ਖੰਜਰ, ਦੁੱਧ ਰਿੜਕਣ ਵਾਲੀ ਮਧਾਣੀ, ਕੱਪੜੇ ਸੀਓਣ ਵਾਲੀਆਂ ਮਸ਼ੀਨਾਂ, ਸੂਤ ਵਾਲਾ ਮੰਜਾ, ਖੂਹ ’ਚੋਂ ਪਾਣੀ ਕੱਢਣ ਵਾਲਾ ਬੋਕਾ ਤੇ ਡੋਲ, ਵਲ ਟੋਹੀਆਂ, ਕੁੱਤਾ ਨਲਕਾ, ਪੁਰਾਤਨ ਕਾਲ ਦੇਸਿੱਕੇ, ਈਸਟ ਇੰਡੀਆ ਦੇ ਸਿੱਕੇ, ਟਕੇ, ਧੇਲੇ, ਆਨੇ-ਦੁਆਨੇ, ਗਲੀ ਵਾਲੇ ਪੈਸੇ, ਫੋਟੋ ਖਿੱਚਣ ਵਾਲੇ ਕੈਮਰੇ, ਪੰਜਾਲੀ, ਖੂਹ ਦੀਆਂ ਟਿੰਡਾਂ, ਦਾਤੀ, ਝਰਨੀ, ਬੱਤੀਆਂ ਵਾਲਾ ਸਟੋਪ, ਚਰਖੇ, ਤੂਰੀ, ਅਟੇਰਨੇ, ਕਪਾਹ ਵੇਲਣ ਵਾਲਾ ਵੇਲਣਾ, ਪਿੱਤਲ ਦੇ ਛੰਨੇ, ਪਿੱਤਲ ਦੀ ਥਰਮਸ, ਚਮਚੇ, ਕੜਛੀਂ, ਕੇਤਲੀ, ਪਿੱਤਲ ਦੇ ਥਾਲ, ਕੰਗਣੀ ਵਾਲੇ ਗਿਲਾਸ, ਪਰਾਂਤ, ਸੁਰਾਹੀਆਂ, ਗੜਵੀਆਂ, ਫੁੱਲਦਾਨ, ਕਾਂਸੇ ਦੇ ਬਰਤਨ, ਊਠ ਘੋੜੇ ਦੀ ਨਿਓਲ, ਹੱਥਕੜੀਆਂ, ਸੇਵੀਆ ਵੱਟਣ ਵਾਲੀ ਜੰਡੀ, ਪੁਰਾਣੇ ਲੈਂਪ, ਪੁਰਾਣੇ ਜਮਾਨੇ ਦੀਆਂ ਲਾਲ ਟੈਣਾਂ, ਪੁਰਾਣੇ ਟੈਲੀਫੋਨ, ਖਰਲ, ਕੋਲਿਆਂ ਵਾਲੀ ਪ੍ਰੈਸ, ਪੁਰਾਣੇ ਮਾਈਕ, ਟੈਮਪੀਸ, ਹੁੱਕੇ, ਭਾਰ ਤੋਲਣ ਵਾਲੇ ਵੱਟੇ ਇੱਕ ਮਣ ਤੋਂ ਲੈ ਕੇ ਇੱਕ ਮਾਸੇ ਤੱਕ, ਮਾਮ ਜਿਸਤਾ, ਦਰੀਆਂ ਬੁਣਨ ਵਾਲੇ ਪੰਜੇ, ਚੱਕਲੇ ਵੇਲਣੇ, ਛਾਨਣੀਆਂ, ਪਟਾਰੀ, ਦੋ ਮੰਜਿਆਂ ਨੂੰ ਜੋੜ ਕੇ ਰੱਖਣ ਵਾਲਾ ਸਪੀਕਰ, 50 ਇਲੈਕਟ੍ਰਾਨਿਕ ਗ੍ਰਾਮੋਫੋਨ



ਮਸ਼ੀਨਾਂ, 18 ਚਾਬੀ ਵਾਲੀਆਂ ਗ੍ਰਾਮੋਫੋਨ ਮਸ਼ੀਨਾਂ, 15 ਐਚ.ਐਮ. ਵੀ. ਕੰਪਨੀ ਦੇ ਚੇਂਜਰ, ਮਰਫੀ ਅਤੇ ਐਚ. ਐਮ. ਵੀ. ਕੰਪਨੀ ਦੇ ਲਾਈਸੈਂਸ ਵਾਲੇ ਰੇਡੀਓ ਅਤੇ ਉਨ੍ਹਾਂ ਦੇ ਲਾਈਸੈਂਸ, 2 ਸਪੂਲਾਂ ਵਾਲੀਆਂ ਟੇਪਾਂ, 22 ਕੈਸਟਾਂ, 2000 ਦੇ ਕਰੀਬ ਪੱਥਰ ਦੇ ਤਵੇ (ਰਿਕਾਰਡ), 5 ਹਜ਼ਾਰ ਦੇ ਕਰੀਬ ਐਲ. ਪੀ. (ਲੋਂਗ ਪਲੇਅ) ਰਿਕਾਰਡ ਅਤੇ ਈ. ਪੀ. (ਐਕਸਟੈਂਡ ਪਲੇਅ) ਰਿਕਾਰਡ ਪਏ ਹਨ। ਕੇਵਲ ਸਿੰਘ ਦੇ ਸੰਗੀਤਕ ਖਜ਼ਾਨੇ ਵਿਚ ਉਹ ਅਨਮੋਲ ਰਿਕਾਰਡ ਵੀ ਸਾਂਭੇ ਪਏ ਜੋ ਸ਼ਾਇਦ ਦੁਨੀਆਂ ਦੇ ਕਿਸੇ ਵੀ ਕੋਨੇ ’ਚੋਂ ਨਾ ਮਿਲਣ। ਕੇਵਲ ਸਿੰਘ ਦੱਸਦਾ ਹੈ ਕਿ ਉਸ ਨੂੰ ਇਹ ਚੀਜ਼ਾਂ ਇਕੱਠੀਆਂ ਕਰਨ ਦਾ ਸ਼ੌਕ ਤਕਰੀਬਨ 1986 ਤੋਂ ਸ਼ੁਰੂ ਹੋਇਆ। ਵੱਖ ਵੱਖ ਸ਼ਹਿਰਾਂ ਤੇ ਪਿੰਡਾਂ ਦੀ ਖਾਕ ਛਾਣ ਕੇ ਘੇਰਲੂ ਤੰਗੀਆਂ ਤਰੁਸ਼ੀਆਂ ਝੱਲ ਕੇ ਉਸ ਨੇ ਇਹ ਪੁਰਾਤਨ ਵਸਤਾਂ ਇਕੱਠੀਆਂ ਕਰ ਕੇ ਆਪਣੇ ਸ਼ੌਕ ਨੂੰ ਪੂਰਿਆ ਹੈ। ਕੇਵਲ ਸਿੰਘ ਰੱਤੀਆਂ ਨੇ ਦੱਸਿਆ ਕਿ ਮੇਰੇ ਇਸ ਸ਼ੌਕ ’ਚ ਮੇਰੇ ਮਾਤਾ-ਪਿਤਾ, ਮੇਰੀ ਪਤਨੀ ਛਿੰਦਰਪਾਲ ਕੌਰ ਅਤੇ ਬੱਚਿਆਂ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ। ਉਥੇ ਇਨ੍ਹਾਂ ਵਸਤਾਂ ਨੂੰ ਇਕੱਠੀਆਂ ਕਰਨ ’ਚ ਉਸ ਨੂੰ ਵਿਜੈ ਮੁਲਤਾਨੀ ਮੋਗਾ, ਕੰਵਲਜੀਤ ਸਿੰਘ ਸਿੱਧੂ ਮੋਗਾ, ਪਰਮਜੀਤ ਸਿੰਘ ਕੜਿਆਲ, ਰਾਜੀਵ ਕਪੂਰ ਮਖੂ, ਕਰਮਜੀਤ ਸਿੰਘ ਬਠਿੰਡਾ ਆਦਿ ਦੋਸਤਾਂ ਦਾ ਵੀ ਸਹਿਯੋਗ ਹਾਸਲ ਹੈ। ਕੇਵਲ ਸਿੰਘ ਇਨ੍ਹਾਂ ਵਿਰਾਸਤੀ ਵਸਤਾਂ ਦੀ ਪੰਜਾਬ ਦੇ ਕਈ ਮਸ਼ਹੂਰ ਮੇਲਿਆਂ ਵਿਚ ਪ੍ਰਦਰਸ਼ਨੀਆਂ ਵੀ ਲਗਾ ਚੁੱਕਾ ਹੈ। 30 ਕੁ ਸਾਲਾਂ ਤੋਂ ਪੰਜਾਬ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਵਾਲੇ ਕੇਵਲ ਸਿੰਘ ਰੱਤੀਆਂ ਦੀ ਸਾਹਿਤਕ ਖੇਤਰ ਵਿਚ ਵੀ ਵੱਖਰੀ ਪਛਾਣ ਹੈ। ਉਹ ਵਧੀਆ ਇਨਸਾਨ ਦੇ ਨਾਲ ਨਾਲ ਇਕ ਵਧੀਆ ਲੇਖਕ ਵੀ ਹੈ। ਅਜੋਕੇ ਮਹਿੰਗਾਈ ਦੇ ਯੁੱਗ ਵਿਚ ਸ਼ੌਕ ਪਾਲਣਾ ਕੋਈ ਆਸਾਨ ਕੰਮ ਨਹੀਂ ਰਿਹਾ, ਆਪਣਾ ਘਰ ਫੂਕ ਤਮਾਸ਼ਾ ਦੇਖਣ ਵਾਲੀ ਗੱਲ ਹੈ। ਮੇਰੇ ਸਲਾਮ ਹੈ ਕੇਵਲ ਸਿੰਘ ਰੱਤੀਆਂ ਨੂੰ ਜਿਸ ਨੇ ਇਸ ਮਹਿੰਗਾਈ ਦੇ ਯੁੱਗ ਵਿਚ ਵੀ ਇਸ ਸ਼ੌਕ ਨੂੰ ਪਾਲਿਆ ਹੈ ਅਤੇ ਇਨ੍ਹਾਂ ਪੁਰਾਤਨ ਵਸਤਾਂ ਦੀ ਸੰਭਾਲ ਕਰ ਰਿਹਾ ਹੈ।

### 25 ਅਗਸਤ ਜਨਮ ਦਿਨ 'ਤੇ ਵਿਸ਼ੇਸ਼

# ਸ਼ੇਰ ਦੀ ਦਹਾੜ ਵਰਗਾ ਲੋਕਾਂ ਦਾ ਨੇਤਾ- ਹਰਭਜਨ ਲਾਖਾ



ਪੰਮੀ ਲਾਲੋ ਮਜਾਰਾ
91-95011-43755

ਬਾਵਾ ਸਾਹਿਬ ਦਾ ਕਥਨ ਹੈ ਕਿ ਜਿਹਨਾਂ ਲੋਕਾਂ ਕੋਲ ਗਿਆਨ ਹੁੰਦਾ ਹੈ, ਉਹੀ ਲੋਕ ਸ਼ੇਰ ਵਾਂਗ ਦਹਾੜ ਸਕਦੇ ਹਨ। ਇਹ ਕਥਨ ਫਿਲੌਰ ਤੋਂ ਦੋ ਵਾਰ ਸੰਸਦ ਦੇ ਮੈਂਬਰ ਰਹਿ ਚੁੱਕੇ ਪਿਤਾ ਸ੍ਰੀ ਰਾਮ ਲੋਕ ਤੇ ਮਾਤਾ ਸ੍ਰੀਮਤੀ ਆਤੀ ਦੇ ਸਪੁੱਤਰ ਹਰਭਜਨ ਸਿੰਘ ਲਾਖਾ ਤੇ ਬਿਲਕੁਲ ਹੂਬਹੂ ਢੁੱਕਦਾ ਹੈ। 23 ਅਗਸਤ 1941 ਨੂੰ ਪਿੰਡ ਕਰਨਾਣਾ (ਸ਼ਹੀਦ ਭਗਤ ਸਿੰਘ ਨਗਰ) ਦੀ ਜੂਹ ਵਿਚ ਜਨਮਿਆ ਹਰਭਜਨ ਲਾਖਾ ਸੱਚਮੁੱਚ ਦਲਿਤਾਂ, ਮਜ਼ਦੂਰਾਂ ਦੀ ਆਵਾਜ਼ ਬਣ ਕੇ ਸ਼ੇਰ ਵਾਂਗ ਖੂਨ ਪੀਣੀਆਂ ਜੋਕਾਂ ਦੇ ਖਿਲਾਫ ਦਹਾੜਦਾ ਰਿਹੈ। ਰਾਜਨੀਤਿਕ ਤੌਰ 'ਤੇ ਤਾਂ ਉਹ ਪ੍ਰਪੱਕ ਹੈ ਹੀ ਸੀ, ਪਰ ਧਾਰਮਿਕ ਤੌਰ 'ਤੇ ਵੀ ਉਹ ਐਨਾ ਪ੍ਰਪੱਕ ਸੀ ਕਿ ਚੰਗੇ ਤੋਂ ਚੰਗੇ ਜਥੇਦਾਰ ਵੀ ਉਹਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਟੀਕਾ ਟਿੱਪਣੀ ਕਰਨ ਤੋਂ ਗੁਰੇਜ਼ ਕਰਦੇ ਸਨ। ਭੱਲੇ ਦੀ ਪਥੇਰ ਤੋਂ ਲੈ ਕੇ ਪਾਰਲੀਮੈਂਟ ਤੱਕ ਉਹਨੇ ਆਪਣੇ ਜੀਵਨ ਦੇ ਸੰਘਰਸ਼ ਵਿਚ ਨਵੇਂ ਤੋਂ ਨਵੇਂ ਹਿੰਦਸੇ ਜੋੜੇ। ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਰਹਿਨੁਮਾਈ ਹੇਠ ਲਾਖਾ ਨੇ ਏਅਰਫੋਰਸ ਦੀ ਨੌਕਰੀ ਛੱਡਣ ਤੋਂ ਲੈ ਕੇ ਐਮ. ਪੀ. ਬਣਨ ਤੱਕ ਨਵਾਂ ਇਤਿਹਾਸ ਸਿਰਜਿਆ। ਮਤਲਬ ਬਾਮਸੇਫ ਤੋਂ ਲੈ ਕੇ ਬਸਪਾ ਦੇ ਰਾਜਨੀਤਿਕ ਪਾਰਟੀ ਬਣਨ ਤੱਕ ਹਰ ਔਕੜ ਵਿਚ ਇਕ ਨਵਾਂ ਅਧਿਆਇ ਲਿਖਿਆ। ਉਹਨੇ ਆਪਣੀ ਜ਼ਿੰਦਗੀ 'ਚ ਹਾਰਾਂ ਵੀ ਖਾਧੀਆਂ, ਡਾਂਗਾਂ ਵੀ ਖਾਧੀਆਂ ਤੇ ਜੇਲ੍ਹਾਂ ਵੀ ਕੱਟੀਆਂ। ਸਾਹਿਬ ਕਾਂਸ਼ੀ ਰਾਮ ਜਦ ਦੱਖਣੀ ਭਾਰਤ ਦੇ ਦੌਰੇ 'ਤੇ ਜਾਂਦੇ ਸੀ ਤਾਂ ਲਾਖਾ ਜੀ ਨੂੰ ਹਮੇਸ਼ਾ ਹੀ ਨਾਲ ਲੈ ਕੇ ਜਾਂਦੇ ਸੀ, ਕਿਉਂਕਿ ਉਹਦੀ ਫਰਾਟੇਦਾਰ ਇੰਗਲਿਸ਼ ਦੱਖਣੀ ਭਾਰਤ ਦੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਲੈਂਦੀ ਸੀ। ਲਾਖਾ ਬਿਲਕੁਲ ਬੇਬਾਕ ਅਤੇ ਬਿਨਾਂ ਕਿਸੇ ਲਾਗ ਲਪੇਟ ਦੇ ਬੋਲਦਾ ਸੀ। ਇਕ ਵਾਰ ਉਹਨੇ ਆਪਣੇ ਘਰ ਦੀ ਛੱਤ 'ਤੇ ਚੜ੍ਹਾ ਕੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਕਿਹਾ ਕਿ ਜਥੇਦਾਰ ਜੀ ਔਹ ਸਾਡੇ ਪਿੰਡ ਰਾਜਪੂਤਾਂ ਦੇ ਸਿਵੇ ਹਨ ਤੇ ਔਹ ਦਲਿਤਾਂ ਦੇ। ਸ਼੍ਰੋਮਣੀ ਕਮੇਟੀ ਇਹਨਾਂ ਨੂੰ ਇਕੱਠਿਆਂ ਕਰਨ ਲਈ ਕੀ ਚਾਰਾਜੋਈ ਕਰ ਰਹੀ ਹੈ? ਜਦੋਂ ਜੁਗਰਾਜ ਸਿੰਘ ਤੂਫਾਨ ਨੂੰ ਮੁਕਾਬਲੇ 'ਚ ਮਾਰ ਦਿੱਤਾ ਗਿਆ ਤਾਂ ਉਹਨੇ ਸੰਸਦ ਵਿਚ ਬੇਬਾਕ ਮੁੱਦਾ ਉਠਾਉਂਦਿਆਂ ਕਿਹਾ ਕਿ ਸਰਕਾਰ ਨੇ ਜਿਸਨੂੰ ਅੱਤਵਾਦੀ ਬਣਾ ਕੇ ਮਾਰਤਾ, ਫਿਰ ਉਹਦੀ ਅੰਤਿਮ ਅਰਦਾਸ ਵਿਚ ਲੱਖਾਂ ਲੋਕ ਸ਼ਾਮਲ ਕਿਉਂ ਹੋਏ। ਕੀ ਸਰਕਾਰ ਦੱਸ ਸਕਦੀ ਹੈ? ਇਕ ਵਾਰ ਲਾਖਾ ਜੀ ਨੂੰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਲਾਖਾ ਜੀ ਤੁਹਾਡੀ ਗੁਰਬਾਣੀ ਤੇ ਪਕੜ ਬਹੁਤ ਹੈ, ਤੁਸੀਂ ਸਿੰਘ ਸਜ ਜਾਵੋ। ਤਾਂ ਬੇਬਾਕ ਲਾਖਾ ਨੇ ਸਵਾਲ ਕੀਤਾ ਕਿ ਮਾਨ ਸਾਹਿਬ ਫਿਰ ਸਾਡੀ ਜਾਤ ਕੀ ਹੋਵੇਗੀ। ਸਿੱਖ ਹਿਤੈਸ਼ੀ ਤੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਮਾਰਗ ਦਰਸ਼ਕ ਮੰਨਣ ਵਾਲੇ ਲਾਖਾ ਜੀ ਨੇ ਪਾਰਲੀਮੈਂਟ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸ਼ਰਧਾਂਜਲੀ ਬੇਬਾਕੀ ਨਾਲ ਦਿੱਤੀ ਸੀ। ਜੋ ਹੋਰ ਕੋਈ ਸਿੱਖ ਲੀਡਰ ਵੀ ਨਹੀਂ ਦੇ ਸਕਿਆ। ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰੇ ਦੀ ਹਾਜ਼ਰੀ ਵਿਚ ਉਹਨੇ ਆਪਣੀ ਬੇਬਾਕੀ ਨਾਲ ਕਿਹਾ ਕਿ ਸਾਡੇ ਲੋਕਾਂ ਨੂੰ ਕੀ ਲੋੜ ਹੈ ਵੱਖਰੇ ਗੁਰਦੁਆਰੇ ਬਣਾਉਣ ਦੀ ਸਗੋਂ ਇਹਨਾਂ ਦੇ ਬਣਾਏ ਹੋਏ ਗੁਰਦੁਆਰਿਆਂ 'ਤੇ ਕਬਜ਼ੇ ਕਰਨ ਦੀ ਲੋੜ ਹੈ। ਜਦੋਂ ਤੱਤਕਾਲੀਨ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨੇ ਸਪੋਰਟ ਦੇਣ ਦੇ ਬਦਲੇ ਲੇਬਰ ਮਨਿਸਟਰ ਬਣਾਉਣ ਦਾ ਵਾਅਦਾ ਕੀਤਾ ਤਾਂ ਉਹਨੇ ਇਸ ਅਹੁਦੇ ਨੂੰ ਇਹ ਕਹਿ ਕੇ ਠੋਕਰ ਮਾਰ ਦਿੱਤੀ ਕਿ ਮੇਰਾ ਸਮਾਜ ਮੈਨੂੰ ਟੁੱਟਿਆ ਸਟੂਲ ਦੇ ਦੇਵੇ, ਉਹ ਮਨਜ਼ੂਰ ਹੈ, ਪਰ ਤੁਹਾਡੀ ਦਿੱਤੀ ਕੁਰਸੀ ਨਹੀਂ। ਇਕ ਵਾਰ ਲਾਖਾ ਜੀ ਦੀ ਸੰਸਦ ਵਿਚ ਉਮਾ ਭਾਰਤੀ ਨਾਲ ਝੜੱਪ ਹੋ ਗਈ ਤੇ ਉਹ ਵਿਚਾਰੀ ਆਪਣੀ ਸੁੱਧ-ਬੁੱਧ ਹੀ ਖੋਹ ਬੈਠੀ ਸੀ। ਦਲਿਤਾਂ ਮਜ਼ਦੂਰਾਂ ਤੇ ਲਿਤਾੜਿਆਂ ਦਾ ਇਹ ਸਿਰਕੱਢ ਆਗੂ 6 ਜੂਨ 2014 ਨੂੰ ਹਰਭਜਨ ਸਿੰਘ ਖਾਲਸਾ ਬਣ ਕੇ 11 ਜੂਨ 2014 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਦਲਿਤ ਸਮਾਜ ਦੀ ਬਿਹਤਰੀ ਲਈ ਸੰਘਰਸ਼ ਦਾ ਰਾਹ ਮੋਕਲਾ ਕਰ ਗਏ।



ਸਵ: ਸ: ਹਰਭਜਨ ਸਿੰਘ ਖਾਲਸਾ
ਅਗਸਤ 25,1941 ਤੋਂ ਜੂਨ 11,2014



# ਪਿਆਰ, ਸੰਘਰਸ਼ ਤੇ ਮਿਸ਼ਨ ਦੀ ਮੂਰਤ- ਚਰਨ ਕੌਰ "ਲਾਖਾ"

ਕੁਰਬਾਨੀ ਜਾਂ ਸੇਵਾ, ਉਹ ਕੁਝ ਕਰਨ ਵਿਚ ਹੁੰਦੀ ਹੈ, ਜਿਸ ਵਿਚ ਆਪਣਾ ਕੋਈ ਨਿੱਜ, ਨਫਾ ਤੇ ਜਾਂ ਕੋਈ ਆਪਣਾ ਹਿੱਤ ਨਹੀਂ ਹੁੰਦਾ ਪਰ ਫਿਰ ਵੀ ਇਹ ਸਭ ਕੁਝ ਪ੍ਰਸੰਨ ਚਿੱਤ ਹੋ ਕੇ ਕੀਤਾ ਜਾਂਦਾ ਹੈ। ਇਹੀ ਸ਼ਬਦ 100 ਫੀਸਦੀ ਚਰਨ ਕੌਰ 'ਲਾਖਾ' ਤੇ ਸਹੀ ਢੁੱਕਦੇ ਹਨ। ਫਿਲੌਰ ਲੋਕ ਸਭਾ ਹਲਕੇ ਤੋਂ 1989 ਤੇ 1996 ਵਿਚ ਬਸਪਾ ਦੀ ਸੀਟ ਤੋਂ ਦੋ ਵਾਰ ਸੰਸਦ ਰਹੇ ਸਵ: ਹਰਭਜਨ ਸਿੰਘ ਖਾਲਸਾ ਦੀ ਧਰਮ ਪਤਨੀ ਚਰਨ ਕੌਰ 'ਲਾਖਾ' ਦਾ ਸਾਰਾ ਜੀਵਨ ਸਾਦਗੀ ਵਿਚ ਗੁਜ਼ਰਿਆ। ਪਿਤਾ ਜਗਤ ਰਾਮ ਔਜਲਾ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖ 'ਚੋਂ ਜਾਈ ਚਰਨ ਕੌਰ ਬੇਸ਼ੱਕ ਆਪ ਸਕੂਲੇ ਇਕ ਦਿਨ ਵੀਨਹੀਂ ਗਈ ਪਰ ਉਹਨੇ ਹਰਭਜਨ ਲਾਖਾ ਦੀ ਗੈਰ-ਮੌਜੂਦਗੀ ਵਿਚ ਆਪਣੇ ਤਿੰਨੇ ਬੇਟਿਆਂ ਨੂੰ ਤੇ ਬੇਟੀ ਕਮਲੇਸ਼ ਕੌਰ ਨੂੰ ਉਚ ਦਰਜੇ ਦੀ ਸਿੱਖਿਆ ਦਿਵਾਈ। ਉਹਦੇ ਤਿੰਨੇ ਬੇਟੇ ਕੰਵਲਜੀਤ ਸਿੰਘ ਲਾਖਾ, ਰਛਪਾਲ ਸਿੰਘ ਲਾਖਾ ਤੇ ਪਰਮਜੀਤ ਸਿੰਘ ਲਾਖਾ ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿਚ ਆਪੋ-ਆਪਣੇ ਕੰਮਾਂ ਵਿਚ ਸੈਟ ਹਨ। ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਜਦ ਹਰਭਜਨ ਲਾਖਾ ਨੇ ਨੌਕਰੀ ਛੱਡੀ ਤਾਂ ਸਿਰਫ500 ਰੁਪਏ ਹੀ ਪੈਨਸ਼ਨ ਮਿਲਦੀ ਸੀ। ਪਰ ਚਰਨ ਕੌਰ ਨੇ ਸਿਦਕ ਨਹੀਂ ਹਾਰਿਆ। ਉਹਨੇ ਪਸ਼ੂ ਰੱਖ ਕੇ ਤੇ ਦੁੱਧ ਪਾ ਕੇ ਘਰ ਦਾ ਗੁਜ਼ਾਰਾ ਚਲਾਇਆ। ਤੇ ਬੱਚਿਆਂ ਨੂੰ ਪੜ੍ਹਾਇਆ।ਲਾਖਾ ਜਦੋਂ ਆਰਮੀ ਵਿਚ ਨੌਕਰੀ ਕਰਦਾ ਸੀ ਤਾਂ ਉਹ ਸਿਰਫ ਇਕ ਵਾਰ ਬੱਚਿਆਂ ਨੂੰ ਨਾਲ ਲੈਕੇ ਬੰਗਲੌਰ ਛੁੱਟੀਆਂ ਕੱਟਣ ਗਈ। ਲਾਖੇਦੇ ਦੋ ਵਾਰ ਸੰਸਦ ਮੈਂਬਰ ਬਣਨ ਦੇ ਬਾਵਜੂਦ, ਉਹਨੇ ਆਪਣੇ ਪਿੰਡ ਕਰਨਾਣੇ ਵਿਚ ਰਹਿਣ ਨੂੰ ਹੀ ਪਹਿਲ ਦਿੱਤੀ। ਤੇ ਨਾ ਹੀ ਕਦੇ ਉਹਦੇ ਵਿਚ ਬੋਅ ਮਜਾਜ਼ ਦੀ ਭਾਵਨਾ ਹੀ ਆਈ। ਇਕ ਵਾਰ ਉਹ ਪਿੰਡੋਂ ਬਾਹਰ ਫਿਰਨੀ ਉਤੇ ਪਾਥੀਆਂਦੀ ਗਹੂੜੀ ਲਾ ਰਿਹਾ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪਿਤਾ ਸ. ਜੋਗਿੰਦਰ ਸਿੰਘ ਜੀ ਕੋਲ ਆ ਕੇ ਰੁਕ ਗਏ ਤੇ ਪੁੱਛਣ ਲੱਗੇ ਕਿ ਬੀਬਾ ਜੀ ਅਸੀਂ ਹਰਭਜਨ ਲਾਖਾ ਦੇ ਘਰ ਨੂੰ ਜਾਣਾ, ਜਿਹੜੇ ਫਿਲੌਰ ਤੋਂ ਸੰਸਦ ਮੈਂਬਰ ਹਨ। ਤਾਂ ਚਰਨ ਕੌਰ ਕਹਿਣ ਲੱਗੀ ਕਿ ਬਾਬਾ ਜੀ ਅੱਜ ਉਹਨਾਂ ਨੇ ਤੁਹਾਨੂੰ ਘਰ ਨਹੀਂ ਮਿਲਣਾ, ਕਿਉਂਕਿ ਉਹ ਘਰ ਨਹੀਂ ਹਨ। ਜੋਗਿੰਦਰ ਸਿੰਘ ਜੀ ਹੈਰਾਨ ਹੋ ਕੇ ਪੁੱਛਣ ਲੱਗੇ ਕਿ ਬੀਬਾ ਤੈਨੂੰ ਕਿਵੇਂ ਪਤੈ ਕਿ ਉਹ ਘਰ ਨਹੀਂ ਹਨ। ਤਾਂ ਅੱਗੋਂ ਚਰਨ ਕੌਰ ਨੇ ਨਿਮਰਤਾ ਨਾਲ ਕਿਹਾ ਕਿ ਬਾਬਾ ਜੀ ਮੈਂ ਉਹਨਾਂ ਦੀ ਘਰਵਾਲੀ ਹਾਂ। ਬਾਬਾ ਜੋਗਿੰਦਰ ਸਿੰਘ ਹੋਰ ਵੀ ਹੈਰਾਨ ਹੋ ਕੇ ਕਹਿਣ ਲੱਗੇ ਕਿ ਬੀਬਾ ਤੂੰ ਉਹਨਾਂ ਦੀ ਘਰ ਵਾਲੀ ਤਾਂ ਨਹੀਂ ਹੋ ਸਕਦੀ। ਚਰਨ ਕੌਰ ਕਹਿਣ ਲੱਗੀ ਕਿ ਬਾਬਾ ਜੀ ਜੇ ਤੁਹਾਨੂੰ ਯਕੀਨ ਨਹੀਂ ਆਉਂਦਾ ਤਾਂ ਚਲੋ ਆਪਾਂ ਘਰ ਚੱਲਦੇ ਹਾਂ ਤੇ ਘਰ ਚੱਲ ਕੇ ਚਾਹ ਪਾਣੀ ਪੀਂਦੇ ਹਾਂ। ਜਦੋਂ ਘਰ ਪਹੁੰਚੇ ਤਾਂ ਬਾਬਾ ਜੋਗਿੰਦਰ ਸਿੰਘ ਜੀ ਹੈਰਾਨ-ਪ੍ਰੇਸ਼ਾਨ। ਉਹਨਾਂ ਦਾ ਮੱਥਾ ਠਣਕਿਆ ਕਿ ਜਿਸ ਔਰਤ ਦਾ ਪਤੀ ਦੋ ਵਾਰ ਸੰਸਦ ਮੈਂਬਰ ਬਣਿਆ ਹੋਵੇ, ਉਹਦੇ ਵਿਚ ਅੱਜ ਵੀ ਐਨੀ ਸਾਦਗੀ। 1990-91 ਵਿਚ ਜਦ ਵੀ. ਪੀ. ਸਿੰਘ ਸਰਕਾਰ ਦੇ ਖਿਲਾਫ ਸਾਹਿਬ ਸ੍ਰੀ ਕਾਂਸੀ ਰਾਮ ਦੀ ਰਹਿਨੁਮਾਈ ਹੇਠ ਬਸਪਾ ਨੇ ਮੰਡੀ ਹਾਊਸ ਦਿੱਲੀ ਵਿਖੇ 'ਮੰਡਲ ਕਮਿਸ਼ਨ ਲਾਗੂ ਕਰੋ, ਵਰਨਾ ਕੁਰਸੀ ਖਾਲੀ ਕਰੋ' ਨਾਅਰੇ ਦੇ ਤਹਿਤ ਸੰਘਰਸ਼ ਛੇੜਿਆ ਤਾਂ ਉਥੇ ਹਜ਼ਾਰਾਂ ਵਰਕਰਾਂ ਦਾ ਲੰਗਰ ਪਕਾਉਣ ਦੀ ਜ਼ਿੰਮੇਵਾਰੀ ਬੜੀ ਸ਼ਿੱਦਤ ਤੇ ਤਨਦੇਹੀ ਨਾਲ ਬੀਬੀ ਚਰਨ ਕੌਰ ਨੇ ਨਿਭਾਈ। ਲਾਖੇ ਦੇ ਸੰਸਦ ਮੈਂਬਰ ਬਣਨ ਤੋਂ ਪਹਿਲਾਂ ਵੀ ਉਹਨੇ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਅੱਧੀ-ਅੱਧੀ ਰਾਤ ਤੱਕ ਵਰਕਰਾਂ ਦਾ ਝੁਰਮਟ ਲੱਗਾ ਮੈਂ ਵੇਖਿਆ, ਪਰ ਕੋਈ ਚਾਹ ਪਾਣੀ ਤੇ ਲੰਗਰ ਖਾਣ ਤੋਂ ਬਿਨਾਂ ਕਦੇ ਕੋਈ ਪਰਤ ਜਾਵੇ, ਏਦਾਂ ਨਹੀਂ ਹੋਇਆ। ਉਮਰ ਦੇ ਲਿਹਾਜ਼ ਨਾਲ ਬੇਸ਼ੱਕ ਸਰੀਰ ਕੁਝ ਸਾਥ ਤਾਂ ਦਿੰਦਾ ਹੋਵੇ ਪਰ ਯਾਦਾਸ਼ਤ ਅੱਜ ਵੀ ਚਰਨ ਕੌਰ ਦੀ ਬਾ-ਕਮਾਲ ਦੀ ਹੈ। ਮੈਂ ਜਦ ਇਸ ਵਰ੍ਹੇ ਮਈ ਵਿਚ ਕਨੇਡਾ ਗਿਆ ਤਾਂ ਮੈਨੂੰ ਉਹ ਇਕ ਸਮਾਰੋਹ ਵਿਚ ਮਿਲੇ ਤੇ ਮੈਨੂੰ ਪਛਾਣ ਲਿਆ ਤੇ ਘਰ ਆਉਣ ਦਾ ਸੱਦਾ ਦਿੱਤਾ। ਨੇੜਲੇ ਸਾਕਾਂ ਦੀਆਂ ਕੁਝ ਬੇਵਕਤੀਆਂ ਮੌਤਾਂ ਨੇ ਚਰਨ ਕੌਰ ਨੂੰ ਧੁਰ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਹੈ। ਜਿਵੇਂ ਸਿਆਸੀ ਲੋਕਾਂ ਦੀਆਂ ਜਨਾਨੀਆਂ ਗੱਲਾਂ ਗੱਲਾਂ ਤੇ ਸਿਆਸਤ ਕਰਨ ਲੱਗ ਪੈਂਦੀਆਂ ਹਨ ਤੇ ਜਾਂ ਸਿਆਸਤ ਨੂੰ ਰੋਜ਼ੀ ਰੋਟੀ ਦਾ ਸਾਧਨ ਬਣਾ ਲੈਂਦੀਆਂ ਹਨ। ਪਰ ਉਹਦੇ ਵਿਚ ਇਹੋ ਜਿਹੀ ਕਿਸੇ ਚੀਜ਼ ਦੀ ਝਲਕ ਹੀ ਨਹੀਂ ਪੈਂਦੀ। ਹਰਭਜਨ ਲਾਖਾ ਦੇ ਹੁੰਦਿਆਂ ਵੀ ਸਿਆਸਤ ਉਹਦੇ ਲਈ ਇਕ ਮਿਸ਼ਨ ਸੀ ਤੇ ਹਰਭਜਨ ਲਾਖਾ ਦੇ ਬੇਵਕਤਾ ਤੁਰ ਜਾਣ ਤੋਂ ਬਾਅਦ ਵੀ ਬੀਬੀ ਚਰਨ ਕੌਰ ਨੇ ਪਿੰਡ ਕਰਨਾਣੇ ਤੋਂ ਲੈ ਕੇ ਵੈਨਕੂਵਰ ਤੱਕ ਉਸ ਮਿਸ਼ਨ ਨੂੰ ਮਨੋਂ ਨਹੀਂ ਵਿਸਾਰਿਆ।






# ਪਿੰਡ ਬਖਲੌਰ ਦੇ ਛਿੰਝ ਮੇਲੇ ਦਾ ਪੋਸਟਰ ਜਾਰੀ




**ਮੁਕੰਦਪੁਰ (ਰੇਸ਼ਮ ਕਰਨਾਣਵੀ) –** ਪਿੰਡ ਬਖਲੌਰ ਦੇ ਗੁੱਗਾ ਜਾਹਰ ਪੀਰ ਧਾਰਮਿਕ ਸਥਾਨ ਤੇ ਹੋਣ ਵਾਲੇ ਛਿੰਝ ਮੇਲਾ 27 ਅਗਸਤ ਨੂੰ ਸਮੂਹ ਸੰਗਤ ਅਤੇ ਐਨ.ਆਰ.ਆਈਜ਼ ਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਛਿੰਝ ਮੇਲੇ ਦਾ ਪੋਸਟਰ ਜਾਰੀ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਸ਼੍ਰੀ ਮਨੋਹਰ ਸਿੰਘ ਤੇ ਰਾਮ ਪ੍ਰਕਾਸ਼ ਨੇ ਦੱਸਿਆ ਕਿ ਪਟਕੇ ਦੀ ਕੁਸ਼ਤੀ ਕਮਲ ਡੂੰਮਛੇੜੀ ਤੇ ਕ੍ਰਿਸ਼ਨ ਸੋਨੀਪੱਤ ਵਿਚਕਾਰ ਹੋਵੇਗੀ। ਪਟਕੇ ਦੀ ਕੁਸ਼ਤੀ ਲਈ ਸੱਜਰ ਸੂਈਆਂ ਝੋਟੀਆਂ ਦਿੱਤੀਆਂ ਜਾਣਗੀਆਂ ਹੋਰ ਪਹਿਲਵਾਨਾਂ ਨੂੰ ਵੀ ਨਕਦ ਇਨਾਮ ਦੇ ਕੇ ਸਨਮਾਨਿਆਂ ਜਾਵੇਗਾ। ਇਸ ਮੌਕੇ ਰਾਣਾ ਗੁਰਦੀਪ ਸਿੰਘ, ਰਾਣਾ ਹਰਮੇਸ਼ ਸਿੰਘ, ਹਰਦੀਪ ਸਿੰਘ, ਜੋਗਰਾਜ ਜੰਗਲਾਤ ਅਫ਼ਸਰ, ਮੰਗਤ ਰਾਮ ਢੰਡਾ, ਰਾਣਾ ਤਰਸੇਮ ਸਿੰਘ, ਬਿੱਟੂ ਸੁੰਮਨ, ਸੀਪਾ ਪਹਿਲਵਾਨ, ਮੱਖਣ ਬਖਲੌਰ, ਰਾਣਾ ਸੁਭਾਸ਼ ਚੰਦਰ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਹਾਜ਼ਰ ਸਨ।

## ਹਰਜੀਤ ਗਰੇਵਾਲ ਗੱਤਕਾ ਐਸੋਸੀਏਸ਼ਨ ਦੇ ਚੇਅਰਮੈਨ ਤੇ ਅਵਤਾਰ ਸਿੰਘ ਬਣੇ ਸੂਬਾ ਪ੍ਰਧਾਨ ਚੁਣੇ




**ਚੰਡੀਗੜ੍ਹ-** ਇੱਥੇ ਰਾਜ ਪੱਧਰੀ ਗੱਤਕਾ ਐਸੋਸੀਏਸ਼ਨ ਦੀ ਹੋਈ ਉਚੇਚੀ ਮੀਟਿੰਗ ਦੌਰਾਨ ਅਹੁਦੇਦਾਰਾਂ" ਦੀ ਨਵੀਂ ਚੋਣ ਕਰਦਿਆਂ ਹਰਜੀਤ ਸਿੰਘ ਗਰੇਵਾਲ ਨੂੰ ਚੇਅਰਮੈਨ, ਅਵਤਾਰ ਸਿੰਘ ਗੱਤਕਾ ਕੋਚ ਨੂੰ ਸੂਬਾ ਪ੍ਰਧਾਨ ਅਤੇ ਉਦੇ ਸਿੰਘ ਨੂੰ ਜਨਰਲ ਸਕੱਤਰ ਵਜੋਂ ਚੁਣਿਆਂ ਗਿਆ ਅਤੇ ਨਾਲ ਹੀ ਰਾਜ ਵਿੱਚ ਗੱਤਕਾ ਖੇਡ ਸਰਗਰਮੀਆਂ ਨੂੰ ਤੇਜ਼ ਕਰਨ ਲਈ 10 ਮੈਂਬਰੀ ਕਾਰਜਕਾਰਨੀ ਦਾ ਗਠਨ ਵੀ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸ. ਗਰੇਵਾਲ ਅਤੇ ਅਵਤਾਰ ਸਿੰਘ ਨੇ ਕਿਹਾ ਕਿ ਗੱਤਕਾ ਐਸੋਸੀਏਸ਼ਨ ਪੰਜਾਬ ਵੱਲੋਂ ਸਾਲ ਭਰ ਚੱਲਣ ਵਾਲੇ ਗੱਤਕਾ ਟੂਰਨਾਮੈਂਟਾਂ ਅਤੇ ਸਿਖਲਾਈ ਕੈਂਪਾਂ ਦੇ ਆਯੋਜਨ ਲਈ ਖੇਡ ਕੈਲੰਡਰ ਤਿਆਰ ਹੈ ਜੋ ਅਗਲੇ ਹਫਤੇ ਜਾਰੀ ਕਰ ਦਿੱਤਾ ਜਾਵੇਗਾ। ਉਨਾਂ ਕਿਹਾ ਕਿ ਸਤੰਬਰ ਮਹੀਨੇ ਰਾਜ ਪੱਧਰੀ ਗੱਤਕਾ ਚੈਂਪੀਅਨਸ਼ਿਪ ਬਠਿੰਡਾ 'ਚ ਅਤੇ ਅਕਤੂਬਰ ਵਿੱਚ ਉਤਰ ਪ੍ਰਦੇਸ ਵਿਖੇ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਕਰਵਾਈ ਜਾ ਰਹੀ ਹੈ।

# THE PUNJAB RAVIDASS BALMIK NAUJWAN SABHA KAROL BAGH, DELHI (HISTORIC PICTURE) JUNE 1946




**1st Row** sitting from left to right: Ram Rattan, Das Ram Chowdhari, Shankar Das Thakur, Ram Rattan Gangar, Teja Singh Bangar, Nanak Singh,

**2nd, Row** Chairs left to right: Bhag Mal Pal (Auditor), C. R. Chaman Clair (Senior Vice President, Bhag Mal Kararia B. A. (President), Honorable Baba Sahib Dr. B. R. Ambedkar M. A., Ph. D., D. Sc., Bar At law, Ram Kishan (Secretary),

**3rd, Row** Chairs left to right: Rattan Singh B. A., Ch. Karta Ram B. A., Ujagar Ram Bangar, Chanan Ram Ghaira (Assistant Cashier), Puran Chand (Cashier), M. R. Bhardwaj, Kartara Ram Ahir, L. D. Mahey,

**4th, Row** Chairs left to right:Gokal Ram B. A., Daulat Ram Pal, Nasib Chand Chumber, Ram Kishan Bhatia, B. S. Mall, Udho Ram Ahir, Karam Chand Bangar, Pritam Ram Premi, Nandu Ram, Moti Lal Kureel, Charanji Lal, Sant Ram, Charan Dass Gurb.



## HISTORY OF DALIT ACTIVISM N PUNJAB

**In the third decade of last century, dalits of Punjab took the path of activism. This reflected in their search for a new religious identity, apart from a phase of social reforms with special focus on education. Their movement also took a political turn...**

▶ **JUNE 1926** | Ghadar Party's **Babu Mangu Ram Mugowalia**, along with others from the community, set up Adi-dharam Mandal. "Its main aim was to create a feeling of identity among the untouchable class that was close to one-fourth of India's population," said late Gian Singh Bal, a civil servant-cum-activist specializing on dalit movement. Movement gave four gurus to the dalits – Guru Ravidass, Maharishi Valmiki, Bhagat Kabir and Bhagat Namdev – a separate symbol (Sohang) and a slogan (Jai Gurudev)

▶ **1931** | With a separate identity in place for schedules castes, almost half-a-million registered as 'Adi-dharmi' during the Census. Quoting American scholar Mark Juergensmeyer, Bal said, "In 1930s, Adi-dharmis' political influence turned towards electoral politics, in alliance first with the predominantly Muslim Unionist Party and then with the Congress." This, Bal added, "Was the logical consequence of the political awakening created among them by Adi-dharma movement in Punjab."

▶ **1937 ELECTIONS** | Adi-dharam Mandal bagged seven out of eight reserved seats in undivided Punjab

▶ **1942** | Scheduled Caste Federation formed by Dr B R Ambedkar launched Punjab chapter. But state president Seth Kishan Dass lost elections

▶ **1945** | Mangu Ram became MLA for first time

▶ **1950** | Mangu Ram retired from active politics when Independent India got its Constitution with safeguards for dalits. BSP founder Kanshi Ram's grandfather Telu Ram emerges as an active leader of Adi-dharam Mandal

▶ **SEPTEMBER 30, 1956** | SC Federation, led by B R Ambedkar, forms Republican Party of India (RPI), which then became the platform for political activities to champion the cause of downtrodden. Lahori Ram Balley remained All India general secretary of RPI from 1958 to 1966. RPI contested 1967 election and four MLAs, including Dr Jagjit Singh Chohan – a protagonist of Khalistan in 1970s and 80s – elected

▶ **DECEMBER 6, 1978** | **Kanshi Ram** formed BAMCEF, an organization of educated employees from SCs, STs, OBCs and converted minority communities

▶ **DECEMBER 6, 1981** | Kanshi Ram formed DS4 or Dalit Soshit Samaj Sangharsh Samity, which then transformed into BSP on April 14, 1984

## BSP'S DECREASING VOTE SHARE

▶ **ASSEMBLY ELECTION**

**2002**

6.61%

▶ 6.61% for 100 seats it contested (5.69% if percentage is computed over **117 seats**)

▶ In Doaba, 14%

**2007**

4.13%

▶ 4.13%

▶ In Doaba, 8.57 %

▶ **PARLIAMENTARY ELECTION** (for 13 seats)

| 2004 | 2009 |
| --- | --- |
| 7.84 lakh votes | 6.80 lakh votes |

**Times Of India Chandigarh**

**Page Number 4 Dated January 16, 2012By Report: Mr. I. J. Singh.**

Courtesy: Mr. C. L. Chumber (February, 2012)


For more like matter, please visit- www.ambedkartimes.com

# ਭਾਰਤ ਦੇ ਪਹਿਲਵਾਨ

ਲੇਖਕ: ਬਲਬੀਰ ਸਿੰਘ ਕੰਵਲ (ਯੂ ਕੇ)

## ਪਿਆਰਾ ਰਾਮ ਸੋਂਧੀ

ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰਨ ਵਾਲਾ ਇਹ ਕੋਚ 8-10-1947 ਨੂੰ ਸ੍ਰੀ ਜਗਤ ਰਾਮ ਦੇ ਘਰ ਹਰਬੰਸ ਸਿੰਘ ਰੁਸਤਮਿ- ਹਿੰਦ ਦੇ ਪ੍ਰਸਿੱਧ ਪਿੰਡ ਰਾਏਪੁਰ ਡੱਬਾ ਵਿਖੇ ਪੈਦਾ ਹੋਇਆ। ਤੇਰ੍ਹਵੀਂ 'ਚ 1067 ਵਿਚ 63 ਕਿਲੋ ਭਾਰ ਵਿਚ ਭਾਗ ਲਿਆ ਅਤੇ ਪੰਜਾਬ ਯੂਨੀਵਰਸਿਟੀ ਚੈਂਪੀਅਨਸ਼ਿਪ ਜਿੱਤੀ। ਪ੍ਰਿੰਸੀਪਲ ਕਸ਼ਮੀਰ ਸਿੰਘ ਦੀ ਸਲਾਹ ਤੇ ਐਨ. ਆਈ. ਐਸ. ਪਟਿਆਲਾ ਤੋਂ ਭਲਵਾਨੀ ਦੀ ਕੋਚਿੰਗ ਦਾ ਡਿਪਲੋਮਾ ਕਰ ਲਿਆ ਅਤੇ ਪਿੱਛੋਂ ਹਿੰਦ ਸਰਕਾਰ ਦੇ ਖਰਚੇ ਤੇ ਜਰਮਨੀ ਪੜ੍ਹਨ ਵੀ ਗਿਆ।



ਸਾਡੇ ਕੁਝ ਵੱਡੇ ਭਲਵਾਨ ਕੁਝ ਤਾਂ ਜ਼ੋਰਾਂ ਅਤੇ ਕੁਝ ਰੁਜ਼ਗਾਰ ਦੇ ਸਿਲਸਿਲੇ 'ਚ ਅਖਾੜਾ ਹਨੂਮਾਨ ਦਿੱਲੀ ਜਾਂਦੇ ਹੁੰਦੇ ਸਨ- ਪਰ ਇਹ ਪ੍ਰਿੰਸੀਪਲ ਕਸ਼ਮੀਰ ਸਿੰਘ ਹੋਰਾਂ ਦੀ ਕਰੜੀ ਨਿਗਰਾਨੀ ਅਤੇ ਇਸਦੀ ਤਨਦੇਹ ਕੋਚਿੰਗ ਦਾ ਹੀ ਕ੍ਰਿਸ਼ਮਾ ਸੀ ਕਿ ਪਹਿਲਵਾਨਾਂ ਨੂੰ ਉਧਰ ਜਾਣ ਤੋਂ ਠੱਲ੍ਹ ਪਾ ਦਿੱਤੀ ਅਤੇ ਫਗਵਾੜੇ ਵਰਗੇ ਇਕ ਛੋਟੇ ਜਿਹੇ ਸ਼ਹਿਰ ਨੂੰ ਪਹਿਲਵਾਨਾਂ ਲਈ ਜਾਣੋ ਇਕ ਮੱਕਾ ਜਿਹਾ ਬਣਾ ਦਿੱਤਾ। ਆਪਣੇ ਆਪ ਵਿਚ ਇਹ ਇਕ ਬੜਾ ਵੱਡਾ ਤੱਥ ਹੈ, ਜਿਸਦੀ ਸੁਗੰਧ ਨੂੰ ਤਾਰੀਖ ਆਪਣੇ ਸੁਨਹਿਰੀ ਸਫਿਆਂ ਵਿਚ ਸਾਂਭ ਲਏਗੀ। 1982 ਵਿਚ ਇਸਨੇ ਏਸ਼ੀਅਨ ਖੇਡਾਂ ਲਈ ਇੰਡੀਆ ਦੀ ਜੂਨੀਅਰ ਟੀਮ ਤਿਆਰ ਕੀਤੀ ਤਾਂ ਉਸ ਨੇ ਦੂਜਾ ਦਰਜਾ ਪ੍ਰਾਪਤ ਕੀਤਾ ਅਤੇ ਇਸੇ ਤਰ੍ਹਾਂ 1983 ਵਿਚ ਇੰਡੀਆ ਦੀ ਸੀਨੀਅਰ ਟੀਮ ਤਿਆਰ ਕੀਤੀ ਤਾਂ ਵੀ ਤਹਿਰਾਨ ਵਿਖੇ ਹੋਈਆਂ ਏਸ਼ੀਅਨ ਖੇਡਾਂ ਵਿਚ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸਦਾ ਭਰਾ ਜਰਨੈਲ ਰਾਮ ਸੋਂਧੀ ਵੀ ਇਕ ਸੋਹਣਾ ਘਲੈਟਾ ਸੀ, ਜਿਸਨੇ ਯੂਨੀਵਰਸਿਟੀ ਚੈਂਪੀਅਨਸ਼ਿਪ ਜਿੱਤੀ ਅਤੇ ਐਮ. ਏ. ਕਰਕੇ ਅੱਜਕਲ੍ਹ ਲੈਕਚਰਾਰ ਲੱਗਾ ਹੋਇਆ ਹੈ।

ਅੱਜਕਲ੍ਹ ਇਹ ਕੋਚ ਬੜੀ ਕਾਮਯਾਬੀ ਨਾਲ ਅਖਾੜਾ ਚਲਾ ਰਿਹਾ ਹੈ- ਝੰਗਾ ਰੋਡ ਤੇ ਸਥਿਤ ਯੋਗੀਆਂ ਵਾਂਗ ਦੁਨੀਆਂ ਦੇ ਰੌਲੇ-ਰੱਪੇ ਤੋਂ ਦੂਰ ਤਾਰੂ ਕੇ ਬਾਗ਼ੇ ਵਿਚ ਸੋਹਣੀ ਕੋਠੀ ਪਾਈ ਹੈ। ਸੁਹਿਰਦਤਾ ਅਤੇ ਆਪਣੇ ਕੰਮ ਲਈ ਸੁਲਗਨਤਾ ਇਸਦੀ ਸ਼ਖਸੀਅਤ ਦੇ ਖਾਸ ਜੜਾਓ ਹਨ।

## ਅਜੀਤ ਸਿੰਘ ਮਾਲੜੀ

ਪੰਜਾਬ ਵਿਚ ਆਪਣੀ ਕਿਸਮ ਦੇ ਇਕੋ-ਇਕ ਅਦਾਰੇ ਸਕੂਲ-ਕਮ-ਕਾਲਜ ਆਫ ਸਪੋਰਟਸ ਜਲੰਧਰ ਵਿਚ



ਕੋਚ ਦੇ ਅਹੁਦੇ ਤੇ ਬਿਰਾਜਮਾਨ ਹੈ। ਆਪਣੇ ਦਿਨੀਂ ਕੁਸ਼ਤੀ ਨਾਲੋਂ ਕੌਡੀ 'ਚ ਵਧੇਰੇ ਪ੍ਰਸਿੱਧੀ ਪ੍ਰਾਪਤ ਕੀਤੀ। 1954 ਵਿਚ ਲੁਧਿਆਣਾ ਜਦੋਂ ਆਲ-ਇੰਡੀਆ ਕਬੱਡੀ ਟੂਰਨਾਮੈਂਟ ਹੋਇਆ ਤਾਂ ਪਾਕਿਸਤਾਨ ਨਾਲ ਹੋਏ ਆਖਰੀ ਮੈਚ ਵਿਚ ਇੰਡੀਆ ਦੀ ਟੀਮ ਦਾ ਕਪਤਾਨ ਇਹ ਸੀ। ਸਰੀਰ ਵਿਚ ਕੁਦਰਤੀ ਤਾਕਤਾਂ ਸਨ ਇਸ ਲਈ ਘੁਲਣ ਲੱਗਿਆਂ ਅਗਲੇ ਨੂੰ ਮਰੋੜ ਕੇ ਹੀ ਢਾਹ ਲੈਂਦਾ ਸੀ। ਕਈ ਵਾਰ ਯੂਨੀਵਰਸਿਟੀ ਚੈਂਪੀਅਨਸ਼ਿਪ ਜਿੱਤੀ। ਪੜ੍ਹਾਈ ਖਤਮ ਕਰਕੇ ਵਿੱਦਿਆ ਵਿਭਾਗ ਵਿਚ ਨੌਕਰੀ ਕਰ ਲਈ। ਆਪਣੇ ਮਹਿਕਮੇ ਵਿਚ ਸਭ ਤੋਂ ਪੁਰਾਣਾ ਕੋਚ ਹੈ ਅਤੇ ਅੱਜਕਲ੍ਹ ਆਪਣੇ ਪਿੰਡ ਮਾਲੜੀ ਵਿਖੇ ਪੂਰੇ ਠਾਠ-ਬਾਠ ਨਾਲ ਰਹਿ ਰਿਹਾ ਹੈ। ਕੇਵਲ ਆਪਣੇ ਸਿੱਖਿਆਰਥੀਆਂ ਵਿਚ ਹੀ ਨਹੀਂ, ਬਾਹਰ ਵੀ ਕਾਫੀ ਲੋਕਪ੍ਰਿਯ ਵਿਅਕਤੀ ਹੈ। ਇਸ ਦੇ ਸਿਖਾਏ ਹੋਏ ਕੁਝ ਪਹਿਲਵਾਨ ਕੋਚ ਵੀ ਨਿਯੁਕਤ ਹੋ ਚੁੱਕੇ ਹਨ ਅਤੇ ਕਈ ਬਾਹਰਲੇ ਦੇਸ਼ਾਂ ਵਿਚ ਵੱਸ ਚੁੱਕੇ ਹਨ।

## ਬੀ. ਬੀ. ਭਾਗਵਤ

ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ ਵਿਖੇ ਭਲਵਾਨੀ ਦਾ ਮੁੱਖ ਕੋਚ ਹੈ। ਆਪਣੀ ਮਿਹਨਤ ਅਤੇ ਲਗਨ ਸਦਕਾ ਦੇਸ਼ ਭਰ 'ਚ ਜਾਣਿਆ ਜਾਂਦਾ ਹੈ। ਬੁੱਧੀਜੀਵੀ ਹੈ ਅਤੇ ਬੇਹੱਦ ਲੋਕਪ੍ਰਿਯਾ। ਪਹਿਲਵਾਨੀ ਦੇ ਵਿਸ਼ੇ ਤੇ ਕੁਝ ਖੋਜ-ਪੱਤਰ ਵੀ ਲਿਖ ਚੁੱਕਾ ਹੈ। ਦਰੋਨਾਚਾਰਯ ਐਵਾਰਡ ਜੇਤੂ ਹੈ।

## ਜਸਪਾਲ ਸਿੰਘ ਵਿਰਕ

ਸਵਰਗੀ ਸ. ਅਜੈਬ ਸਿੰਘ ਕਿਸੇ ਦੀ ਤਾਰੀਫ ਕਰਨ ਲੱਗਿਆਂ ਗੱਲ ਬੜੀ ਸਗੁੱਚ ਕੇ ਕਰਦੇ ਹੁੰਦੇ ਸਨ। ਪਰ ਮਾਝੇ ਦੇ ਇਸ ਸਪੂਤ ਦਾ ਨਾਂ ਲੈਂਦਿਆਂ ਗਦ-ਗਦ ਹੋ ਜਾਂਦੇ ਹੁੰਦੇ ਸਨ।

ਆਪ ਦਾ ਜਨਮ ਪਿੰਡ ਈਸਾਪੁਰ ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸ. ਹਜ਼ਾਰਾ ਸਿੰਘ ਦੇ ਘਰ 12-12-1937 ਨੂੰ ਹੋਇਆ। ਖਾਲਸਾ ਕਾਲਜ ਅੰਮ੍ਰਿਤਸਰ ਦਾਖਲ ਹੋ ਕੇ ਕੁਝ ਤਕੜੇ ਭਲਵਾਨਾਂ ਨੂੰ ਢਾਹਿਆ। 1960 ਅਤੇ 1961 ਵਿਚ ਪੰਜਾਬ ਅਤੇ ਅੰਤਰ ਯੂਨੀਵਰਸਿਟੀ ਚੈਂਪੀਅਨਸ਼ਿਪ ਜਿੱਤੀ। 1962 ਵਿਚ ਪਾਕਿਸਤਾਨ ਦਾ ਦੌਰਾ ਕੀਤਾ ਅਤੇ ਸ਼ੇਖੂਪੁਰਾ ਅਤੇ ਕਾਮੋਕੀ ਵਿਖੇ ਆਪ ਦੀਆਂ ਉਥੋਂ ਦੇ ਇਕ ਪਹਿਲਵਾਨ ਅਬਦੁੱਲਾ ਨਾਲ ਇਤਿਹਾਸਕ ਕੁਸ਼ਤੀਆਂ ਹੋਈਆਂ। 1967 ਵਿਚ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ।

1965 ਵਿਚ ਬਤੌਰ ਕੋਚ ਦੇ ਸੇਵਾ ਨਿਭਾਉਂਦਿਆਂ ਅੰਮ੍ਰਿਤਸਰ ਵਿਚ ਕੁਸ਼ਤੀ ਲਈ ਬੜਾ ਕੁਝ ਕੀਤਾ। ਮਹਿਕਮੇ ਦੀ ਬਹੁਤ ਸਤਿਕਾਰਿਤ ਸ਼ਖਸੀਅਤ ਹਨ। ਅੱਜਕਲ੍ਹ ਅੰਮ੍ਰਿਤਸਰ ਵਿਖੇ ਜ਼ਿਲ੍ਹਾ ਸਪੋਰਟਸ ਅਫਸਰ ਦੇ ਅਹੁਦੇ ਤੇ ਬਿਰਾਜਮਾਨ ਹਨ।

## ਸੋਹਨ ਸਿੰਘ

ਆਪ ਦਾ ਜਨਮ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਖੇ ਸ. ਗੋਪਾਲ ਸਿੰਘ ਦੇ ਘਰ 11-4-1950 ਨੂੰ ਹੋਇਆ।




ਛੋਟੀ ਉਮਰ ਵਿਚ ਹੀ ਸਬਜ਼ੀ ਮੰਡੀ ਵਾਲੇ ਸਾਈਂ ਭਲਵਾਨ ਨੂੰ ਉਸਤਾਦ ਧਾਰਨ ਕਰ ਲਿਆ। ਦਸਵੀਂ ਪਾਸ ਕਰਕੇ ਖਾਲਸਾ ਕਾਲਜ ਅੰਮ੍ਰਿਤਸਰ ਦਾਖਲ ਹੋ ਗਿਆ ਅਤੇ 1970 ਵਿਚ ਬੀ. ਏ. ਦੀ ਡਿਗਰੀ ਪ੍ਰਾਪਤ ਕਰ ਲਈ। ਇਸ ਦੌਰਾਨ ਆਪ ਨੇ ਸਿਤਾਰਾ-ਇ-ਪੰਜਾਬ ਮੱਦੀ ਭਲਵਾਨ, ਦਿੱਲੀ ਦੇ ਛਾਂਗਾ ਅਤੇ ਹੱਬੋ, ਪ੍ਰਿਥਵੀ ਅਤੇ ਨਿੱਕਾ ਪਠਾਣਕੋਟੀ ਨੂੰ ਢਾਹ ਕੇ ਦਾਦ ਪ੍ਰਾਪਤ ਕੀਤੀ। 1978 ਵਿਚ ਇਸਨੇ ਚੰਬਾ-ਕੇਸਰੀ ਦਾ ਖਿਤਾਬ ਹਾਸਲ ਕੀਤਾ। ਗੱਲ ਕੀ ਦੇਸ਼ ਭਰ ਦੀਆਂ ਛਿੰਝਾਂ ਅਤੇ ਦੰਗਲਾਂ ਆਦਿ 'ਚ ਲੱਗਭੱਗ ਤਿੰਨ ਸੌ ਕੁਸ਼ਤੀਆਂ ਲੜੀਆਂ ਅਤੇ ਕੁਝ ਨਾ ਤੋਂ ਛੁੱਟ ਹਰ ਥਾਂ ਜਿੱਤ ਪ੍ਰਾਪਤ ਕੀਤੀ। 1974 ਵਿਚ ਸਪੋਰਟਸ ਮਹਿਕਮੇ 'ਚ ਬਤੌਰ ਕੋਚ ਦੇ ਨੌਕਰੀ ਸਵੀਕਾਰ ਕਰ ਲਈ ਅਤੇ ਹੁਣ ਤੱਕ ਅਨੇਕ ਸ਼ਾਗਿਰਦ ਤਿਆਰ ਕੀਤੇ। ਉਹਨਾਂ ਵਿਚੋਂ ਕੁਲਦੀਪ ਸਿੰਘ ਪੰਜਾਬ ਟਾਈਗਰ ਨੇ ਬਹੁਤ ਨਾਂ ਜੱਸ ਖੱਟਿਆ। ਫੀਲਾ ਦਾ ਇਹ ਇਕ ਸਤਿਕਾਰਿਤ ਇੰਟਰਨੈਸ਼ਨਲ ਜੱਜ ਅਤੇ ਰੈਫਰੀ ਹੈ। ਹੁਣ ਤੱਕ ਭਾਰਤੀ ਟੀਮ ਨਾਲ ਇਹ ਲਾਹੌਰ ਅਤੇ ਕਾਮਨਵੈਲਥ ਰੈਸਲਿੰਗ ਚੈਂਪੀਅਨਸ਼ਿਪ ਲਈ ਸਕਾਟਲੈਂਡ ਦਾ ਦੌਰਾ ਵੀ ਕਰ ਚੁੱਕਾ ਹੈ।

ਅੱਜਕਲ੍ਹ ਗੋਲ ਬਾਗ ਅੰਮ੍ਰਿਤਸਰ ਵਿਖੇ ਜਿਹੜਾ ਅਖਾੜਾ ਚੱਲ ਰਿਹਾ ਹੈ, ਉਸ ਵਿਚ ਲੱਗਭੱਗ ਇਕ ਸੌ ਦੇ ਕਰੀਬ ਭਲਵਾਨ ਜ਼ੋਰ ਕਰਦੇ ਇਸ ਤੋਂ ਦਾਅ-ਪੇਚ ਸਿੱਖਦੇ ਹਨ।

## ਗੁਰਪਾਲ ਸਿੰਘ

ਦੁਆਬੇ ਦੀ ਪ੍ਰਸਿੱਧ ਹਸਤੀ ਧਿਆਨੇ ਪਹਿਲਵਾਨ ਦਾ ਸਪੁੱਤਰ ਹੈ। ਉਂਝ ਵੀ ਭਲਵਾਨਾਂ ਦੇ ਪਿੰਡ ਅਰਥਾਤ ਸ਼ੰਕਰ




ਦਾ ਜੰਮਪਲ। ਮੁੱਢ ਤੋਂ ਹੀ ਕੁਸ਼ਤੀ ਅਤੇ ਕਬੱਡੀ ਖੇਡਣ ਦਾ ਸ਼ੌਕ ਸੀ। ਸੋ ਕਾਲਜ ਦੇ ਸਮੇਂ ਕਈ ਵੱਡੀਆਂ ਮੱਲਾਂ ਮਾਰੀਆਂ। ਇੱਥੋਂ ਤੱਕ ਕਿ 1973 ਦੌਰਾਨ ਕਰਤਾਰ ਵਰਗਿਆਂ ਲਈ ਵੀ ਮੁਸੀਬਤ ਬਣ ਜਾਂਦਾ ਸੀ। ਬਾਕਸਿੰਗ ਅਤੇ ਕਬੱਡੀ ਦਾ ਚਾਰ ਸਾਲ ਯੂਨੀ-ਵਰਸਿਟੀ ਚੈਂਪੀਅਨ ਰਿਹਾ। ਜੀ ਮਾਰਕੇ ਭਲਵਾਨੀ ਕਰਦਾ ਤਾਂ ਬੜਿਆਂ-ਬੜਿਆਂ ਦੇ ਤੋਤੇ ਉਡਾ ਦਿੰਦਾ। 1974 'ਚ ਜਦੋਂ ਪੰਜਾਬ ਦੀ ਕਬੱਡੀ ਟੀਮ ਇੰਗਲੈਂਡ ਗਈ ਤਾਂ ਉਸ ਵਿਚ ਇਹ ਵੀ ਸ਼ਾਮਲ ਸੀ। ਅਜੇ ਪਿਛਲੇ ਦਿਨਾਂ ਵਿਚ ਹੀ ਇਸਦੀ ਨਿਯੁਕਤੀ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਪਠਾਨਕੋਟ ਦੇ ਸਪੋਰਟਸ ਵਿੰਗ ਵਿਚ ਬਤੌਰ ਕੋਚ ਦੇ ਹੋਈ ਹੈ।

## ਗੁਰਵੇਲ ਸਿੰਘ

ਆਪ ਦਾ ਜਨਮ ਨੰਗਲ ਖੂੰਘਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 15-5-1946 ਨੂੰ ਹੋਇਆ। 1970 ਵਿਚ ਆਪ ਨੇ ਨਾਗਪੁਰ ਵਿਖੇ ਹੋਈ ਇੰਟਰ-ਵਰਸਿਟੀ ਚੈਂਪੀਅਨਸ਼ਿਪ ਜਿੱਤੀ ਅਤੇ ਇਸੇ ਸਾਲ ਵਿਚ ਆਨੰਦਪੁਰ ਸਾਹਿਬ ਵਿਖੇ ਪੰਜਾਬ ਕੁਮਾਰ ਦਾ ਖਿਤਾਬ ਵੀ ਜਿੱਤਿਆ। ਅੱਜਕਲ੍ਹ ਜ਼ਿਲ੍ਹਾ ਸਪੋਰਟਸ ਅਫਸਰ ਦੇ ਪਦ ਤੇ ਹੁਸ਼ਿਆਰਪੁਰ ਸੇਵਾ ਕਰ ਰਿਹਾ ਹੈ।


## ਜ਼ੋਰਾਵਰ ਸਿੰਘ ਚੌਹਾਨ

ਆਪ ਦਾ ਜਨਮ ਨੰਗਲ ਖੂੰਘਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 15-5-1946 ਨੂੰ ਹੋਇਆ। 1970 ਵਿਚ ਆਪ ਨੇ



ਨਾਗਪੁਰ ਵਿਖੇ ਹੋਈ ਇੰਟਰ-ਵਰਸਿਟੀ ਚੈਂਪੀਅਨਸ਼ਿਪ ਜਿੱਤੀ ਅਤੇ ਇਸ ਸਾਲ ਵਿਚ ਆਨੰਦਪੁਰ ਸਾਹਿਬ ਵਿਖੇ ਪੰਜਾਬ ਕੁਮਾਰ ਦਾ ਖਿਤਾਬ ਵੀ ਜਿੱਤਿਆ। ਅੱਜਕਲ੍ਹ ਜ਼ਿਲ੍ਹਾ ਸਪੋਰਟਸ ਅਫਸਰ ਦੇ ਪਦ ਤੇ ਹੁਸ਼ਿਆਰਪੁਰ ਸੇਵਾ ਕਰ ਰਿਹਾ ਹੈ।


## ਸੁੱਚਾ ਸਿੰਘ ਰੰਧਾਵਾ



ਇਹ ਦੋ ਵਾਰ ਪੰਜਾਬ ਅਤੇ ਦੋ ਵਾਰ ਪੰਜਾਬੀ ਯੂਨੀਵਰਸਿਟੀ ਦਾ ਵੈਲਟਰ ਅਤੇ ਮਿਡਲ ਭਾਰ ਦਾ ਚੈਂਪੀਅਨ ਰਿਹਾ ਅਤੇ ਇਕ ਵਾਰ ਅੰਤਰ-ਯੂਨੀਵਰਸਿਟੀ ਚੈਂਪੀਅਨਸ਼ਿਪ ਵੀ ਜਿੱਤੀ। ਕੁਝ ਚਿਰ ਪਹਿਲਾਂ ਸ਼ੰਕਰ ਸਪੋਰਟਸਵਿੰਗ 'ਚ ਨੌਕਰੀ ਕੀਤੀ, ਪਰ ਅੱਜਕਲ੍ਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਕੋਚ ਹੈ। ਪਹਿਲਵਾਨੀ ਤੇ ਪੀ. ਐਚ. ਡੀ. ਦੀ ਡਿਗਰੀ ਲਈ ਕੰਮ ਕਰ ਰਿਹਾ ਹੈ। ਠੇਠ ਮਝੈਲ ਹੈ, ਯਾਰਾਂ ਦਾ ਯਾਰ।

## ਅਮਰ ਨਾਥ ਸ਼ਰਮਾ

ਆਪ ਦਾ ਜਨਮ ਸ੍ਰੀ ਰਾਮ ਚੰਦ ਸ਼ਰਮਾ ਦੇ ਘਰ



ਗੜ੍ਹਦੀਵਾਲਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਅੱਠ ਮਈ 1951 ਨੂੰ ਹੋਇਆ। ਬਚਪਨ ਤੋਂ ਘੁਲਣ ਦਾ ਸ਼ੌਕ ਸੀ, ਇਸ ਲਈ ਘੁਲਣ ਦੇ ਨਾਲ-ਨਾਲ ਪੜ੍ਹਾਈ ਵੀ ਜਾਰੀ ਰੱਖੀ ਅਤੇ ਕੋਚਿੰਗ ਦਾ ਡਿਪਲੋਮਾ ਕਰ ਲਿਆ। ਕੁਸ਼ਤੀ ਦੀ ਕੋਚਿੰਗ ਤੋਂ ਛੁੱਟ ਕਲਾ-ਵਿਰਤੀ ਦਾ ਮਾਲਿਕ ਹੈ-ਖਾਸ ਕਰਕੇ ਬਹਿਣੀ ਉਠਣੀ ਆਪਣੇ ਪਿੰਡ ਦੇ ਪ੍ਰਸਿੱਧ ਸ਼ਾਇਰ ਅਮਰੀਕ ਡੋਗਰਾ ਨਾਲ ਹੈ। ਖੇਡ ਪ੍ਰੀਸ਼ਦ ਦਾ ਕੋਚ ਹੈ, ਅੱਜਕਲ੍ਹ ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ 'ਚ ਕੰਮ ਕਰ ਰਿਹਾ ਹੈ।

## ਮਹਿੰਦਰ ਸਿੰਘ ਸੰਘਵਾਲ


ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪ੍ਰਸਿੱਧ ਕੋਚ ਸ. ਜਗੀਰ ਸਿੰਘ ਦਾ ਛੋਟਾ ਭਰਾ ਹੈ। ਕਾਲਜ ਵਿਚ ਪੜ੍ਹਦਿਆਂ ਤਿੰਨ ਵਾਰ ਯੂਨੀਵਰਸਿਟੀ ਅਤੇ ਇਕ ਵਾਰ ਅੰਤਰ-ਯੂਨੀਵਰਸਿਟੀ ਚੈਂਪੀਅਨ ਬਣਿਆ। ਕਾਲਜ ਦੀ ਪੜ੍ਹਾਈ ਪਿੱਛੋਂ ਕਰੀਬਨ ਅੱਠ ਸਾਲ ਅੰਮ੍ਰਿਤਸਰ ਘੁਲਣ ਜਾਂਦਾ ਰਿਹਾ ਅਤੇ ਇਕ ਵਾਰ ਵਿਜੇ ਕੁਮਾਰ ਨੂੰ ਵੀ ਢਾਹ ਲਿਆ। ਇਕ ਵਾਰ ਕਰਤਾਰ ਨਾਲ ਬਰਾਬਰ ਘੁਲ ਗਿਆ। ਅੱਜਕਲ੍ਹ ਇਹ ਵੀ ਖੇਡ ਪ੍ਰੀਸ਼ਦ 'ਚ ਜ਼ਿਲ੍ਹਾ ਖੇਡ ਅਫਸਰ ਜਲੰਧਰ ਲੱਗਿਆ ਹੋਇਆ ਹੈ। ਕਈ ਅੱਛੇ ਸ਼ਾਗਿਰਦ ਤਿਆਰ ਕੀਤੇ ਹਨ, ਜਿਹਨਾਂ ਵਿਚੋਂ ਉਸਦਾ ਭਤੀਜਾ ਪਰਮਜੀਤ ਪੰਮਾ ਕਾਫੀ ਸੋਹਣਾ ਜਾ ਰਿਹਾ ਹੈ। ਉਹ ਅੰਤਰ-ਯੂਨੀਵਰਸਿਟੀ 'ਚੋਂ ਤਿੰਨ ਵਾਰ ਪਹਿਲੀ ਪਦਵੀ ਪ੍ਰਾਪਤ ਕਰ ਚੁੱਕਾ ਹੈ। ਇਸੇ ਤਰ੍ਹਾਂ ਪੰਜਾਬ ਟਾਈਗਰ ਦੇ ਦੰਗਲਾਂ ਵਿਚੋਂ ਵੀ ਫਸਟ ਆ ਚੁੱਕਾ ਹੈ।

## ਸਤਨਾਮ ਸਿੰਘ ਸੱਤਾ

ਐਨ. ਆਈ. ਐਸ. ਕਰਕੇ ਪੰਜਾਬ ਕਬੱਡੀ ਦਾ ਇਹ ਪ੍ਰਸਿੱਧ ਖਿਡਾਰੀ ਅੱਜਕਲ੍ਹ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ 'ਚ ਭਲਵਾਨੀ ਦਾ ਕੋਚ ਲੱਗਾ ਹੋਇਆ ਹੈ। 1974 ਵਿਚ ਪੰਜਾਬ ਦੀ ਕਬੱਡੀ ਟੀਮ ਨਾਲ ਇਹ ਵੀ ਵਲਾਇਤ ਗਿਆ ਸੀ ਅਤੇ ਉਥੋਂ ਸੋਹਣੀ ਖੇਡ ਦਾ ਪ੍ਰਦਰਸ਼ਨ ਕੀਤਾ ਸੀ।

## ਦਿਲਬਾਗ ਸਿੰਘ

ਮੋਹਨ ਸਿੰਘ ਉਰਫ ਮੋਹਣੀ ਰੁੜਕਾ ਵਾਲੇ ਜਿਹੜੇ 1966 ਦੇ ਕਰੀਬ ਪੰਜਾਬ ਦੇ ਜ਼ੋਰਾਵਰ ਕੌਡਿਆਲ ਸਨ- ਉਨ੍ਹਾਂ



ਦੀ ਵੀਰ ਹੈ। ਇਹ ਵੀ ਸੋਂਧੀ ਹੋਰਾਂ ਵਾਲੇ ਅਖਾੜੇ ਵਿਚ ਹੀ ਭਲਵਾਨਾਂ ਨੂੰ ਸਿੱਖਿਆ ਦਿੰਦਾ ਹੈ। ਬੜੇ ਠਰ੍ਹੰਮੇ ਵਾਲਾ ਮਿੱਠ ਬੋਲੜਾ ਵਿਅਕਤੀ ਹੈ। ਆਪਣੇ ਭਾਰ 'ਚ ਯੂਨੀਵਰਸਿਟੀ ਚੈਂਪੀਅਨ ਰਿਹਾ ਅਤੇ ਇਕ ਵਾਰ ਯੂਨੀਵਰਸਿਟੀ ਟੀਮ ਦੀ ਕਪਤਾਨੀ ਵੀ ਕੀਤੀ ਜਿਸ ਵਿਚ ਕਰਤਾਰ ਵੀ ਸੀ।

## ਗੁਰਚਰਨ ਸਿੰਘ ਢਿੱਲੋਂ

ਰੁਸਤਮਿ-ਹਿੰਦ ਕਰਤਾਰ ਸਿੰਘ ਅਤੇ ਸਰਵਣ ਸਿੰਘ ਦਾ ਵੀਰ ਹੈ। ਇਸਦਾ ਜਨਮ ਵੀ ਸੁਰ ਸਿੰਘ ਵਿਖੇ ਹੀ ਹੋਇਆ ਸੀ। ਉਚੇਰੀ ਵਿੱਦਿਆ ਪ੍ਰਾਪਤ ਕਰਕੇ ਭਲਵਾਨੀ ਦਾ ਕੋਚ ਲੱਗ ਗਿਆ। ਅੱਜਕਲ੍ਹ ਤਰਨਤਾਰਨ ਆਪਣੀ ਸੇਵਾ ਨਿਭਾਅ ਰਿਹਾ ਹੈ। ਬੜਾ ਹੱਸਮੁਖ, ਮਿਲਣਸਾਰ ਵਿਅਕਤੀ ਹੈ।


## ਭਜਨ ਸਿੰਘ

ਐਨ. ਆਈ. ਐਸ. ਦਾ ਕੋਚ ਹੈ, ਜਿਹੜਾ ਅੱਜਕਲ੍ਹ ਜਲੰਧਰ ਲੱਗਾ ਹੋਇਆ ਹੈ। ਆਪ ਦਾ ਜਨਮ 12-10-1950 ਨੂੰ ਖੰਨਾ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। 1966-67 'ਚ ਯੂਨੀਵਰਸਿਟੀ 'ਚੋਂ ਦੂਜੀ ਪੁਜੀਸ਼ਨ ਹਾਸਲ ਕੀਤੀ। ਲਾਲੂ ਬਾਜ਼ੀਗਰ ਅਤੇ ਰਾਮੂ ਇਸਦੇ ਉਸਤਾਦ ਸਨ। ਦੇਵ ਨੰਦ, ਰਣਜੀਤ, ਆਤਮ ਪ੍ਰਕਾਸ਼, ਪਰਮਜੀਤ ਅਤੇ ਜਗਜੀਤ ਨੈਸ਼ਨਲ ਕੋਚ ਇਸਦੇ ਕੁਝ ਕੁ ਪੱਠਿਆਂ ਵਿਚੋਂ ਹਨ।

## ਦਰਸ਼ਨ ਕੁਮਾਰ ਸੂਦ

ਆਪ ਦਾ ਜਨਮ 16-5-1945 ਨੂੰ ਲਾਇਲਪੁਰ ਵਿਖੇ ਹੋਇਆ। ਪੜ੍ਹਾਈ ਸਪੋਰਟਸ ਕਾਲਜ ਜਲੰਧਰ ਵਿਚ ਕੀਤੀ। ਬਾਕਸਿੰਗ ਅਤੇ ਭਲਵਾਨੀ ਦੋਹਾਂ 'ਚ ਨਾਂ ਪੈਦਾ ਕੀਤਾ। ਅੱਜਕਲ੍ਹ ਜਲੰਧਰ ਦੇ ਨੌਜਵਾਨਾਂ ਨੂੰ ਸਿਖਾ ਰਿਹਾ ਹੈ ਅਤੇ ਬਸਤੀ ਗੁਜ਼ਾਂ ਜਲੰਧਰ ਰਹਿ ਰਿਹਾ ਹੈ।

# ਸ਼੍ਰੋਮਣੀ ਸਾਹਿਤਕਾਰ ਜਨਾਬ ਆਜ਼ਾਦ ਜਾਲੰਧਰੀ ਦੀਆਂ ਕੁਝ ਰਚਨਾਵਾਂ



ਆਜ਼ਾਦ ਜਾਲੰਧਰੀ
(408) 258-6532

### ਮਿੱਟੀ ਦਾ ਖਿਲੌਣਾ

**ਬੈਂਤ**

ਘੜਨ ਵਾਲੇ ਦੇ ਖੇਹਲ ਅਜੀਬ ਦੇਖੇ
ਜਾਨ ਮਿੱਟੀ ਦੇ ਬਾਵੇ ਵਿਚ ਪਾ ਦਿੱਤੀ

ਪੌਣ ਜਲ ਤੇ ਅਗਨ ਆਕਾਸ਼ ਧੱਰਤੀ
ਪੰਜਾਂ ਤੱਤਾਂ ਦੀ ਕਾਇਆ ਬਣਾ ਦਿੱਤੀ

ਏਸ ਬਾਵੇ ਨੂੰ ਨੱਚਦਾ ਦੇਖਣੇ ਲਈ
ਵਿਚ ਆਪਣੀ ਜੋਤ ਬਿਠਾ ਦਿੱਤੀ

ਫਿਰਦਾ ਲਾਟੂ ਦੇ ਵਾਂਗ ਆਜ਼ਾਦ ਘੁੰਮਦਾ
ਐਸੀ ਮਾਇਆ ਦੀ ਚਾਬੀ ਲਗਾ ਦਿੱਤੀ।

**ਬੈਂਤ**

ਮਿੱਟੀ ਮਿੱਟੀ ਦੀ ਮਿੱਟੀ ਖਰਾਬ ਕਰਦੀ
ਕਦੇ ਮਿੱਟੀ ਨੂੰ ਕਰੇ ਸਲਾਮ ਮਿੱਟੀ

ਮਿੱਟੀ ਮਿੱਟੀ ਦੇ ਨਾਲ ਪਿਆਰ ਕਰਦੀ
ਕਦੇ ਮਿੱਟੀ ਨੂੰ ਕਰੇ ਬਦਨਾਮ ਮਿੱਟੀ

ਕਦੇ ਮਿੱਟੀ ਦੀ ਮਿੱਟੀ ਤਾਰੀਫ ਕਰਦੀ
ਦੇਵੇ ਮਿੱਟੀ ਨੂੰ ਕਦੇ ਇਲਜ਼ਾਮ ਮਿੱਟੀ

ਵੇਲਾ ਆਖਰੀ ਜਦੋਂ 'ਆਜ਼ਾਦ' ਆਉਂਦਾ
ਕਰਦੀ ਮਿੱਟੀ ਦੇ ਹੇਠ ਆਰਾਮ ਮਿੱਟੀ।

**ਬੈਂਤ**

ਹਸ਼ਰ ਮਿੱਟੀ ਦਾ ਜਾਣਦੇ ਲੋਕ ਜਿਹੜੇ
ਜੀਉਂਦੇ ਜੀ ਮਨ ਆਪਣਾ ਮਾਰ ਲੈਂਦੇ

ਜੀਣ ਮਰਨ ਦਾ ਉਹਨਾਂ ਨੂੰ ਫਿਕਰ ਕਾਹਦਾ
ਜਿਹੜੇ ਮੌਤ ਦਾ ਕਰ ਇਤਵਾਰ ਲੈਂਦੇ

ਫੁੱਲਾਂ ਵਾਂਗ ਨੇ ਮੈਹਕਦੇ ਜੱਗ ਅੰਦਰ
ਜਿਹੜੇ ਕੰਡਿਆਂ ਨਾਲ ਵਕਤ ਗੁਜ਼ਾਰ ਲੈਂਦੇ

ਹੋ ਗਏ ਰੱਬ ਦੇ ਕਦਮਾਂ ਦੀ ਖਾਕ ਜਿਹੜੇ
ਜੀਵਨ ਆਪਣਾ ਆਜ਼ਾਦ ਸੰਵਾਰ ਲੈਂਦੇ।

**ਬੈਂਤ**

ਕੈਹਣਾ ਮਨ ਲੈ ਮਿੱਟੀ ਦੇ ਬਾਵਿਆ ਓਏ
ਤੂੰ ਏਂ ਮਿੱਟੀ ਤੇ ਤੇਰੀ ਤਾਸੀਰ ਮਿੱਟੀ

ਜੰਮਿਆ ਮਿੱਟੀ 'ਚੋਂ ਮਿੱਟੀ ਵਿਚ ਅੰਤ ਮਿਲਨਾ
ਹੋਣਾ ਇਕ ਦਿਨ ਇਹ ਤੇਰਾ ਸਰੀਰ ਮਿੱਟੀ

ਸਾਂਭ ਸਾਂਭ ਕੇ ਰੱਖ ਤੂੰ ਲੱਖ ਭਾਵੇਂ
ਹੋਣਾ ਜਿਸਮ ਇਹ ਤੇਰਾ ਅਖੀਰ ਮਿੱਟੀ

ਸਾਈਂ ਲੋਕਾਂ ਦੀ ਦੱਸ ਔਕਾਤ ਤੇਰੀ
ਖਾ ਗਈ ਔਲੀਏ ਪੀਰ ਫਕੀਰ ਮਿੱਟੀ!

### ਗੀਤ

ਘੜਿਆ ਕਮਾਲ ਦਾ ਏ ਮਿੱਟੀ ਦਾ ਖਿਲੌਣਾ
ਆਕੜਾਂ ਦਿਖਾਲਦਾ ਏ ਮਿੱਟੀ ਦਾ ਖਿਲੌਣਾ

ਇਹਨੂੰ ਚਾਰ ਦਿਨ ਦੀ ਹਿਆਤ ਭੁਲ ਗਈ
ਘੜਿਆ ਏ ਜਿਹਨੇ ਓਹਦੀ ਜ਼ਾਤ ਭੁਲ ਗਈ
ਲੁਕਮਾ ਹੈ ਕਾਲ ਇਹ ਮਿੱਟੀ ਦਾ ਖਿਲੌਣਾ! ਆਕੜਾਂ...

ਲੋਭ ਨਾਲ ਭਰਿਆ ਏ ਭਾਂਡਾ ਕੱਚ ਦਾ
ਦੇਖ ਦੇਖ ਮਾਇਆ ਫਿਰਦਾ ਏ ਨੱਚਦਾ
ਭੁਖਾ ਧਨ ਮਾਲ ਦਾ ਏ ਮਿੱਟੀ ਦਾ ਖਿਲੌਣਾ

ਸੁਬਾਹ-ਸ਼ਾਮ ਮਾਇਆ ਪਿੱਛੇ ਫਿਰੇ ਭੱਜਿਆ
ਭਰ ਲਏ ਖਜ਼ਾਨੇ ਫੇਰ ਭੀ ਨਹੀਂ ਰੱਜਿਆ
ਦੌਲਤਾਂ ਸਮਾਹਲਦਾ ਏ ਮਿੱਟੀ ਦਾ ਖਿਲੌਣਾ। ਆਕੜਾਂ...

ਪੂਰੇ ਹੋਏ ਇਹਦੇ ਦਿਲ ਦੇ ਸਵਾਲ ਨਹੀਂ
ਜੱਗ ਛੱਡਣੇ ਦਾ ਕੋਈ ਭੀ ਖਿਆਲ ਨਹੀਂ
ਹੋਇਆ ਸੌ ਸਾਲਦਾ ਏ ਮਿੱਟੀ ਦਾ ਖਿਲੌਣਾ। ਆਕੜਾਂ...

ਕੰਬਦਾ ਸਰੀਰ ਅੱਖੀਆਂ ਚਿ ਨੂਰ ਨਹੀ
ਦਿਲ ਵਿਚ ਹਾਲੇ ਕੱਢਿਆ ਗ਼ਰੂਰ ਨਹੀ
ਵੈਰ ਪਿਆ ਪਾਲਦਾ ਏ ਮਿੱਟੀ ਦਾ ਖਿਲੌਣਾ। ਆਕੜਾਂ ...

ਹੋ ਜਾ ਤੂੰ ਭੀ ਉਠ ਕੇ ਤੈਯਾਰ ਸੱਜਣਾਂ
ਇਕ ਦਿਨ ਤੂੰ ਭੀ ਏਂ 'ਆਜ਼ਾਦ' ਭੱਜਣਾ
ਭੱਜ ਗਿਆ ਨਾਲ ਦਾ ਏ ਮਿੱਟੀ ਦਾ ਖਲੌਣਾ। ਆਕੜਾਂ...

### ਗ਼ਜ਼ਲ

ਪੱਰਬਤਾਂ ਨਾਲੋਂ ਵੀ ਭਾਰੀ ਜ਼ਿੰਦਗੀ
ਹੱਸ ਕੇ ਸਿਰ ਤੇ ਸਹਾਰੀ ਜ਼ਿੰਦਗੀ

ਜੀਣ ਦਾ ਬੇਸ਼ੱਕ ਕੋਈ ਹੀਲਾ ਨਾ ਸੀ
ਫੇਰ ਵੀ ਆਪਾਂ ਗੁਜ਼ਾਰੀ ਜ਼ਿੰਦਗੀ।

ਖੂਨ ਪਾ ਕੇ ਜਿਗਰ ਦਾ ਸਿੰਜਿਆ ਅਸੀਂ
ਜਦ ਕਦੇ ਔੜਾਂ ਨੇ ਮਾਰੀ ਜ਼ਿੰਦਗੀ।

ਔਕੜਾਂ ਨਾਲ ਖੇਲਦੀ ਏ ਜਦ ਕਦੇ
ਹੋਰ ਵੀ ਲੱਗਦੀ ਏ ਪਿਆਰੀ ਜ਼ਿੰਦਗੀ।

ਸੌਂ ਗਈ ਮਜਬੂਰੀਆਂ ਦੀ ਸੇਜ ਤੇ
ਥੱਕ ਗਈ ਏ ਹੁਣ ਬੇਚਾਰੀ ਜ਼ਿੰਦਗੀ।

ਰੱਬ ਜਾਣੇ ਇਹ ਕਦੋਂ ਮੂੰਹ ਫੇਰ ਲਏ
ਚਾਰ ਦਿਨ ਦੀ ਹੈ ਉਧਾਰੀ ਜ਼ਿੰਦਗੀ।

ਜ਼ਿੰਦਗੀ ਆਜ਼ਾਦ ਹੈ ਇਕ ਉਹ ਸਵਾਲ
ਹੱਲ ਨਾ ਹੋਇਆ ਜੋ ਸਾਰੀ ਜ਼ਿੰਦਗੀ।

# ਪੜ੍ਹਨਾ ਲਿਖਣਾ ਹੋਵੇ ਜਾਂ ਹੋਣ ਖੇਡਾਂ



ਜੁਗਿੰਦਰ ਧਾਮੀ
ਪਿੱਪਲਾਂਵਾਲੀ
530-844-0987

ਪੜ੍ਹਨਾ ਲਿਖਣਾ ਹੋਵੇ ਜਾਂ ਹੋਣ ਖੇਡਾਂ
ਯੋਗਦਾਨ ਧੀਆਂ ਨੇ ਬੜਾ ਪਾਇਆ ਏ
ਰੀਓ ਉਲੰਪਿਕ ਵਿਚ ਵੀ ਧੀਆਂ ਨੇ ਦੇਖੋ
ਕਿੰਨਾ ਮਾਣ ਤੇ ਇੱਜਤ ਵਧਾਇਆ ਏ
ਪੜ੍ਹਨਾ ਲਿਖਣਾ ਹੋਵੇ ਜਾਂ ਹੋਣ ਖੇਡਾਂ
ਯੋਗਦਾਨ ਧੀਆਂ ਨੇ ਬੜਾ ਪਾਇਆ ਏ।

ਕੁਝ ਕਰਨ ਦਾ ਦਿਲ ਵਿਚ ਜਜ਼ਬਾ ਸੀ
ਤਾਹੀਉਂ ਤਾਕਤਾਂ ਪੂਰੀਆਂ ਲਾਈਆਂ ਨੇ
ਮੈਡਲ ਜਿੱਤ ਕੇ ਜਿਹਨਾਂ ਨੇ ਕਮਾਲ ਕੀਤੀ
ਲੱਖ ਲੱਖ ਉਹਨਾਂ ਨੂੰ ਵਧਾਈਆਂ ਨੇ
ਛੋਟੀ ਉਮਰੇ ਦੇਖੋ ਜਿੱਤ ਕੇ ਮੈਡਲ
ਇਤਿਹਾਸ ਧੀਆਂ ਨੇ ਅੱਜ ਬਣਾਇਆ ਏ
ਪੜ੍ਹਨਾ-ਲਿਖਣਾ ਹੋਵੇ ਜਾਂ ਹੋਣ ਖੇਡਾਂ
ਯੋਗਦਾਨ ਧੀਆਂ ਨੇ ਬੜਾ ਪਾਇਆ ਏ।

ਇੱਥੇ ਸਲੂਟ ਮਾਪਿਆਂ ਨੂੰ ਵੀ ਬਣਦਾ ਏ
ਜਿਹਨਾਂ ਡਾਅ-ਵਾਅ ਰੱਜ ਕੇ ਲਾਈ ਏ
ਤੁਹਾਡੇ ਬੱਚਿਆਂ ਨੇ ਮਿਹਨਤਾਂ ਬਹੁਤ ਕੀਤੀਆਂ
ਤੇ ਤੁਹਾਨੂੰ ਵੀ ਬਹੁਤ ਵਧਾਈ ਏ
ਖੇਡਣ ਵਾਲਿਆਂ ਨੂੰ ਰੱਬ ਸਭ ਕੁਝ ਦੇਵੇ
ਜਿਹਨਾਂ ਸਭ ਦਾ ਮਾਣ ਵਧਾਇਆ ਏ
ਪੜ੍ਹਨਾ-ਲਿਖਣਾ ਹੋਵੇ ਜਾਂ ਹੋਣ ਖੇਡਾਂ
ਯੋਗਦਾਨ ਧੀਆਂ ਨੇ ਬੜਾ ਪਾਇਆ ਏ।

ਵੱਡੇ ਹੌਸਲੇ ਦਿਲਾਂ ਵਿਚ ਰੱਖੇ ਸੀ
ਦਮ ਮਿਹਨਤਾਂ ਦੇ ਸਦਕਾ ਪੱਕੇ ਸੀ
ਕੋਚਾਂ ਮਿਹਨਤਾਂ ਬੜੀਆਂ ਕਰਾਈਆਂ ਸੀ
ਤੇ ਤਰੀਕੇ ਖੇਡਣ ਦੇ ਸਾਰੇ ਦੱਸੇ ਸੀ
ਸਲੂਟ ਕੋਚਾਂ ਨੂੰ ਵੀ ਇੱਥੇ ਕਰਦਾ ਹਾਂ
ਜਿਹਨਾਂ ਉਲੰਪਿਕ 'ਚ ਖਿਡਾਰੀਆਂ ਨੂੰ ਪਹੁੰਚਾਇਆ ਏ
ਪੜ੍ਹਨਾ-ਲਿਖਣਾ ਹੋਵੇ ਜਾਂ ਹੋਣ ਖੇਡਾਂ
ਯੋਗਦਾਨ ਧੀਆਂ ਨੇ ਬੜਾ ਪਾਇਆ ਏ।

ਕੁਝ ਜਿੱਤ ਗਏ ਮੈਡਲ ਕੁਝ ਨਹੀਂ ਜਿੱਤੇ
ਮੈਂ ਸਲੂਟ ਸਭ ਨੂੰ ਹੀ ਕਰਦਾ ਹਾਂ
ਆਖਿਰਕਾਰ ਇਕ ਨੇ ਹੀ ਜਿੱਤਣਾ ਏ
ਧੰਨਵਾਦ ਕੋਸ਼ਿਸ਼ਾਂ ਦਾ ਕਰਦਾ ਹਾਂ
ਕਰੋ ਮਿਹਨਤਾਂ ਤੇ ਰੱਬ ਤੁਹਾਡਾ ਸਾਥ ਦੇਵੇ
ਕੁਝ ਸਾਲਾਂ 'ਚ ਉਲੰਪਿਕ ਫੇਰ ਆਇਆ ਏ
ਪੜ੍ਹਨਾ-ਲਿਖਣਾ ਹੋਵੇ ਜਾਂ ਹੋਣ ਖੇਡਾਂ
ਯੋਗਦਾਨ ਧੀਆਂ ਨੇ ਬੜਾ ਪਾਇਆ ਏ।

ਆਓ ਐਸਾ ਸਮਾਜ ਬਣਾ ਲਈਏ
ਸਕੂਲਾਂ, ਕਾਲਜਾਂ 'ਚ ਧੀਆਂ ਨੂੰ ਪਾ ਲਈਏ
ਪੜ੍ਹਨ-ਲਿਖਣ, ਖੇਡਣ 'ਚ ਇਹ ਮਾਰਨ ਮੱਲਾਂ
ਇਹ ਗੱਲ ਮਨਾਂ 'ਚ 'ਧਾਮੀ' ਵਸਾ ਲਈਏ
ਮੌਕਾ ਧੀਆਂ ਨੂੰ ਪੂਰਾ ਮਿਲੇ ਉਹੋ
ਜਿਹੜਾ ਦਿਲਾਂ 'ਚ ਉਹਨਾਂ ਵਸਾਇਆ ਏ
ਪੜ੍ਹਨਾ-ਲਿਖਣਾ ਹੋਵੇ ਜਾਂ ਹੋਣ ਖੇਡਾਂ
ਯੋਗਦਾਨ ਧੀਆਂ ਨੇ ਬੜਾ ਪਾਇਆ ਏ
ਰੀਓ ਉਲੰਪਿਕ ਵਿਚ ਵੀ ਧੀਆਂ ਨੇ ਦੇਖੋ
ਕਿੰਨਾ ਮਾਣ ਤੇ ਇੱਜ਼ਤ ਵਧਾਇਆ ਏ।

# ਗੀਤ



ਜਸਵੰਤ ਜੱਸੀ ਸ਼ੀਮਾਰ
916-293-60300

ਰੱਖਤਾ ਤੋੜ ਗਰੀਬਾਂ ਦਾ
ਮਹਿਗਾਈ ਨੇ ਤਾਂ ਲੱਕ।

ਨਾਂਹੀ ਕਾਲਾ ਧੰਨ ਆਇਆ
ਨਾਂਹ ਦਿੱਲੀਓਂ ਆਏ ਟਰੱਕ।

ਸਰਕਾਰੀ ਮਾਰੂ ਨੀਤੀਆਂ
ਬੜੇ ਲੋਕ ਚੁੱਕੇ ਨੇ ਅੱਕ।

ਭੁੱਖਾ ਮਰਦਾ ਕਿਸਾਨ ਹੈ
ਮਿਹਨਤ ਕਰ ਅਣਥੱਕ।

ਮਜ਼ਦੂਰ ਬੇਵੱਸ ਹੋ ਗਿਆ
ਹੋਰ ਬੋਝ ਹੁੰਦਾ ਨਾਂਹ ਚੱਕ।

ਮਾਂ ਦਾ ਮਚਦਾ ਕਾਲਜਾ
ਸਿਵਾ ਬਲਦਾ ਪੁੱਤ ਦਾ ਤੱਕ।

ਔਰਤ ਹੁਣ ਮਹਿਫੂਜ਼ ਨਹੀਂ
ਭਲਾ ਕੌਣ ਬਚਾਊ ਰੱਖ।

ਜੁਆਨੀ ਤਾਂ ਪੰਜਾਬ ਦੀ
ਦਿੱਤੀ ਨਸ਼ਿਆਂ ਵੱਲ ਨੂੰ ਧੱਕ।

ਚੋਣਾਂ ਵੇਲੇ ਹਰ ਵਾਰ ਹੀ
'ਜੱਸੀ' ਲੋਕੀ ਚੱਬਦੇ ਅੱਕ।

# ਗ਼ਜ਼ਲ

ਸੂਰਜ ਨੂੰ ਕੀ ਪਤਾ ਆਪਣੇ ਸੇਕ ਦਾ,
ਉਸ ਦਾ ਸੇਕ ਤਾਂ ਲੋਕ ਦੱਸਦੇ ਨੇ।

ਕੁਝ ਘਰਾਂ 'ਚ ਕੁਝ ਰੁੱਖਾਂ ਹੇਠ ਬੈਠਕੇ,
ਲੋਕ ਸੂਰਜ ਦੇ ਸੇਕ ਤੋਂ ਬਚਦੇ ਨੇ।

ਮਜ਼ਦੂਰਾਂ ਦਾ ਜੀਵਨ ਜਰਾ ਵੱਖਰਾ ਹੈ,
ਸਿਰ ਤੇ ਟੋਪੀ, ਕੰਮ ਤੇ ਸੀਨੇ ਮਚਦੇ ਨੇ।

ਸ਼ੁਕਰ ਅਜੇ ਰੱਬ ਦਾ, ਕਿ ਸੂਰਜ ਦੂਰ ਹੈ,
ਨੀਂ ਤਾਂ ਲੋਕ ਰੜ੍ਹ ਜਾਂਦੇ, ਜੋ ਹਾਲੇ ਵੱਸਦੇ ਨੇ।

ਕੁਦਰਤ ਦੇ ਅਸੂਲ ਚਾਹੇ ਚੰਗੇ ਨੇ ਪਰ,
ਕਿਤੇ ਦੁਸ਼ਮਣੀ ਕਿਤੇ ਦੁਸ਼ਮਣ ਪਲਦੇ ਨੇ।

ਬਾਕੀ ਪਸ਼ੂ-ਪੰਛੀਆਂ ਵੀ ਜੀਵਨ ਜੀਣਾ ਜੱਗ ਤੇ,
ਬੇਸ਼ੱਕ ਸੂਰਜ ਮਘਦਾ ਜਾਂ ਮਾਰੂਥਲ ਤਪਦੇ ਨੇ।

ਚੰਦ ਨੂੰ ਵੀ ਆਪਣੀ ਚਾਨਣੀ ਦਾ ਕੀ ਪਤਾ 'ਕਮਲ'
ਜਿਹੜੇ ਚਾਨਣ ਮਾਣਦੇ, ਉਹੀ ਦੱਸਦੇ ਨੇ।



-ਕਮਲ ਬੰਗਾ ਸੈਕਰਾਮੈਂਟੋ
916-897-8570

# ਪੁਸਤਕ ਸਮੀਖਿਆ

-ਗੁਰਮੀਤ ਪਲਾਹੀ

**ਪੁਸਤਕ ਦਾ ਨਾਮ :- ਦੁਸਾਂਝ ਕਲਾਂ ਦਾ ਮਾਣਮੱਤਾ ਇਤਿਹਾਸ**
**ਮੁਖ ਲੇਖਕ :- ਗਿਆਨ ਸਿੰਘ ਦੁਸਾਂਝ**
**ਸਹਿ ਲੇਖਕਾ :- ਚਰਨਜੀਤ ਕੌਰ ਦੁਸਾਂਝ**
**ਪ੍ਰਕਾਸ਼ਕ :- ਪੰਜਾਬ ਪ੍ਰਕਾਸ਼ਨ, ਜਲੰਧਰ**
**ਸਫੇ :- 365**
**ਕੀਮਤ :- 500 ਰੁਪਏ**

ਗਿਆਨ ਸਿੰਘ ਦੁਸਾਂਝ ਦੀ ਪੁਸਤਕ "ਦੁਸਾਂਝ ਕਲਾਂ ਦਾ ਮਾਣਮੱਤਾ ਇਤਿਹਾਸ", ਦੁਆਬੇ ਦੇ ਪ੍ਰਸਿੱਧ ਪਿੰਡ ਦੁਸਾਂਝ ਕਲਾਂ ਦੀ ਦਾਸਤਾਨ ਹੈ, ਇਕ ਇਹੋ ਜਿਹੀ ਨਿਵੇਕਲੀ ਦਾਸਤਾਨ, ਜੋ ਪਿੰਡ ਦੇ ਇਤਿਹਾਸਕ ਪਿਛੋਕੜ ਦੀ ਬਾਤ ਤਾਂ ਪਾਉਂਦੀ ਹੀ ਹੈ, ਪਿੰਡ ਦੇ ਵਿਕਾਸ ਦੀ ਸਦੀਆਂ ਪੁਰਾਣੀ ਕਹਾਣੀ ਵੀ ਦਰਸਾਉਂਦੀ ਹੈ।ਪਿੰਡ ਦੀ ਜੂਹ, ਪਿੰਡ ਦੇ ਸਧਾਰਨ ਲੋਕ, ਪਿੰਡ ਨੂੰ ਸਾਂਭਣ ਵਾਲੀਆਂ ਸਖਸ਼ੀਅਤਾਂ, ਨੂੰ ਗਿਆਨ ਸਿੰਘ ਦੁਸਾਂਝ ਨੇ ਖੋਜ਼ ਭਰਪੂਰ ਢੰਗ ਨਾਲ ਇਸ ਪੁਸਤਕ 'ਚ ਆਪਣੇ ਕਲਾਵੇ 'ਚ ਲਿਆ ਹੈ। ਗਿਆਨ ਸਿੰਘ ਦੁਸਾਂਝ ਆਪ ਵੀ ਇੱਕ ਸਿਰੜੀ ਸਖਸ਼ੀਅਤ ਹੈ, ਇੱਕ ਸਿਖਿਆ ਸ਼ਾਸ਼ਤਰੀ, ਪੰਜਾਬ ਦਾ ਗੁੜ੍ਹਿਆ ਰਾਜਨੀਤੀਵਾਨ, ਸਮਾਜ ਸੇਵਕ ਅਤੇ ਰੀਸਰਚ ਸਕੌਲਰ।

ਵੱਡ ਅਕਾਰੀ, ਸੁਚਿੱਤਰ, ਦੋ ਭਾਗਾਂ 'ਚ ਵੰਡੀ ਇਸ ਪੁਸਤਕ ਵਿੱਚ ਗਿਆਨ ਸਿੰਘ ਨੇ ਆਪਣੇ ਪਿੰਡ ਦੁਸਾਂਝ ਕਲਾਂ ਦੇ ਜਨਮ, ਪਿਛੋਕੜ, ਸਿੱਖ ਇਤਹਾਸ ਅਤੇ ਅਜ਼ਾਦੀ ਸੰਗਰਾਮ 'ਚ ਪਿੰਡ ਵਾਸੀਆਂ ਦੀ ਸਾਂਝ ਪਿੰਡ ਦੇ ਅਕਾਰ ਪਿੰਡ ਦੀਆਂ ਬੀਹੀਆਂ, ਪਿੰਡ ਦੇ ਦਰਵਾਜੇ, ਪਿੰਡ ਦੀਆਂ ਪੁਰਾਣੀਆਂ ਨਵੀਆਂ ਬਣੀਆਂ ਮਹੱਤਵਪੂਰਨ ਧਾਰਮਿਕ, ਸਮਾਜਿਕ ਯਾਦਗਾਰਾਂ ਤੇ ਇਨ੍ਹਾਂ ਦੇ ਪਿਛੋਕੜ 'ਤੇ ਭਰਪੂਰ ਚਾਨਣਾ ਪਾਇਆ ਹੈ। ਸਿਆਸੀ ਲਹਿਰਾਂ ਤੇ ਪਾਰਟੀਆਂ 'ਚ ਪਿੰਡ ਵਾਸੀਆਂ ਦੇ ਪਏ ਯੋਗਦਾਨ ਦਾ ਵਰਨਣ ਕਰਦਿਆਂ, ਸਥਾਨਕ ਸਰਕਾਰ/ਪੰਚਾਇਤ ਅਤੇ ਪਿੰਡ ਦੇ ਵਿਦਿਅਕ ਆਸ਼ਰਮਾਂ ਵਲੋਂ ਪਾਏ ਵੱਡੇ ਯੋਗਦਾਨ ਦਾ ਵਰਨਣ ਵੀ ਦੁਸਾਂਝ ਨੇ ਬਾਖੂਬੀ ਕੀਤਾ ਹੈ। ਅਤੇ ਪਿੰਡ ਦੇ ਸੁਧਾਰ ਲਈ ਯੋਜਨਾਵਾਂ ਪੇਸ਼ ਕੀਤੀਆਂ ਹਨ। ਪੁਸਤਕ ਦੇ ਦੂਜੇ ਭਾਗ ਵਿੱਚ ਡਾਕਟਰੀ, ਸਿਆਸਤ, ਧਾਰਮਿਕ, ਸਿੱਖਿਆ, ਸਮਾਜਕ, ਸਾਹਿਤ ਖੇਡਾਂ, ਗੀਤ ਸੰਗੀਤ, ਪ੍ਰਾਸ਼ਾਸ਼ਨ ਖੇਤੀਬਾੜੀ, ਟੈਕਨੀਕਲ ਸਾਇੰਸ ਖੇਤਰ ਵਿੱਚ ਪਿੰਡ ਦੀਆਂ ਮਹੱਤਵਪੂਰਨ ਸਖਸ਼ੀਅਤਾਂ ਵਲੋਂ ਨਿਭਾਏ ਰੋਲ ਦਾ ਵਰਨਣ ਕੀਤਾ ਹੈ। ਪੁਸਤਕ ਦੁਸਾਂਝ ਕਲਾਂ ਦਾ ਮਾਣਮੱਤਾ ਇਤਿਹਾਸ ਸਿਰਫ ਇੱਕ ਪੁਸਤਕ ਨਹੀਂ; ਸਗੋਂ ਇੱਕ ਇਹੋ ਜਿਹਾ ਖੋਜ਼ ਭਰਪੂਰ ਦਸਤਾਵੇਜ਼ ਹੈ, ਜਿਹੜਾ ਸੂਬੇ ਪੰਜਾਬ ਦੀਆਂ ਮਹੱਤਵਪੂਰਨ ਘਟਨਾਵਾਂ ਸਿਆਸੀ, ਕਿਰਤੀ, ਸਾਹਿੱਤਕ ਲਹਿਰਾਂ ਦਾ ਵਰਨਣ ਵੀ ਆਪਣੇ ਆਪ 'ਚ ਸਮੇਟੀ ਬੈਠਾ ਹੈ।

ਪਿੰਡ ਦੇ ਕਿਸੇ ਸਿਆਸੀ ਕਿਰਤੀ ਕਾਰਕੁਨ ਦੀ ਸਖਸ਼ੀਅਤ ਦਾ ਵਰਨਣ ਕਰਦਾ ਕਰਦਾ ਲੇਖਕ, ਉਸ ਲਹਿਰ ਅਤੇ ਉਸ ਲਹਿਰ ਦੇ ਰਾਸ਼ਟਰੀ ਆਗੂਆਂ ਦੇ ਰੋਲ ਨੂੰ ਵੀ ਵਰਨਣ ਕਰੀ ਜਾਂਦਾ ਹੈ। ਇਹ ਪੁਸਤਕ ਕਹਿਣ ਨੂੰ ਤਾਂ ਭਾਵੇਂ ਇੱਕ ਪਿੰਡ ਦੀ ਕਹਾਣੀ ਜਾਪਦੀ ਹੈ, ਪਰ ਅਸਲ ਅਰਥਾਂ ਵਿੱਚ ਸੂਬੇ ਪੰਜਾਬ ਦੀਆਂ ਉਨ੍ਹਾਂ ਸਾਰੀਆਂ ਘਟਨਾਵਾਂ, ਲਹਿਰਾਂ ਦਾ ਇਤਿਹਾਸ ਵੀ ਆਪਣੇ ਆਪ'ਚ ਸਮੋਈ ਬੈਠੀ ਹੈ, ਜਿਨ੍ਹਾਂ ਘਟਨਾਵਾਂ, ਲਹਿਰਾਂ ਨੇ ਸਮੇਂ ਸਮੇਂ ਪੰਜਾਬ ਦੀ ਸਥਿਤੀ ਨੂੰ ਪ੍ਰਭਾਵਤ ਕੀਤਾ।

ਗਿਆਨ ਸਿੰਘ ਦੁਸਾਂਝ ਅਤੇ ਚਰਨਜੀਤ ਕੌਰ ਦੁਸਾਂਝ ਦੀ ਪੁਸਤਕ ਦੁਸਾਂਝ ਦਾ ਮਾਣਮੱਤਾ ਇਤਹਾਸ, ਇੱਕ ਪੜ੍ਹਨ ਤੇ ਸਾਂਭਣ ਯੋਗ ਪੁਸਤਕ ਹੈ। ਸਾਦਾ ਬੋਲੀ 'ਚ ਲਿਖੀ ਪੁਸਤਕ, ਨੂੰ ਰੋਚਕ, ਅਤੇ ਗਿਆਨ ਭਰਪੂਰ ਬਨਾਉਣ ਲਈ ਲੋਕ ਕਹਾਵਤਾਂ, ਗੁਰਬਾਣੀ ਦੀਆਂ ਤੁਕਾਂ ਅਤੇ ਪੰਜਾਬੀ ਦੇ ਕਵੀਆਂ ਦੀਆਂ ਤੁਕਾਂ ਦਾ ਸਹਾਰਾ ਲੈਣ ਤੋਂ ਲੇਖਕ ਨੇ ਸੰਕੋਚ ਨਹੀਂ ਕੀਤਾ। ਉਸ ਵਲੋਂ ਲਿਖੀ ਵਾਰਤਕ ਦੇ ਕੁਝ ਅੰਸ਼ ਵੇਖੋ:- "ਮੁੰਡੇ ਮਰ ਗਏ ਕਮਾਈਆਂ ਕਰਦੇ, ਅਜੇ ਤੇਰੇ ਬੰਦ ਨਾ ਬਣੇ" "ਪਿੰਡ ਵਿੱਚ 1926 ਵਿੱਚ ਕਿਰਤੀ ਪਾਰਟੀ ਅਤੇ 1936 ਵਿੱਚ ਭਾਰਤੀ ਕਮਿਊਨਿਸਟ ਪਾਰਟੀ (ਸੀ. ਪੀ. ਆਈ) ਦੀ ਕਾਇਮੀ ਨਾਲ ਦੇਸ਼ ਦੀ ਅਜ਼ਾਦੀ ਵਾਸਤੇ ਕੁਰਬਾਨੀਆਂ ਕਰਨ ਵਾਲੇ ਕਾਫਲੇ ਵਿੱਚ ਦੇਸ਼ ਭਗਤਾਂ ਦਾ ਬਹੁਤ ਵਾਧਾ ਹੋ ਗਿਆ"।

"ਪਿੰਡ ਵਿੱਚ ਕਾਂਗਰਸ ਪਾਰਟੀ ਦੀ ਬੁਨਿਆਦ 1919 ਵਿਚ ਲਾਲਾ ਹੁਕਮ ਚੰਦ ਨੇ ਰੱਖੀ। ਇਸ ਪਾਰਟੀ ਨੇ 1920- 1922 ਦੀ ਨਾ ਮਿਲਵਰਤਨ ਲਹਿਰ, 1931 ਦੀ ਸਿਵਿਲ ਨਾ ਫੁਆਨੀ ਦੀ ਲਹਿਰ ਅਤੇ 1942 ਦੇ ਅੰਗਰੇਜੋ ਭਾਰਤ ਛੋੜ ਦੋ" ਅੰਦੋਲਨ ਦੌਰਾਨ ਸਰਗਰਮੀ ਜਾਰੀ ਰੱਖੀ"

"ਜਦ 1976 ਵਿੱਚ ਇਸਤਰੀ ਆਗੂ ਚਰਨਜੀਤ ਕੌਰ ਦੁਸਾਂਝ ਨੇ ਪੰਜਾਬ ਇਸਤਰੀ ਸਭਾ ਦੀ ਲਾਸਾਨੀ ਕਾਨਫਰੰਸ ਦੁਸਾਂਝ ਕਲਾਂ ਵਿਚ ਜਥੇਬੰਦ ਕੀਤਾ ਤਾਂ ਪ੍ਰਧਾਨਗੀ ਮੰਡਲ ਵਿਚ ਮਾਤਾ ਚੰਨਣ ਕੌਰ ਵੀ ਸ਼ਸ਼ੋਭਿਤ ਸਨ"।




"ਪਲੇਗ ਦਾ ਤੀਜਾ ਹਮਲਾ 1901 ਤੋਂ 1902 ਤੱਕ ਅਤੇ ਚੌਥਾ ਹਮਲਾ 1903 ਤੋਂ 1904 ਤੱਕ ਹੋਇਆ ਗਿਆਨੀ ਜੀ ਦੱਸਦੇ ਸਨ ਕਿ ਦੁਸਾਂਝ ਕਲਾਂ ਦੇ ਸਿਵਿਆਂ ਵਿਚ ਕਿਸੇ, ਦਿਨ ਮੁਰਦਿਆਂ ਦਾ ਸਸਕਾਰ ਕਰਨ ਨੂੰ ਥਾਂ ਨਹੀਂ ਮਿਲਦਾ ਸੀ"।

ਗਿਆਨ ਸਿੰਘ ਦੁਸਾਂਝ ਅਤੇ ਚਰਨਜੀਤ ਕੌਰ ਦੁਸਾਂਝ ਦੀ ਇਹ ਪੁਸਤਕ ਖੋਜ਼ੀਆਂ ਲਈ ਪੱਥ ਪ੍ਰਦਸ਼ਕ ਅਤੇ ਹੋਰ ਪਿੰਡਾਂ ਦੇ ਲੋਕਾਂ ਲਈ ਰਾਹ ਦਸੇਰਾ ਹੋ ਸਕਦੀ ਹੈ।



# ਬਾਲੀਵੁੱਡ ਕਲਾਕਾਰ: ਕਿਸੇ ਨੇ ਨਹੀਂ ਕੀਤਾ ਵਿਆਹ ਅਤੇ ਕਿਸੇ ਦੇ ਨਹੀਂ ਹੋਏ ਬੱਚੇ

**51 ਸਾਲ ਦੇ ਹੋ ਚੁੱਕੇ ਸਲਮਾਨ ਖਾਨ ਨੇ ਹਾਲ ਹੀ ਵਿਚ ਕਿਹਾ ਹੈ ਕਿ ਉਹਨਾਂ ਨੇ ਆਪਣੇ ਜੀਵਨ 'ਚ ਨਾ ਤਾਂ ਵਿਆਹ ਕੀਤਾ ਅਤੇ ਨਾ ਹੀ ਸਰੀਰਕ ਸਬੰਧ ਬਣਾਏ। ਵੈਸੇ ਸਲਮਾਨ ਬਾਲੀਵੁੱਡ ਵਿਚ ਇਕੱਲਾ ਅਜਿਹਾ ਕਲਾਕਾਰ ਨਹੀਂ, ਜਿਸਦਾ ਵਿਆਹ ਨਹੀਂ ਹੋਇਆ। ਅਜਿਹੇ ਕਈ ਕਲਾਕਾਰ ਹਨ, ਜਿਹਨਾਂ ਨੇ ਹੁਣ ਤੱਕ ਵਿਆਹ ਨਹੀਂ ਕਰਵਾਇਆ। ਇੰਨਾ ਹੀ ਨਹੀਂ ਕਈ ਬਾਲੀਵੁੱਡ ਕਲਾਕਾਰ ਤਾਂ ਅਜਿਹੇ ਵੀ ਹਨ, ਜਿਹਨਾਂ ਦਾ ਵਿਆਹ ਤਾਂ ਹੋ ਚੁੱਕਾ ਹੈ ਪਰ ਬੱਚੇ ਨਹੀਂ ਹੋਏ।**



### ਸਾਕਸ਼ੀ ਤੰਵਰ

43 ਸਾਲ ਦੀ ਹੋ ਚੁੱਕੀ ਸਾਕਸ਼ੀ ਹੁਣ ਵੀ ਸਿੰਗਲ ਹੈ। ਹਾਲਾਂਕਿ ਕਈ ਵਾਰ ਉਹਨਾਂ ਦੇ ਲਿੰਕਅਪਸ ਅਤੇ ਵਿਆਹ ਦੀਆਂ ਖਬਰਾਂ ਵੀ ਆਈਆਂ ਹਨ ਪਰ ਬਾਅਦ ਵਿਚ ਖਬਰਾਂ ਕੇਵਲ ਅਫਵਾਹ ਨਿਕਲੀਆਂ ਹਨ। ਸਾਕਸ਼ੀ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਦੂਰਦਰਸ਼ਨ ਦੇ ਇਕ ਸੌਂਗ ਬੇਸਡ ਸ਼ੋਅ 'ਅਲਬੇਲਾ ਸੁਰ ਮੇਲਾ' ਦੇ ਜ਼ਰੀਏ ਕੀਤੀ ਸੀ। ਇਸ ਦੇ ਲਈ ਉਹਨਾਂ ਨੇ ਬਕਾਇਦਾ ਆਡੀਸ਼ਨ ਵੀ ਦਿੱਤਾ ਸੀ। ਜਲਦੀ ਹੀ ਉਹ ਆਮਿਰ ਖਾਨ ਦੀ ਫਿਲਮ 'ਦੰਗਲ' ਵਿਚ ਵੀ ਦਿਖਾਈ ਦੇਵੇਗੀ।



### ਦਲੀਪ ਕੁਮਾਰ ਅਤੇ ਸਾਇਰਾ ਬਾਨੋ

ਬਾਲੀਵੁੱਡ ਦੇ ਟ੍ਰੇਜਡੀ ਕਿੰਗ ਦਲੀਪ ਕੁਮਾਰ ਅਤੇ ਸਾਇਰਾ ਬਾਨੋ ਦਾ ਕੋਈ ਬੱਚਾ ਨਹੀਂ ਹੈ। ਦੋਵਾਂ ਦੇ ਵਿਆਹ ਨੂੰ 50 ਸਾਲ (1966) ਹੋ ਗਏ ਹਨ ਪਰ ਘੱਟ ਹੀ ਲੋਕਾਂ ਨੂੰ ਪਤਾ ਹੋਵੇਗਾ ਕਿ ਉਹ ਪਿਤਾ ਕਿਉਂ ਨਹੀਂ ਬਣ ਸਕੇ। ਇਸਦਾ ਜਵਾਬ ਉਹਨਾਂ ਨੇ ਆਪਣੀ ਸਵੈ-ਜੀਵਨੀ 'ਦਾ ਸਬਰਸਟਾਂਸ ਐਂਡ ਦਾ ਸ਼ੈਡੋ' ਵਿਚ ਦਿੱਤਾ ਸੀ। ਬੁੱਕ ਵਿਚ ਦਲੀਪ ਕੁਮਾਰ ਨੇ ਕਿਹਾ ਹੈ, ਸਚਾਈ ਇਹ ਹੈ ਕਿ 1972 ਵਿਚ ਸਾਇਰਾ ਪਹਿਲੀ ਵਾਰ ਗਰਭਵਤੀ ਹੋਈ। ਇਹ ਬੇਟਾ ਸੀ। 8 ਮਹੀਨੇ ਦੀ ਪ੍ਰੈਗਨੈਂਸੀ ਵਿਚ ਸਾਇਰਾ ਨੂੰ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਹੋਈ। ਇਸ ਦੌਰਾਨ ਪੂਰਨ ਤੌਰ ਤੇ ਵਿਕਸਤ ਹੋ ਚੁੱਕੇ ਭਰੂਣ ਨੂੰ ਬਚਾਉਣ ਦੇ ਲਈ ਸਰਜਰੀ ਕਰਨਾ ਸੰਭਵ ਨਹੀਂ ਸੀ ਅਤੇ ਦਮ ਘੁਟਣ ਕਾਰਨ ਬੱਚੇ ਦੀ ਮੌਤ ਹੋ ਗਈ। ਦਲੀਪ ਦੀ ਮੰਨੀਏ ਤਾਂ ਇਸ ਘਟਨਾ ਤੋਂ ਬਾਅਦ ਸਾਇਰਾ ਕਦੀ ਗਰਭਵਤੀ ਨਹੀਂ ਹੋਈ।



### ਅਮਿਸ਼ਾ ਪਟੇਲ

ਸਾਲ 2000 ਵਿਚ ਆਈ ਫਿਲਮ 'ਕਹੋ ਨਾ ਪਿਆਰ ਹੈ' ਤੋਂ ਬਾਲੀਵੁੱਡ ਵਿਚ ਐਂਟਰੀ ਲਈ। ਇਸ ਤੋਂ ਬਾਅਦ 'ਗਦਰ: ਇਕ ਪ੍ਰੇਮ ਕਥਾ ਅਤੇ ਰੇਸ-2' ਵਰਗੀਆਂ ਕੁਝ ਸਫਲ ਫਿਲਮਾਂ ਵਿਚ ਵੀ ਕੰਮ ਕੀਤਾ। ਫਿਲਮਕਾਰ ਵਿਕਰਮ ਭੱਟ ਦੇ ਨਾਲ ਉਹਨਾਂ ਦੇ ਅਫੇਅਰ ਦੀਆਂ ਖਬਰਾਂ ਮੀਡੀਆ ਵਿਚ ਖੂਬ ਆਈਆਂ। 41 ਸਾਲ ਦੀ ਹੋ ਚੁੱਕੀ ਅਮੀਸ਼ਾ ਬਾਰੇ ਸਾਲ 2013 ਵਿਚ ਖਬਰ ਆਈ ਸੀ ਕਿ ਉਹ ਆਪਣੇ ਬਿਜਨਸ ਪਾਰਟਨਰ ਕ੍ਰਿਣਾਲ ਗੁਮਰ ਨੂੰ ਡੇਟ ਕਰ ਰਹੀ ਹੈ।



### ਅਨੁਪਮ ਖੇਰ- ਕਿਰਨ ਖੇਰ

ਅਨੁਪਮ ਖੇਰ ਨੇ ਅਭਿਨੇਤਰੀ ਕਿਰਨ ਠਾਕੁਰ ਸਿੰਘ ਨਾਲ 1985 ਵਿਚ ਵਿਆਹ ਕੀਤਾ ਸੀ। ਹਾਲਾਂਕਿ ਜਦੋਂ ਅਨੁਪਮ ਨੇ ਕਿਰਨ ਨਾਲ ਵਿਆਹ ਕੀਤਾ ਸੀ ਤਾਂ ਉਹ ਤਲਾਕਸ਼ੁਦਾ ਅਤੇ ਇਕ ਲੜਕੇ ਦੀ ਮਾਂ ਸੀ। ਅਨੁਪਮ ਅਤੇ ਕਿਰਨ ਖੇਰ ਦੇ ਵਿਆਹ ਨੂੰ 31 ਸਾਲ ਹੋ ਗਏ ਹਨ ਪਰ ਉਹਨਾਂ ਦੀ ਆਪਣੀ ਕੋਈ ਔਲਾਦ ਨਹੀਂ ਹੈ।

### ਕਰਨ ਜੌਹਰ



ਅਕਸਰ ਆਪਣੇ ਬਿਆਨਾਂ ਕਾਰਨ ਸੁਰਖੀਆਂ ਵਿਚ ਰਹਿਣ ਵਾਲੇ ਪ੍ਰੋਡਿਊਸਰ-ਡਾਇਰੈਕਟਰ ਕਰਨ ਜੌਹਰ ਨੇ ਵੀ ਹੁਣ ਤੱਕ ਵਿਆਹ ਨਹੀਂ ਕੀਤਾ ਹੈ। ਕਰਨ ਨੇ 'ਕਭੀ ਖੁਸ਼ੀ ਕਭੀ ਗਮ, ਕਭੀ ਅਲਵਿਦਾ ਨਾ ਕਹਿਨਾ ਅਤੇ 'ਮਾਈ ਨੇਮ ਇਜ਼ ਖਾਨ' ਵਰਗੀਆਂ ਫਿਲਮਾਂ ਬਣਾਈਆਂ ਹਨ। ਕਰਨ

### ਸਲੀਮ ਅਤੇ ਹੈਲਨ



ਵਿਆਹ ਅਤੇ ਚਾਰ ਬੱਚੇ (ਸਲਮਾਨ ਖਾਨ, ਅਰਬਾਜ ਖਾਨ, ਸੋਹੇਲ ਖਾਨ ਅਤੇ ਅਲਵਿਰਾ ਖਾਨ) ਹੋਣ ਦੇ ਬਾਵਜੂਦ ਮਸ਼ਹੂਰ ਰਾਈਟਰ ਸਲੀਮ ਖਾਨ ਨੇ 1981 ਵਿਚ ਹੈਲਲ ਨੂੰ ਆਪਣੀ ਦੂਜੀ ਪਤਨੀ ਦੇ ਰੂਪ ਵਿਚ ਸਵੀਕਾਰ ਕੀਤਾ ਸੀ। ਵਿਆਹ ਨੂੰ 35 ਸਾਲ ਹੋ ਚੁੱਕੇ ਹਨ ਪਰ ਇਹਨਾਂ ਦਾ ਕੋਈ ਵੀ ਬੱਚਾ ਨਹੀਂ ਹੋਇਆ। ਹਾਲਾਂਕਿ ਹੈਲਲ ਅਤੇ ਸਲੀਮ ਨੇ ਅਰਪਿਤਾ ਨੂੰ ਗੋਦ ਲਿਆ ਹੈ।



### ਏਕਤਾ ਕਪੂਰ

ਏਕਤਾ ਕਪੂਰ ਨੇ ਵੀ ਹੁਣ ਤੱਕ ਵਿਆਹ ਨਹੀਂ ਕੀਤਾ ਹੈ। ਏਕਤਾ ਨੇ ਟੈਲੀਵਿਜ਼ਨ ਅਤੇ ਫਿਲਮ ਪ੍ਰੋਡਕਸ਼ਨ ਦੇ ਖੇਤਰ ਵਿਚ ਮਹਾਰਤ ਹਾਸਲ ਕੀਤੀ ਹੈ। ਕਸੌਟੀ ਜ਼ਿੰਦਗੀ ਕੀ, ਕਹਾਨੀ ਘਰ ਘਰਕੀ ਵਰਗੇ ਟੀ. ਵੀ. ਸ਼ੋਅ ਅਤੇ ਰਾਗਿਨੀ ਐਮ. ਐਮ. ਐਸ., ਦਾ ਡਰਟੀ ਪਿਕਚਰ, ਲੁ-ਟੇਰਾ ਵਰਗੀਆਂ ਫਿਲਮਾਂ ਵੀ ਪ੍ਰੋਡਿਊਸ ਕੀਤੀਆਂ ਹਨ। ਪਰ 40 ਪਾਰ ਹੋ ਚੁੱਕੀ ਬਾਲੀਵੁੱਡ ਦੀ ਇਹ ਟੌਪ ਕਲਾਸ ਪ੍ਰੋਡਿਊਸਰ ਕਦੋਂ ਵਿਆਹ ਕਰੇਗੀ, ਇਸਦਾ ਜਵਾਬ ਸ਼ਾਇਦ ਏਕਤਾ ਹੀ ਦੇ ਸਕਦੀ ਹੈ।



### ਆਸ਼ਾ ਪਾਰੇਖ

ਆਸ਼ਾ ਬਾਲੀਵੁੱਡ ਦੀਆਂ ਉਹਨਾਂ ਅਭਿ-ਨੇਤਰੀਆਂ ਵਿਚੋਂ ਇਕ ਹੈ ਜਿਹਨਾਂ ਨੇ ਕਦੀ ਵਿਆਹ ਨਹੀਂ ਕੀਤਾ। ਉਹਨਾਂ ਬਾਰੇ ਕਿਹਾ ਜਾਂਦਾ ਹੈ ਕਿ ਕਦੀ ਉਹ ਡਾਇਰੈਕਟਰ ਨਾਸਿਰ ਹੁਸੈਨ ਦੇ ਬੇਹੱਦ ਕਰੀਬ ਸੀ। ਕੁਝ ਸਾਲ ਪਹਿਲਾਂ ਇਕ ਇੰਟਰਵਿਊ ਵਿਚ ਆਸ਼ਾ ਪਾਰੇਖ ਨੇ ਇਸ ਗੱਲ ਦਾ ਖੁਲਾਸਾ ਕੀਤਾ ਸੀ ਕਿ ਉਹਨਾਂ ਦਾ ਇਕ ਬੁਆਏ ਫਰੈਂਡ ਰਿਹਾ ਸੀ, ਪਰ ਉਹਨਾਂ ਨੇ ਆਪਣੇ ਨਿੱਜੀ ਜੀਵਨ ਬਾਰੇ ਇਸ ਤੋਂ ਜ਼ਿਆਦਾ ਦੱਸਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦੌਰਾਨ ਉਹਨਾਂ ਨੇ ਇਹ ਵੀ ਕਿਹਾ ਸੀ ਕਿ ਉਹਨਾਂ ਨੇ ਨਾਸਿਰ ਹੁਸੈਨ ਨੂੰ ਆਪਣੇ ਜੀਵਨ ਦੇ ਆਖਰੀ ਸਾਲਾਂ ਵਿਚ ਦੇਖਿਆ ਸੀ, ਕਿਉਂਕਿ ਪਤਨੀ ਦੀ ਮੌਤ ਤੋਂ ਬਾਅਦ ਉਹ ਇਕਾਂਤ ਵਿਚ ਰਹਿਣ ਲੱਗੇ ਸਨ। ਹਾਲਾਂਕਿ ਆਸ਼ਾ ਮੁਤਾਬਕ ਸਾਲ 2002 ਵਿਚ ਉਹਨਾਂ ਦੇ ਦੇਹਾਂਤ ਤੋਂ ਇਕ ਦਿਨ ਪਹਿਲਾਂ ਹੀ ਉਹਨਾਂ ਦੀ ਨਾਸਿਰ ਨਾਲ ਗੱਲਬਾਤ ਹੋਈ ਸੀ।



### ਨਗਮਾ

90 ਦੇ ਦਹਾਕੇ ਵਿਚ ਫਿਲਮ 'ਬਾਗੀ: ਅ ਰਿਬੇਲ ਫਾਰ ਲਵ' ਤੋਂ ਬਾਲੀਵੁੱਡ ਵਿਚ ਐਂਟਰੀ ਕਰਨ ਵਾਲੀ ਨੰਦਿਤਾ ਮੋਰਾਰਜੀ ਉਰਫ ਨਗਮਾ 41 ਸਾਲ ਦੀ ਹੋ ਚੁੱਕੀ ਹੈ। ਬਾਲੀਵੁੱਡ ਦੇ ਨਾਲ-ਨਾਲ ਤਮਿਲ, ਤੇਲਗੂ ਅਤੇ ਭੋਜਪੁਰੀ ਸਿਨੇਮਾ ਵਿਚ ਆਪਣੀ ਪਛਾਣ ਬਣਾ ਚੁੱਕੀ ਨਗਮਾ ਨੇ ਹੁਣ ਤੱਕ ਵਿਆਹ ਨਹੀਂ ਕੀਤਾ ਹੈ। ਸਾਬਕਾ ਕ੍ਰਿਕਟਰ ਸੌਰਵ ਗਾਂਗੁਲੀ ਦੇ ਨਾਲ ਉਹਨਾਂ ਦੀ ਪ੍ਰੇਮ ਕਹਾਣੀ ਮੀਡੀਆ ਵਿਚ ਇਕ ਵਕਤ ਖੂਬ ਚਰਚਾ ਵਿਚ ਰਹੀ। ਇਸ ਤੋਂ ਇਲਾਵਾ ਕਥਿਤ ਤੌਰ ਤੇ ਭੋਜਪੁਰੀ ਐਕਟਰ ਰਵੀ ਕਿਸ਼ਨ ਨਾਲ ਵੀ ਉਹਨਾਂ ਦਾ ਨਾਂ ਜੁੜ ਚੁੱਕਾ ਹੈ।

### ਅਨੁ ਅਗਰਵਾਲ



1999 ਵਿਚ ਇਕ ਸੜਕ ਦੁਰਘਟਨਾ ਨੇ ਅਨੁ ਦੇ ਜੀਵਨ ਦਾ ਰੁਖ ਹੀ ਬਦਲ ਦਿੱਤਾ। ਇਸ ਹਾਦਸੇ ਨੇ ਨਾ ਸਿਰਫ ਉਹਨਾਂ ਦੀ ਯਾਦਾਸ਼ਤ ਨੂੰ ਪ੍ਰਭਾ;ਵਿਤ ਕੀਤਾ, ਬਲਕਿ ਚੱਲਣ-ਫਿਰਨ ਦੇ ਅਸਮਰੱਥ ਕਰ ਦਿੱਤਾ। ਅਨੁ 29 ਦਿਨ ਦੇ ਕੋਮਾ ਤੋਂ ਬਾਅਦ ਹੋਸ਼ ਵਿਚ ਆਈ, ਤਾਂ ਖੁਦ ਦੇ ਨਾਲ ਆਪਣੀ ਭਾਸ਼ਾ ਵੀ ਭੁੱਲ ਚੁੱਕੀ ਸੀ। ਸਰੀਰ ਦਾ ਹੇਠਲਾ ਹਿੱਸਾ ਪੈਰਾਲਾਈਜ਼ਡ ਸੀ। ਹਾਲਾਂਕਿ ਲੰਮੇ ਇਲਾਜ ਤੋਂ ਬਾਅਦ ਉਹ ਠੀਕ ਹੋ ਗਈ। ਦੋਸਤਾਂ ਅਤੇ ਪਰਿਵਾਰ ਦੇ ਮੈਂਬਰਾਂ ਦੀ ਮਦਦ ਨਾਲ ਦੁਬਾਰਾ ਅੰਗਰੇਜ਼ੀ ਅਤੇ ਫਿਰ ਹਿੰਦੀ ਸਿੱਖ ਲਈ। ਅੱਜਕਲ੍ਹ ਉਹ ਬਿਹਾਰ ਦੇ ਮੁੰਗੇਰ ਵਿਚ ਬੱਚਿਆਂ ਨੂੰ ਯੋਗਾ ਸਿਖਾਉਂਦੀ ਹੈ। ਅਨੁ ਨੇ ਵਿਆਹ ਨਹੀਂ ਕੀਤਾ।



### ਸੁਲਕਸ਼ਣਾ ਪੰਡਿਤ

ਸੁਲਕਸ਼ਣਾ ਪੰਡਿਤ ਨੇ ਵੀ ਵਿਆਹ ਨਹੀਂ ਕੀਤਾ ਹੈ। 1975 ਵਿਚ ਸੰਜੀਵ ਕੁਮਾਰ ਦੇ ਨਾਲ ਫਿਲਮ 'ਉਲਝਨ' ਤੋਂ ਅਭਿਨੇਤਰੀ ਅਤੇ ਸਿੰਗਰ ਸੁਲਕਸ਼ਣਾ ਪੰਡਤ ਨੇ ਆਪਣਾ ਐਕਟਿੰਗ ਕੈਰੀਅਰ ਆਰੰਭ ਕੀਤਾ ਸੀ। ਇਸੇ ਫਿਲਮ ਦੇ ਨਾਲ ਹੀ ਉਹ ਸੰਜੀਵ ਕੁਮਾਰ ਨੂੰ ਦਿਲ ਦੇ ਬੈਠੀ ਸੀ। ਸੰਜੀਵ ਕੁਮਾਰ ਨੂੰ ਉਹਨਾਂ ਨੇ ਵਿਆਹ ਦਾ ਪ੍ਰਸਤਾਵ ਰੱਖਿਆ ਸੀ ਪਰ ਉਦੋਂ ਹੇਮਾ ਮਾਲਿਨੀ ਦੁਆਰਾ ਉਹਨਾਂ ਦੇ ਵਿਆਹ ਦਾ ਪ੍ਰਸਤਾਵ ਠੁਕਰਾ ਦੇਣ ਦੇ ਕਾਰਨ ਸੰਜੀਵ ਮਾੜੇ ਦੌਰ ਵਿਚੋਂ ਲੰਘ ਰਹੇ ਸਨ ਅਤੇ ਉਹਨਾਂ ਨੇ ਸੁਲਕਸ਼ਣਾ ਦਾ ਪ੍ਰਸਤਾਵ ਠੁਕਰਾ ਦਿੱਤਾ ਸੀ। ਇਸ ਸਦਮੇ ਨੂੰ ਉਹ ਬਰਦਾਸ਼ਤ ਨਾ ਕਰ ਸਕੀ ਅਤੇ ਆਪਣਾ ਮਾਨਸਿਕ ਸੰਤੁਲਨ ਗੁਆ ਬੈਠੀ।



### ਜਾਵੇਦ ਅਖਤਰ- ਸ਼ਬਾਨਾ ਆਜਮੀ

ਜਾਵੇਦ ਅਖਤਰ ਅਤੇ ਸ਼ਬਾਨਾ ਆਜਮੀ ਨੇ 32 ਸਾਲ ਪਹਿਲਾਂ 1984 ਵਿਚ ਵਿਆਹ ਕਰਵਾਇਆ ਸੀ ਪਰ ਇਹਨਾਂ ਦੀ ਕੋਈ ਔਲਾਦ ਨਹੀਂ ਹੈ। ਹਾਲਾਂਕਿ ਜਾਵੇਦ ਅਖਤਰ, ਜੋਇਆ ਅਤੇ ਫਰਹਾਨ ਅਖਤਰ ਦੇ ਪਿਤਾ ਹਨ, ਜੋ ਉਹਨਾਂ ਦੀ ਪਹਿਲੀ ਪਤਨੀ ਹਨੀ ਇਰਾਨੀ ਦੇ ਬੱਚੇ ਹਨ।



ਸ੍ਰੀ ਗੁਰੂ ਰਵਿਦਾਸ ਜੀ

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ

## ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ, ਜਥਾ ਕਰਨਗੇ ਸ਼ਬਦ ਗਾਇਨ

ਸਿੱਖ ਪੰਥ ਦਾ ਪ੍ਰਸਿੱਧ ਰਾਗੀ ਜਥਾ
ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ
11 ਸਤੰਬਰ 2016 (ਦਿਨ ਐਤਵਾਰ) ਨੂੰ
ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ)
ਵਿਖੇ ਰਸ ਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ
ਕਰਨਗੇ। ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ
ਸਤਿਕਾਰਯੋਗ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ
ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ੁਭ ਅਵਸਰ
'ਤੇ ਆਪ ਆਪਣੇ ਪਰਿਵਾਰਕ ਮੈਂਬਰਾਂ ਨਾਲ ਹਾਜ਼ਰੀਆਂ
ਲਗਵਾ ਕੇ ਰਸ-ਭਿੰਨਾ ਸ਼ਬਦ ਸਰਵਣ ਕਰੋ ਜੀ।



ਭਾਈ ਹਰਜਿੰਦਰ ਸਿੰਘ ਜੀ (ਸ੍ਰੀਨਗਰ ਵਾਲੇ)

ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

ਫਕੀਰਾ (ਰਮੇਸ਼) ਮਹਿਮੀ
(925) 698-1341

ਦਿਲਬਾਗ ਸਿੰਘ
(209) 834- 4641

## SRI GURU RAVIDASS TEMPLE PITTSBARG (CA)

## 2150 CRESTVIEW DRIVE, PITTSBURG, CA 94565

---

ੴ ਸਤਿਗੁਰ ਪ੍ਰਸਾਦਿ

# BABA BUDHA JI

## SIKH TEMPLE

**4757 Olivehurst Ave. Olivehurst, Ca 95961 Ph. (530) 790-5209**

ਗੁਰਦੁਆਰਾ ਸਾਹਿਬ ਬਾਬਾ ਬੁੱਢਾ ਜੀ,
4757 ਓਲਿਵਹਰਸਟ ਐਵਿਨਿਊ, ਓਲਿਵਹਰਸਟ (ਕੈਲੇਫੋਰਨੀਆ)
ਵਿਖੇ ਗੁਰੂ ਘਰ ਦੇ ਸ਼ਰਧਾਲੂ ਸ. ਮਨਜੀਤ ਸਿੰਘ ਝੱਜ ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ
ਯਾਦਵਿੰਦਰ ਕੌਰ ਤੇ ਸਮੂਹ ਪਰਿਵਾਰ ਆਪਣੀ ਬੇਟੀ ਪ੍ਰਭਲੀਨ ਕੌਰ ਦਾ ਪੰਜਵਾਂ ਜਨਮ ਦਿਨ
23 ਅਕਤੂਬਰ 2016 ਦਿਨ ਐਤਵਾਰ ਨੂੰ ਮਨਾਏਗਾ।
ਸਮੂਹ ਪਰਿਵਾਰ ਵੱਲੋਂ ਜਲਦੀ ਹੀ ਸੱਦਾ ਪੱਤਰ ਭੇਜੇ ਜਾ ਰਹੇ ਹਨ।

**ਬੇਨਤੀ ਕਰਤਾ**

ਸ. ਮਨਜੀਤ ਸਿੰਘ ਝੱਜ ਸ੍ਰੀਮਤੀ ਯਾਦਵਿੰਦਰ ਕੌਰ

**ਫੋਨ. (510) 209-9152**

---



# L.A. MERCHANDISE

**Whole Sale +Retail**

## 500 N. Palora Ave. Yuba City, CA 95991

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।



**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

**Bio Bidet Elite**
**$ 39.99+Tax**
**(Smart Loto)**

**Red Label Tea**
**900 Gm $ 3.99**

**530-671-0439, Fax 530-822-0439 Cell- 530-844-3250**

# ਯੂਬਾ ਸਿਟੀ ਦੀ ਸਿੱਖ ਸੰਗਤ ਨੂੰ ਪੰਥਕ ਸਲੇਟ ਲਈ ਵੋਟ ਦੇਣ ਦੀ ਅਪੀਲ




## ਗੁਰਦੁਆਰਾ ਸਿੱਖ ਟੈਂਪਲ, ਯੂਬਾ ਸਿਟੀ

## ਗੁਰਦੁਆਰਾ ਸਾਹਿਬ ਯੂਬਾ ਸਿਟੀ ਸਬੰਧੀ ਅਹਿਮ ਨੁਕਤੇ

1. ਤੇਜਿੰਦਰ ਦੁਸਾਂਝ ਦਾ ਕਹਿਣਾ ਹੈ ਕਿ ਗੁਰਦੁਆਰਾ ਸਾਹਿਬ ਉਪਰ ਪਿਛਲੇ 35 ਸਾਲ ਦੇ ਵੀ ਵਧ ਸਮੇਂ ਤੋਂ ਇਕੋ ਪਰਿਵਾਰ ਦਾ ਕਬਜ਼ਾ ਹੈ ਜਿਸ ਨੇ ਬੋਰਡ ਵਿਚ ਤੇ ਇਸ ਦੇ ਅਹੁੱਦੇਦਾਰਾਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਤੇ ਗੁਰਦੁਆਰਾ ਸਾਹਿਬ ਦੀਆਂ ਕਦੇ ਵੀ ਚੋਣਾਂ ਨਹੀਂ ਹੋਈਆਂ। ਇਸ ਕਥਨ ਵਿਚ ਕੋਈ ਸੱਚਾਈ ਨਹੀਂ ਹੈ। ਉਸ ਨੂੰ ਕੋਈ ਵੀ ਪੁੱਛ ਸਕਦਾ ਹੈ ਕਿ ਉਹ ਗੁਰਦੁਆਰਾ ਸਾਹਿਬ ਦਾ ਮੈਂਬਰ ਤੇ ਡਾਇਰੈਕਟਰ ਕਿਵੇਂ ਬਣ ਗਿਆ ?
2. ਜਦੋਂ 2008 ਵਿਚ ਮੌਜੂਦਾ ਬੋਰਡ ਮੈਂਬਰਾਂ ਦੀ ਚੋਣ ਸੀ ਤਾਂ ਉਨ੍ਹਾਂ ਨੇ ਹਰ ਸਾਲ ਚੋਣਾਂ ਕਰਵਾਉਣ ਦਾ ਵਾਅਦਾ ਕੀਤਾ ਸੀ ਪਰ ਚੁਣੇ ਜਾਣ ਉਪਰੰਤ ਉਨ੍ਹਾਂ ਨੇ ਬਾਈ ਲਾਅਜ਼ ਵਿਚ ਸੋਧ ਕਰ ਦਿੱਤੀ ਤੇ ਆਪਣਾ ਕਾਰਜਕਾਲ 4 ਸਾਲ ਲਈ ਵਧਾ ਲਿਆ। ਉਨ੍ਹਾਂ ਨੇ ਫਿਰ ਬਾਈ ਲਾਅਜ਼ ਵਿਚ ਸੋਧ ਕਰਕੇ ਆਪਣਾ ਕਾਰਜਕਾਲ 6 ਸਾਲ ਲਈ ਵਧਾ ਲਿਆ। ਉਹ ਇਥੇ ਵੀ ਨਹੀਂ ਰੁਕੇ ਤੇ ਉਨ੍ਹਾਂ ਨੇ ਬਾਈ ਲਾਅਜ਼ ਵਿਚ ਇਕ ਵਾਰ ਹੋਰ ਸੋਧ ਕਰਕੇ ਆਪਣਾ ਕਾਰਜਕਾਲ 8 ਸਾਲ ਲਈ ਵਧਾ ਲਿਆ। ਉਨ੍ਹਾਂ ਨੇ ਕਦੀ ਚੋਣ ਨਹੀਂ ਸੀ ਕਰਵਾਉਣੀ ਜੇਕਰ ਉਨ੍ਹਾਂ ਨੂੰ ਅਦਾਲਤ ਵਿਚ ਚੁਨੌਤੀ ਨਾ ਦਿੱਤੀ ਜਾਂਦੀ।

   ਇਹ ਬਹੁਤ ਅਹਿਮ ਹੈ ਕਿ ਸੰਗਤ ਸਹੀ ਬੋਰਡ ਮੈਂਬਰਾਂ ਦੇ ਹੱਕ ਵਿਚ ਵੋਟ ਦਿੰਦੀ ਹੈ, ਜੋ ਉਨ੍ਹਾਂ ਦੇ ਵਿਚਾਰਾਂ ਦੀ ਪ੍ਰਤੀਨਿੱਧਤਾ ਕਰਦੇ ਹਨ ਤੇ ਗੁਰੂਆਂ ਦੀ ਸਿੱਖਿਆਵਾਂ ਉਪਰ ਚੱਲਦੇ ਹਨ।
3. ਮੌਜੂਦਾ ਬੋਰਡ ਨੇ ਪ੍ਰਸਤਾਵ ਰਖਿਆ ਸੀ ਕਿ ਗੁਰਦੁਆਰਾ ਸਾਹਿਬ ਦੇ ਵਿੱਤੀ ਲੈਣ ਦੇਣ ਸਬੰਧੀ ਜਾਣਕਾਰੀ ਦੇਣ ਲਈ ਪਾਰਦਰਸ਼ੀ ਢੰਗ ਤਰੀਕਾ ਅਪਣਾਇਆ ਜਾਵੇਗਾ ਤੇ ਵਿੱਤੀ ਰਿਪੋਰਟਾਂ ਨੂੰ ਸਮੇਂ ਸਿਰ ਜਨਤਿਕ ਕੀਤਾ ਜਾਵੇਗਾ। ਹਕੀਕਤ ਇਹ ਹੈ ਕਿ ਕੁਝ ਵਿੱਤੀ ਰਿਪੋਰਟਾਂ ਨੂੰ ਕਈ ਸਾਲਾਂ ਤੱਕ ਜਾਰੀ ਨਹੀਂ ਕੀਤਾ ਗਿਆ । ਕੁਝ ਜਾਰੀ ਕੀਤੀਆਂ ਗਈਆਂ ਤਾਂ ਉਨ੍ਹਾਂ ਨੂੰ ਪੜ੍ਹਨਾ ਤੇ ਸਮਝਣਾ ਲਗਭੱਗ ਅਸੰਭਵ ਸੀ ਤੇ ਇਨ੍ਹਾਂ ਰਿਪੋਰਟਾਂ ਵਿਚੋਂ ਕੋਈ ਵੀ ਆਡਿਟ ਨਹੀਂ ਸੀ ਕਰਵਾਈ ਗਈ।
4. ਮੌਜੂਦਾ ਬੋਰਡ ਵਿਚ ਸਭ ਕੁਝ ਜਾਣਦਿਆਂ ਹੋਇਆਂ ਅਪਰਾਧਕ ਪਿਛੋਕੜ ਵਾਲੇ ਲੋਕਾਂ ਨੂੰ ਨਿਯੁਕਤ ਕੀਤਾ ਗਿਆ। ਇਨ੍ਹਾਂ ਮੈਂਬਰਾਂ ਵਿਚੋਂ ਇਕ ਮੰਗਾ ਸਿੰਘ ਸੰਘੇੜਾ ਨੇ ਗੁਰਦੁਆਰਾ ਸਾਹਿਬ ਵਿਚ ਬਲਬੀਰ ਸਿੰਘ ਬੈਂਸ ਉਪਰ ਹਮਲਾ ਕੀਤਾ ਸੀ ਤੇ ਉਸ ਨੂੰ 5 ਸਾਲ ਕੈਦ ਦੀ ਸਜਾ ਹੋਈ ਸੀ।
5. ਮੌਜੂਦਾ ਬੋਰਡ ਨੇ ਯੰਗ ਸਿੱਖ ਬੱਚਿਆਂ ਲਈ ਪ੍ਰੀ ਸਕੂਲ ਬੰਦ ਕਰ ਦਿੱਤਾ ਹੈ ਜਦ ਕਿ ਕੁਝ ਹੋਰ ਗੁਰੂਦੁਆਰਾ ਸਾਹਿਬ ਆਪਣੀਆਂ ਵਿਦਿਅਕ ਸੰਸਥਾਵਾਂ ਦਾ ਵਿਸਥਾਰ ਕਰ ਰਹੇ ਹਨ ਤੇ ਚਾਰਟਰ ਸਕੂਲ ਸ਼ੁਰੂ ਕਰ ਰਹੇ ਹਨ।
6. ਉਨ੍ਹਾਂ ਨੇ ਸਾਰੇ ਕੁਆਲੀਫਾਈਡ ਗਰੰਥੀਆਂ ਤੇ ਕੀਰਤਨੀ ਜਥਿਆਂ ਨੂੰ ਬਰਖਾਸਤ ਕਰ ਦਿੱਤਾ ਹੈ ਤੇ ਉਨ੍ਹਾਂ ਦੀ ਥਾਂ 'ਤੇ ਆਪਣੇ 'ਯੈੱਸ ਮੈਨ' ਭਰਤੀ ਕਰ ਲਏ ਹਨ।
7. ਮੌਜੂਦਾ ਬੋਰਡ ਮੈਂਬਰਾਂ ਦਾ ਕਹਿਣਾ ਹੈ ਕਿ ਉਹ ਗੁਰਦੁਆਰਾ ਸਾਹਿਬ ਤੇ ਭਾਈਚਾਰੇ ਲਈ ਬਹੁਤ ਵਧੀਆ ਕੰਮ ਕਰ ਰਹੇ ਹਨ। ਹਕੀਕਤ ਇਹ ਹੈ ਕਿ ਉਨ੍ਹਾਂ ਨੇ 22 ਬੋਰਡ ਮੈਂਬਰਾਂ ( ਜੋ ਉਨ੍ਹਾਂ ਨਾਲ ਸਹਿਮਤ ਨਹੀਂ ਸਨ) ਨੂੰ ਬਿਨਾਂ ਕਿਸੇ ਜਾਇਜ ਕਾਰਨ ਬਾਹਰ ਦਾ ਰਾਹ ਵਿਖਾਇਆ ਹੈ ਤੇ ਭਾਈਚਾਰੇ ਵਿਚ ਵੰਡੀਆਂ ਪਾਈਆਂ ਹਨ।
8. ਉਹ ਬਿਲਡਿੰਗਾਂ, ਪਾਰਕਾਂ ਤੇ ਹੋਰ ਇਮਾਰਤਾਂ ਦੀ ਮੁਰੰਮਤ ਦੀ ਗੱਲ ਕਰਦੇ ਹਨ ਪਰੰਤੂ ਉਨ੍ਹਾਂ ਨੇ ਭਾਈਚਾਰੇ ਨੂੰ ਇਕਜੁੱਟ ਕਰਨ ਲਈ ਕੁਝ ਨਹੀਂ ਕੀਤਾ। ਉਨ੍ਹਾਂ ਦੀ ਸੋਚ ਭਾਈਚਾਰੇ ਨੂੰ ਇਕ ਧਾਗੇ ਵਿਚ ਪਰੋਨ ਦੀ ਨਹੀਂ ਹੈ ਬਲਕਿ ਭਾਈਚਾਰੇ ਦੀਆਂ ਜੜ੍ਹਾਂ ਵੱਢਣ ਵਾਲੀ ਹੈ।
9. ਮੌਜੂਦਾ ਕਮੇਟੀ ਨੇ ਆਪਣੀਆਂ 21 ਪ੍ਰਾਪਤੀਆਂ ਗਿਣਾਈਆਂ ਹਨ ਜੋ 13 ਅਗਸਤ 2016 ਦੇ ਪੰਜਾਬ ਟਾਈਮਜ਼ ਵਿਚ ਛਪੀਆਂ ਹਨ। ਪੰਰਤੂ ਗੁਰੂ ਘਰ ਦੀ ਸੰਪਤੀ ਨੂੰ ਸੰਭਾਲਣ ਜਿਵੇਂ ਦਿਦਾਰ ਸਿੰਘ ਬੈਂਸ ਵੱਲੋਂ ਪਹਿਲੇ ਨਗਰ ਕੀਰਤਨ ਲਈ ਦਾਨ ਕੀਤੇ ਟਰੈਕਟਰ ਦਾ ਕੀ ਬਣਿਆ ਜਿਸ ਨੂੰ ਇਨ੍ਹਾਂ ਨੇ ਗੁਰਦੁਆਰਾ ਸਾਹਿਬ ਦੇ ਇਕ ਡਾਇਰੈਕਟਰ ਨੂੰ 8000.00 ਡਾਲਰ ਵਿਚ ਵੇਚ ਦਿੱਤਾ ਤੇ ਉਸ ਪਹਿਲੇ ਫਲੋਟ ਨੂੰ ਤਬਾਹ ਕਰ ਦਿੱਤਾ ਜੋ ਅਮਰੀਕਾ ਵਿਚ ਸਜਾਏ ਪਹਿਲੇ ਨਗਰ ਕੀਰਤਨ ਸਮੇਂ ਵਰਤਿਆ ਗਿਆ ਸੀ।
10. ਉਹ ਕਹਿੰਦੇ ਹਨ ਕਿ ਉਹ ਭਾਈਚਾਰੇ ਦੇ ਸੁਝਾਅ ਤੇ ਸਲਾਹ ਲੈਂਦੇ ਹਨ ਪਰ ਤੱਥ ਤੇ ਉਨ੍ਹਾਂ ਦਾ ਟਰੈਕ ਰਿਕਾਰਡ ਕੁਝ ਹੋਰ ਹੀ ਕਹਾਣੀ ਬਿਆਨ ਕਰਦੇ ਹਨ। ਉਨ੍ਹਾਂ ਵਿਚ ਹਊਮੇ ਏਨੀ ਜਿਆਦਾ ਹੈ ਕਿ ਉਹ ਸੰਗਤ ਦੇ ਸੁਝਾਵਾਂ ਤੇ ਉਸਾਰੂ ਅਲੋਚਨਾ ਨੂੰ ਕੁਝ ਨਹੀਂ ਸਮਝਦੇ। ਉਨ੍ਹਾਂ ਵਾਸਤੇ ਸੰਗਤ ਦੇ ਸੁਝਾਵਾਂ ਦੀ ਕੋਈ ਅਹਿਮੀਅਤ ਨਹੀਂ ਹੈ।

   ਪਿਛਲੀ ਕਮੇਟੀ ਨੇ ਉਨ੍ਹਾਂ ਲਈ 600,000.00 ਡਾਲਰ ਤੋਂ ਵਧ ਛੱਡੇ ਸਨ। ਹੁਣ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੇ ਖਰਚ ਚਲਾਉਣ ਤੇ ਆਪਣੇ ਵਕੀਲ ਦੀ ਫੀਸ ਦੇਣ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਉਹ ਸਮਝਦੇ ਹਨ ਕਿ ਉਨ੍ਹਾਂ ਦੀਆਂ ਸੇਵਾ ਬਹੁਮੁਲੀ ਹੈ ਤਾਂ ਉਹ ਆਪਣੇ ਵਕੀਲ ਦੀ ਫੀਸ ਆਪਣੀਆਂ ਜੇਬਾਂ ਵਿਚੋਂ ਕਿਉਂ ਨਹੀਂ ਦਿੰਦੇ ਤੇ ਸੰਗਤ ਵੱਲੋਂ ਦਿੱਤੇ ਦਾਨ ਨੂੰ ਕਿਉਂ ਵਿਅਰਥ 'ਚ ਰੋੜ੍ਹ ਰਹੇ ਹਨ।

**ਉਕਤ ਨੁਕਤਿਆਂ ਤੋਂ ਬਾਅਦ ਯੂਬਾ ਸਿਟੀ ਦੀ ਸਿੱਖ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਆਪਣਾ ਕੀਮਤੀ ਵੋਟ ਪੰਥਕ ਸਲੇਟ ਨੂੰ ਹੀ ਦੇ ਕੇ ਮੁੜ ਗੁਰੂ ਘਰ ਦੀ ਸੇਵਾ ਦਾ ਮੌਕਾ ਦਿਓ ਜੀ।**

ADVT **ਜਾਰੀ ਕਰਤਾ: ਪੰਥਕ ਸਲੇਟ ਦੇ ਸਮੂਹ ਮੈਂਬਰਾਨ** ADVT